# ਵਿਗਿਆਨ ਜੋਤ

***ਸਾਲ 9, ਅੰਕ 1***

**ਜਨਵਰੀ-ਫਰਵਰੀ, 2014**

**PUNPUN/2006/17457**



ਮੁੱਖ ਸੰਪਾਦਕ : **ਮੇਘ ਰਾਜ ਮਿੱਤਰ**

ਸੰਪਾਦਕ :**ਅਜਮੇਰ ਸਿੱਧੂ**

**ਰਣਜੀਤ ਝਨੇਰ**

ਮੁੱਖ ਪ੍ਰਬੰਧਕ : **ਅਮਿੱਤ ਮਿੱਤਰ**

**ਸੰਪਾਦਕੀ ਬੋਰਡ:**

* ਸਰਜੀਤ ਤਲਵਾਰ
* ਰਾਜਾ ਰਾਮ ਹੰਢਿਆਇਆ
* ਬਲਜਿੰਦਰ ਕੋਟਭਾਰਾ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)

**ਸਲਾਹਕਾਰੀ ਬੋਰਡ:**

* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ



**ਦਰ ਚੰਦਾ**

| | |
|---|---|
| ਸਲਾਨਾ ਚੰਦਾ | 80/- |
| ਦੋ ਸਾਲਾਂ ਦਾ ਚੰਦਾ | 150/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਲਾਈਫ਼ ਮੈਂਬਰਸ਼ਿਪ | 1000/- |
| ਵਿਦੇਸ਼ਾਂ 'ਚ ਲਾਈਫ਼ ਮੈਂਬਰਸ਼ਿਪ | 5000/- |



**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-**

**ਅਮਿੱਤ ਮਿੱਤਰ**

ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ - 148101
(ਪੰਜਾਬ) ਫੋਨ : 01679-241744
Email : tarksheel@gmail.com



***ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ***

*ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


# ਸੰਪਾਦਕੀ ਝਾੜੂ ਵੱਲੋਂ ਝਾੜੂ ਫੇਰ ਦੇਣਾ ਇੱਕ ਸ਼ੁੱਭ ਸੰਕੇਤ

ਦਿੱਲੀ ਦੀ ਸਿਆਸਤ ਵਿੱਚ ਝਾੜੂ ਵੱਲੋਂ ਝਾੜੂ ਫੇਰ ਦੇਣਾ ਇੱਕ ਸ਼ੁਭ ਸੰਕੇਤ ਹੈ। ਕੁਝ ਮਹੀਨੇ ਪਹਿਲਾਂ ਪੈਦਾ ਹੋਈ ਇਸ ਪਾਰਟੀ ਨੇ ਕੁਝ ਗੱਲਾਂ ਬਹੁਤ ਵਧੀਆ ਢੰਗ ਨਾਲ ਕੀਤੀਆਂ ਹਨ ਜਿਨ੍ਹਾਂ ਨੂੰ ਜੀ ਆਇਆਂ ਕਹਿਣਾ ਚਾਹੀਦਾ ਹੈ। ਆਓ ਕੁਝ ਝਾਤ ਮਾਰੀਏ ਕਿ ਉਨ੍ਹਾਂ ਨੇ ਕਿਹੜੀਆਂ ਗੱਲਾਂ ਅਜਿਹੀਆਂ ਕੀਤੀਆਂ ਹਨ।

ਸਭ ਤੋਂ ਪਹਿਲੀ ਗੱਲ ਉਨ੍ਹਾਂ ਨੇ ਲੋਕਾਂ ਨੂੰ ਇਹ ਗੱਲ ਦਿਨ ਦੇ ਚਾਨਣ ਵਾਂਗ ਸਾਫ਼ ਕਰ ਦਿੱਤੀ ਹੈ ਕਿ ਭਾਜਪਾ ਤੇ ਕਾਂਗਰਸ ਦੋਵੇਂ ਇੱਕ ਹੀ ਥੈਲੀ ਦੇ ਚੱਟੇ ਬੱਟੇ ਹਨ ਤੇ 'ਉਤਰ ਕਾਟੋ ਮੈਂ ਚੜ੍ਹਾ' ਦੀ ਸਿਆਸਤ ਖੇਡ ਰਹੇ ਹਨ। ਇਹ ਦੋਵੇਂ ਪਾਰਟੀਆਂ 66 ਵਰ੍ਹਿਆਂ ਤੋਂ ਅਜਿਹਾ ਕੁਝ ਹੀ ਕਰ ਰਹੀਆਂ ਹਨ। ਦੋਵੇਂ ਪਾਰਟੀਆਂ ਹੀ ਫਿਰਕੂ ਪਾਰਟੀਆਂ ਹਨ। ਦੋਨਾਂ ਨੇ ਹੀ ਭਰਾਮਾਰ ਦੰਗੇ ਭਾਰਤ ਵਿੱਚ ਫੈਲਾਏ ਹਨ। ਜਿੱਥੇ ਕਿਤੇ ਵੀ ਇਨ੍ਹਾਂ ਦੀ ਸਿਆਸੀ ਜ਼ਰੂਰਤ ਹੁੰਦੀ ਹੈ, ਉਥੇ ਹੀ ਦੰਗੇ ਕਰਵਾ ਦਿੰਦੇ ਹਨ। 1984 ਵਿੱਚ ਇੰਦਰਾ ਗਾਂਧੀ ਦੀ ਮੌਤ 'ਤੇ ਇੱਕ ਫਿਰਕੇ ਨੂੰ ਕੁਚਲਣ ਲਈ ਤੇ ਦੂਜੇ ਦੀ ਹਮਾਇਤ ਲਈ ਦਿੱਲੀ ਵਿੱਚ ਖ਼ੂਨੀ ਹੋਲੀ ਖੇਡੀ। ਦੂਜੀ ਪਾਰਟੀ ਨੇ ਹਿੰਦੂਆਂ ਦੀ ਹਮਾਇਤ ਪ੍ਰਾਪਤ ਕਰਨ ਲਈ ਤੇ ਮੁਸਲਿਮ ਧਰਮ ਨੂੰ ਕੁਚਲਣ ਲਈ ਗੁਜਰਾਤ ਦੀਆਂ ਸੜਕਾਂ ਲਹੂ ਲੁਹਾਣ ਕੀਤੀਆਂ। ਮੁਜਫਰਾਬਾਦ ਵਿੱਚ ਕਰਵਾਏ ਦੰਗੇ ਵੀ ਭਾਜਪਾ ਵਲੋਂ ਹਿੰਦੂ ਜਜ਼ਬਾਤਾਂ ਨੂੰ ਵੋਟਾਂ ਵਿੱਚ ਬਦਲਵਾਉਣ ਦਾ ਹੀ ਇੱਕ ਸਾਧਨ ਸਨ। ਇਹ ਗੱਲ ਪੰਜਾਬ ਵਿੱਚ ਵਾਪਰੀ ਹੈ, ਜੇ ਇੱਕ ਸਾਧ ਕਾਂਗਰਸ ਦੇ ਹੱਕ ਵਿੱਚ ਭੁਗਤ ਗਿਆ ਮੁੜ ਉਹ ਅਜਿਹਾ ਨਾ ਕਰ ਸਕੇ ਤਾਂ ਅਕਾਲੀਆਂ ਨੇ ਉਸਨੂੰ ਦਿਨੇ ਤਾਰੇ ਵਿਖਾਉਣ ਦੀ ਠਾਣ ਲਈ, ਮਾਰੇ ਤੇ ਕੁੱਟੇ ਵਿਚਾਰੇ ਗਰੀਬ ਸ਼ਰਧਾਲੂ ਗਏ। ਦੋਵੇਂ ਹੀ ਪਾਰਟੀਆਂ ਦੇ ਉੱਘੇ ਆਗੂ ਕਿਵੇਂ ਰਿਸ਼ਵਤਖੋਰ ਤੇ ਬੇਈਮਾਨ ਹਨ ਇਹ ਗੱਲ ਵੀ ਸਾਫ਼ ਕਰ ਦਿੱਤੀ। ਦੋਵੇਂ ਹੀ ਪਾਰਟੀਆਂ ਨੇ ਭਾਰਤੀ ਖਜਾਨਿਆਂ ਨੂੰ ਕਿਵੇਂ ਸਰਮਾਏਦਾਰਾਂ ਨੂੰ ਲੁਟਾਇਆ ਹੈ ਇਸ ਤੋਂ ਵੀ ਮਖੌਟਾ ਲਾਹ ਦਿੱਤਾ। ਆਮ ਆਦਮੀ ਪਾਰਟੀ ਨੇ ਨਾ ਤਾਂ ਆਪਣੀਆਂ ਚੋਣਾਂ ਦੀਆਂ ਸਿਆਸਤ ਧਾਰਮਿਕ ਸਥਾਨਾਂ ਤੋਂ ਸ਼ੁਰੂ ਕੀਤੀ ਅਤੇ ਨਾ ਹੀ ਲੋਕਾਂ ਨੂੰ ਜਾਤਾਂ ਪਾਤਾਂ ਦੇ ਅਧਾਰ 'ਤੇ ਵੰਡਿਆ ਅਤੇ ਚੋਣਾਂ ਵਿੱਚ ਖੜ੍ਹੇ ਕੀਤਾ।

ਇਸ ਤੋਂ ਵੀ ਵੱਧ ਖ਼ੁਸ਼ੀ ਦੀ ਗੱਲ ਹੈ ਕਿ ਇਸ ਪਾਰਟੀ ਨੇ ਕਈ ਥਾਂਵਾਂ ਤੇ ਕਾਨੂੰਨ ਨੂੰ ਵੀ ਆਪਣੇ ਹੱਥ ਵਿੱਚ ਲਿਆ। ਕੱਟੇ ਬਿਜਲੀ ਮੀਟਰਾਂ ਨੂੰ ਜੋੜਿਆ ਕਿਉਂਕਿ ਕਾਨੂੰਨ ਉਹ ਹੱਦ ਹੈ ਜੋ ਭਾਰਤੀ ਰਾਜ ਨੂੰ ਸਰਮਾਏਦਾਰਾਂ ਦੇ ਹੱਥ ਵਿੱਚ ਬੰਨ ਕੇ ਰੱਖਦਾ ਹੈ।

ਆਮ ਆਦਮੀ ਪਾਰਟੀ ਨੇ ਇਹ ਗੱਲ ਵੀ ਸਿੱਧ ਕਰ ਦਿੱਤੀ ਕਿ ਲੋਕ ਕਾਫਲੇ ਜਮਹੂਰੀ ਢੰਗ ਨਾਲ ਵੀ ਬਗੈਰ ਹਥਿਆਰਾਂ ਤੋਂ, ਬਗੈਰ ਪੈਸੇ ਤੋਂ, ਬਗੈਰ ਪ੍ਰਚਾਰ ਸਾਧਨਾਂ ਤੋਂ ਸਿਆਸਤ ਬਦਲ ਸਕਦੇ ਹਨ।

ਸੱਤ੍ਹਾ ਵਿੱਚ ਆ ਜਾਣਾ ਹੀ ਕਾਫ਼ੀ ਨਹੀਂ ਸਗੋਂ ਸੱਤ੍ਹਾ ਨੂੰ ਲੋਕਾਂ ਦੇ ਪੱਖ ਵਿੱਚ ਭੁਗਤਾਉਣਾ ਵੱਧ ਜ਼ਰੂਰੀ ਹੁੰਦਾ ਹੈ, ਆਮ ਆਦਮੀ ਪਾਰਟੀ ਸੱਤ੍ਹਾ ਨੂੰ ਲੋਕ ਪੱਖ ਵਿੱਚ ਕਿਵੇਂ ਭਗਤਾਉਂਦੀ ਹੈ, ਇਹ ਗੱਲ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਫਿਲਹਾਲ ਉਨ੍ਹਾਂ ਦੇ ਇਹ ਯਤਨ ਪੰਜਾਬ ਵਿੱਚ ਪਰਖੇ ਜਾਣੇ ਚਾਹੀਦੇ ਹਨ।

– ਮੇਘ ਰਾਜ ਮਿੱਤਰ



# ਮਹਾਨ ਵਿਗਿਆਨੀ-ਅਲਬਰਟ ਆਈਂਸਟਾਈਨ

## ਲੇਖਕ - ਸ਼ੁਕਦੇਵ ਪ੍ਰਸਾਦ

ਨਿਊਯਾਰਕ ਦੇ ਦਰਿਆ ਕਿਨਾਰੇ ਗਿਰਜਾਘਰ ਦੀਆਂ ਕੰਧਾਂ ਤੇ 600 ਮਹਾਨ ਹਸਤੀਆਂ ਦੀਆਂ ਤਸਵੀਰਾਂ ਖੁਣੀਆਂ ਹੋਈਆਂ ਹਨ। ਇਹ ਹਸਤੀਆਂ ਵਿਭਿੰਨ ਯੁੱਗਾਂ ਵਿੱਚ ਆਪਣੇ ਆਪ 'ਚ ਮਹਾਨ ਸਨ। ਇਹ ਤਸਵੀਰਾਂ ਦਾਰਸ਼ਨਿਕਾਂ ਅਤੇ ਰਾਜਿਆਂ ਦੀਆਂ ਸਨ। ਮੂਰਤੀਆਂ 'ਚ ਆਪਣੇ ਯੁੱਗ ਦੇ ਕਈ ਵਿਲੱਖਣ, ਪ੍ਰਤਿਭਾਸ਼ਾਲੀ, ਵਿਗਿਆਨੀਆਂ ਨੂੰ ਵੀ ਥਾਂ ਮਿਲੀ ਹੈ। ਉਹਨਾਂ 14 ਵਿਗਿਆਨੀਆਂ 'ਚ ਹਿਪੋਕਰੇਟਿਸ (ਈਸਾ ਪੂਰਵ 370 'ਚ ਮੌਤ) ਤੋਂ ਲੈ ਕੇ ਬੀਹਵੀਂ ਸਦੀ ਦੇ ਵਿਗਿਆਨੀ ਐਲਬਰਟ ਆਈਂਸਟਾਈਨ (1955 'ਚ ਮੌਤ) ਤੱਕ ਦੀਆਂ ਤਸਵੀਰ ਖੁਣੀਆਂ ਹੋਈਆਂ ਹਨ।

ਜ਼ਿਕਰਯੋਗ ਗੱਲ ਇਹ ਹੈ ਕਿ ਮਰੇ ਹੋਏ ਲੋਕਾਂ ਦੀਆਂ ਮੂਰਤੀਆਂ ਦੀ ਸੂਚੀ 'ਚ ਕੇਵਲ ਆਈਂਸਟਾਈਨ ਦੀ ਮੂਰਤੀ ਹੀ ਅਜਿਹੀ ਹੈ ਜਿਹੜੀ ਉਸਦੇ ਜੀਵਨ ਕਾਲ 'ਚ ਹੀ ਸਥਾਪਿਤ ਕਰ ਦਿੱਤੀ ਗਈ ਸੀ। ਉਸ ਸਮੇਂ ਗਿਰਜਾਘਰ 'ਚ ਮੂਰਤੀਆਂ ਦੀ ਸਥਾਪਨਾ ਲਈ ਡਾ. ਹੈਰੀ ਐਮਰਸਨ ਫਾਸਿਡਕ ਨੇ ਦੇਸ਼ ਦੇ ਪ੍ਰਮੁੱਖ ਵਿਗਿਆਨੀਆਂ ਤੋਂ ਵਿਗਿਆਨ ਦੇ ਖੇਤਰ 'ਚ 14 ਅਹਿਮ ਹਸਤੀਆਂ ਦੀ ਸੂਚੀ ਮੰਗੀ ਸੀ ਤਾਂ ਆਰਕੀਮੀਡੀਸ, ਯੂਕਲਿਡ, ਗੈਲੀਲੀਓ, ਨਿਊਟਨ ਦੇ ਨਾਮ ਜਿਆਦਾਤਰ ਸੂਚੀਆਂ 'ਚ ਸਨ ਪਰ ਆਈਂਸਟਾਈਨ ਦਾ ਨਾਮ ਹਰ ਸੂਚੀ 'ਚ ਸੀ।

ਆਈਂਸਟਾਈਨ ਦਾ ਨਾਮ ਲੈਂਦੇ ਹੀ ਇੱਕ ਤਸਵੀਰ ਉੱਭਰ ਕੇ ਸਾਹਮਣੇ ਆ ਜਾਂਦੀ ਹੈ-ਬਿਨਾਂ ਕੰਘੀ ਕੀਤੇ ਹੋਏ ਬਿਖਰੇ ਵਾਲ, ਬਿਨਾਂ ਬੂਟਾਂ ਦੇ ਪੈਰ, ਰੁਝੇਵੇਂ ਭਰਪੂਰ ਚਿਹਰਾ, ਅਜਿਹਾ ਵਿਅਕਤੀ ਜਿਸਦੀ ਦਿੱਖ ਤਾਂ ਸਾਧਾਰਨ ਹੈ ਪਰ ਪ੍ਰਾਪਤੀਆਂ ਅਸਾਧਾਰਨ ਹਨ।

**ਸਾਧਾਰਨ ਸਕੂਲੀ ਜੀਵਨ :** 14 ਮਾਰਚ 1879 ਨੂੰ ਜਰਮਨੀ ਦੇ ਉਲਮ ਸ਼ਹਿਰ 'ਚ ਇੱਕ ਯਹੂਦੀ ਪਰਿਵਾਰ ਵਿੱਚ ਆਈਂਸਟਾਈਨ ਦਾ ਜਨਮ ਹੋਇਆ ਸੀ। ਸਾਲ ਬਾਅਦ ਹੀ ਪਰਿਵਾਰ ਮਯੂਨਿਖ ਵਿੱਚ ਜਾ ਵਸਿਆ। ਐਲਬਰਟ ਦੇ ਪਿਤਾ ਦੀ ਇੱਕ ਛੋਟੀ ਜਿਹੀ ਬਿਜਲੀ ਦੀ ਫੈਕਟਰੀ ਸੀ। ਪਰਿਵਾਰ ਦੇ ਨਾਲ ਐਲਬਰਟ ਦਾ ਚਾਚਾ ਵੀ ਰਹਿਣ ਲੱਗ ਪਿਆ। ਮਾਂ ਸੰਗੀਤ ਵਿੱਚ ਬਹੁਤ ਨਿਪੁੰਨ ਸੀ। ਅਲਬਰਟ ਨੇ ਸੰਗੀਤ 'ਚ ਰੁਚੀ ਲੈਣੀ ਸ਼ੁਰੂ ਕਰ ਦਿੱਤੀ। ਫਿਰ ਅੱਗੇ ਸੰਗੀਤ ਦੇ ਪ੍ਰਤੀ ਹੋਰ ਵੀ ਦ੍ਰਿੜ ਹੁੰਦਾ ਗਿਆ। ਆਈਂਸਟਾਈਨ ਵਾਈਲਨ ਬੜੇ ਸ਼ੌਕ ਨਾਲ ਵਜਾਇਆ ਕਰਦਾ ਸੀ। ਬੋਲਣਾ ਉਸਨੇ ਬਹੁਤ ਦੇਰ ਬਾਅਦ ਸਿੱਖਿਆ। ਮਾਂ ਬਾਪ ਤਾਂ ਉਸਨੂੰ ਬੁੱਧੂ ਸਮਝੀ ਬੈਠੇ ਸਨ। ਆਮ ਬੱਚਿਆਂ ਨਾਲੋਂ ਉਹ ਅਲੱਗ-ਅਲੱਗ ਰਹਿੰਦਾ। ਬਚਪਨ ਵਿੱਚ ਅਲਬਰਟ ਸੁਪਨਿਆਂ 'ਚ ਖੋਇਆ ਰਹਿੰਦਾ। ਉਹਨਾਂ ਦਿਨਾਂ 'ਚ ਮਯੂਨਿਖ ਦੀਆਂ ਗਲੀਆਂ 'ਚ ਆਏ ਦਿਨ ਫੌਜੀ ਪਰੇਡ ਕਰਨ ਲਈ ਨਿਕਲਦੇ। ਪਰੇਡ ਦਾ ਦ੍ਰਿਸ਼ ਬੱਚੇ ਬੜੇ ਚਾਅ ਨਾਲ ਵੇਖਦੇ। ਪਰ ਅਲਬਰਟ ਨੂੰ ਇਸ ਵਿੱਚ ਕੋਈ ਦਿਲਚਸਪੀ ਪੈਦਾ ਨਹੀਂ ਹੋਈ। ਸਗੋਂ ਉਹ ਹੈਰਾਨ ਹੁੰਦਾ ਕਿ ਮਨੁੱਖ ਕਿਵੇਂ ਬੇਜ਼ਾਨ ਮਸ਼ੀਨਾਂ ਦੀ ਤਰ੍ਹਾਂ ਆਪਣੀ ਸੋਚਣ ਸਮਝਣ ਦੀ ਸ਼ਕਤੀ ਨੂੰ ਖੋ ਕੇ ਆਕੜ-ਆਕੜ ਕੇ ਚਲਦਾ ਰਿਹਾ ਹੈ। ਉਸਨੂੰ ਸਿਪਾਹੀਆਂ ਤੋਂ ਨਫਰਤ ਜਿਹੀ ਸੀ।



ਮਯੂਨਿਖ 'ਚ ਕੋਈ ਸਰਕਾਰੀ ਸਕੂਲ ਨਹੀਂ ਸੀ। ਜਿਹੜੇ ਪਹਿਲਾਂ ਸਕੂਲ ਹੁੰਦੇ ਸਨ, ਉਹ ਧਾਰਮਿਕ ਸੰਸਥਾਵਾਂ ਵੱਲੋਂ ਚਲਾਏ ਜਾਂਦੇ ਸਨ। ਅਲਬਰਟ ਦਾ ਪਰਿਵਾਰ ਯਹੂਦੀ ਸੀ। ਇਸ ਦੇ ਬਾਵਜੂਦ ਵੀ ਉਸ ਵਿੱਚ ਧਰਮ ਪ੍ਰਤੀ ਰੁਚੀ ਪੈਦਾ ਨਾ ਹੋ ਸਕੀ। ਸ਼ੁਰੂ ਵਿੱਚ ਉਸਨੂੰ ਕੈਥੋਲਿਕ ਸਕੂਲ ਵਿੱਚ ਦਾਖਿਲ ਕਰਵਾ ਦਿੱਤਾ ਗਿਆ। ਦਸ ਸਾਲ ਦੀ ਉਮਰ ਵਿੱਚ ਉਸਨੂੰ ਯਹੂਦੀ ਮਿਡਲ ਸਕੂਲ ਭੇਜ ਦਿੱਤਾ ਗਿਆ ਤਾਂ ਕਿ ਉਹ ਯਹੂਦੀ ਧਰਮ ਨੂੰ ਜਾਣ ਸਕੇ। ਇਸ ਨਾਲ ਉਸ ਵਿੱਚ ਧਰਮ ਦੀ ਰੁਚੀ ਨਾ ਪੈਦਾ ਹੋਈ ਸਗੋਂ ਉਸ ਨੇ ਇਹ ਜਰੂਰ ਮਹਿਸੂਸ ਕੀਤਾ ਕਿ ਧਰਮ ਅਤੇ ਸੰਪ੍ਰਦਾਇ ਅੰਨ੍ਹੀ ਸ਼ਰਧਾ ਤੋਂ ਬਿਨਾਂ ਕੁਝ ਨਹੀਂ। ਇਸ ਸਕੂਲ ਤੋਂ ਬਾਅਦ ਉਸਨੇ ਧਰਮ ਸੰਪ੍ਰਦਾਇ ਦੀ ਮੈਂਬਰਸ਼ਿਪ ਛੱਡ ਦਿੱਤੀ। ਅੱਗੇ ਬਹੁਤ ਮਜ਼ਬੂਰੀ ਵਿੱਚ ਉਹ ਆਪਣੀ ਬਿਰਾਦਰੀ ਯਹੂਦੀਆਂ ਵਿੱਚ ਆ ਮਿਲੇ। ਜਦੋਂ ਹਿਟਲਰ ਦੇ ਅਧੀਨ ਨਾਜ਼ੀਆਂ ਨੇ ਜਰਮਨੀ ਵਿੱਚ ਯਹੂਦੀਆਂ ਨੂੰ ਬਿਲਕੁਲ ਖਤਮ ਕਰਨ ਦੀ ਕਸਮ ਖਾ ਲਈ ਸੀ।

ਉਸਦੇ ਇੰਜਨੀਅਰ ਚਾਚਾ ਜੈਕ ਨੇ ਅਲਬਰਟ 'ਚ ਦਿਲਚਸਪੀ ਲਈ ਅਤੇ ਉਸ ਵਿੱਚ ਗਣਿਤ ਪ੍ਰਤੀ ਰੁਚੀ ਪੈਦਾ ਕੀਤੀ। ਉਸਨੂੰ ਰੇਖਾ ਗਣਿਤ ਵਧੀਆ ਲੱਗਦਾ ਸੀ। ਉਸਨੇ ਖੁਦ ਸਵੀਕਾਰ ਕੀਤਾ ਕਿ ਉਸਦੇ ਜੀਵਨ ਦੀਆਂ ਦੋ ਘਟਨਾਵਾਂ ਉਸ ਲਈ ਵਰਦਾਨ ਸਿੱਧ ਹੋਈਆਂ। ਇੱਕ ਤਾਂ ਪੰਜ ਸਾਲ ਦੀ ਉਮਰ ਵਿੱਚ ਕਿਸੇ ਨੇ ਚੁੰਬਕੀ ਕੰਪਾਸ ਲਿਆ ਕੇ ਦਿੱਤਾ ਸੀ ਤੇ ਦੂਜੇ ਬਾਰਾਂ ਸਾਲਾਂ ਦੀ ਉਮਰ ਵਿੱਚ ਯੂਕਲਿਡ ਦੀ ਰੇਖਾ ਗਣਿਤ ਨਾਲ ਜਾਣ ਪਹਿਚਾਣ। ਬੱਚਾ ਆਈਂਸਟਾਈਨ ਯੂਕਲਿਡ ਦੀ ਕਿਤਾਬ ਨੂੰ ਲੈ ਕੇ ਬਹੁਤ ਖੁਸ਼ ਹੋਇਆ।

ਜਦੋਂ ਆਈਂਸਟਾਈਨ 15 ਸਾਲਾਂ ਦਾ ਹੋਇਆ ਤਾਂ ਪਿਤਾ ਨੇ ਬਿਜਲੀ ਦਾ ਕਾਰੋਬਾਰ ਬੰਦ ਕਰ ਦਿੱਤਾ ਅਤੇ ਮੀਲਾਨ (ਇਟਲੀ) ਆ ਗਏ। ਉਦੋਂ ਵੀ ਆਈਂਸਟਾਈਨ ਨੂੰ ਕੁਝ ਦਿਨਾਂ ਤੱਕ ਯਹੂਦੀ ਸੰਸਥਾ 'ਚ ਹੀ ਰਹਿਣਾ ਪਿਆ। ਕਿਉਂਕਿ ਉਸ ਨੇ ਡਿਪਲੋਮਾਂ ਤਾਂ ਪ੍ਰਾਪਤ ਕਰਨਾ ਹੀ ਸੀ। ਪਰ ਸੰਸਥਾ ਦੀ ਸਿੱਖਿਆ ਪ੍ਰਣਾਲੀ (ਰੱਟੇ ਵਾਲੀ ਪੜ੍ਹਾਈ ਤੇ ਧਾਰਮਿਕ ਸਿੱਖਿਆ) ਦੇ ਅਨੁਕੂਲ ਉਹ ਆਪਣੇ ਆਪ ਨੂੰ ਢਾਲ ਨਾ ਸਕਿਆ। ਫਲਸਰੂਪ ਉਸ ਨੂੰ ਉੱਥੋਂ ਕੱਢ ਦਿੱਤਾ ਗਿਆ ਅਤੇ ਉਹ ਇਟਲੀ ਆ ਕੇ ਆਪਣੇ ਪਰਿਵਾਰ ਦੇ ਨਾਲ ਰਹਿਣ ਲੱਗਾ। ਇੱਥੇ ਉਸਨੇ ਜਊਰਿਖ (ਸਵਿੱਟਜ਼ਰਲੈਂਡ) ਦੇ ਇੱਕ ਪੋਲੀਟੈਕਨਿਕ ਸਕੂਲ 'ਚ ਦਾਖਲਾ ਲੈਣ ਲਈ ਪ੍ਰਵੇਸ਼ ਪ੍ਰੀਖਿਆ ਦਿੱਤੀ ਪਰ ਉਹ ਪਾਸ ਨਾ ਹੋ ਸਕਿਆ। ਗਣਿਤ 'ਚ ਉਸਦਾ ਕੋਈ ਜਵਾਬ ਨਹੀਂ ਸੀ। ਪਰ ਬਾਕੀ ਵਿਸ਼ਿਆਂ 'ਚ ਉਹ ਨਿੱਲ ਸੀ। ਸਕੂਲ ਦਾ ਡਾਇਰੈਕਟਰ ਉਸਦੀ ਗਣਿਤ ਦੀ ਕਾਬਲੀਅਤ ਤੇ ਫ਼ਿਦਾ ਸੀ ਤੇ

ਉਸਨੇ ਕੁਝ ਇਹੋ ਜਿਹਾ ਇੰਤਜ਼ਾਮ ਕੀਤਾ ਕਿ ਉਸਨੂੰ ਦਾਖਲਾ ਮਿਲ ਗਿਆ। ਪਿਤਾ ਦਾ ਕੰਮ ਇੱਥੇ ਠੀਕ ਨਹੀਂ ਚੱਲ ਰਿਹਾ ਸੀ, ਇਸ ਕਰਕੇ ਖਰਚਾ ਚਲਾਉਣਾ ਮੁਸ਼ਕਿਲ ਸੀ। ਹੁਣ ਆਈਂਸਟਾਈਨ ਨੌਕਰੀ ਦੀ ਤਲਾਸ਼ ਕਰਨ ਲੱਗਾ। ਜਊਰਿਖ 'ਚ ਰਹਿੰਦੇ ਹੋਏ ਆਈਂਸਟਾਈਨ ਨੇ ਭੌਤਿਕੀ ਦਾ ਅਧਿਆਪਕ ਬਨਣ ਦਾ ਪ੍ਰਣ ਕਰ ਲਿਆ ਸੀ। ਪਰ ਆਪਣੇ ਆਪ ਵਿੱਚ ਵਿਲੱਖਣ ਪ੍ਰਤਿਭਾਸ਼ਾਲੀ ਵਿਦਿਆਰਥੀ ਹੁੰਦੇ ਹੋਏ ਤੇ ਉਸਦੇ ਵਿਵੇਕ ਬਾਰੇ ਅਧਿਆਪਕਾਂ ਵੱਲੋਂ ਦਿੱਤੀ ਗਈ ਲਿਖਤੀ ਟਿੱਪਣੀ ਦੇ ਬਾਵਜੂਦ ਵੀ ਉਸਨੂੰ ਅਧਿਆਪਕ ਦੀ ਨੌਕਰੀ ਨਾ ਮਿਲ ਸਕੀ ਤੇ ਫਿਰ ਉਸਨੇ ਬਰਨ ਦੇ ਸਵਿੱਸ ਪੇਟੈਂਟ ਦਫ਼ਤਰ 'ਚ ਕਲਰਕ ਦੀ ਨੌਕਰੀ ਕਰ ਲਈ।

**ਪ੍ਰਸਿੱਧੀ ਵੱਲ** : ਤੇ ਫਿਰ ਬਰਨ ਦੇ ਸਵਿੱਸ ਪੇਟੈਂਟ ਦਫ਼ਤਰ ਤੋਂ ਸ਼ੁਰੂ ਹੁੰਦੀ ਹੈ ਆਈਂਸਟਾਈਨ ਦੀ ਪ੍ਰਸਿੱਧੀ ਦੀ ਕਹਾਣੀ। ਉਹ ਇਸ ਦਫ਼ਤਰ 'ਚ ਸਾਧਾਰਨ ਪੋਸਟ ਤੇ ਹੀ ਸੀ। ਪਰ ਉਸਦਾ ਇਹੀ ਦ੍ਰਿਸ਼ਟੀਕੋਣ ਰਿਹਾ ਕਿ ਵਿਗਿਆਨੀਆਂ ਨੂੰ ਰੋਜ਼ੀ ਰੋਟੀ ਦੇ ਲਈ ਸਦਾ ਛੋਟੇ ਮੋਟੇ ਕੰਮ ਹੀ ਕਰਨੇ ਚਾਹੀਦੇ ਹਨ ਤਾਂ ਕਿ ਸਿਧਾਂਤਕ ਵਿਚਾਰਾਂ ਲਈ ਉਹਨਾਂ ਦਾ ਦਿਮਾਗ ਸਦਾ ਅਜ਼ਾਦ ਰਹਿ ਸਕੇ। ਉਹ ਇਸ ਦਫ਼ਤਰ ਵਿੱਚ ਪੂਰੇ ਚਾਰ ਸਾਲਾਂ ਤੱਕ ਕੰਮ ਕਰਦੇ ਰਹੇ। ਇਸ ਦਰਮਿਆਨ ਉਹਨਾਂ ਨੇ ਵਿਆਹ ਵੀ ਕਰਵਾ ਲਿਆ ਤੇ ਉਹ ਦੋ ਬੱਚਿਆਂ ਦੇ ਪਿਤਾ ਬਣ ਗਏ। ਇੱਥੇ ਹੀ 1905 ਵਿੱਚ 26 ਵਰ੍ਹਿਆਂ ਦੀ ਉਮਰ ਵਿੱਚ ਉਸਦੇ ਦਿਮਾਗ ਅੰਦਰ ਕੁਝ ਅਨੋਖੇ ਵਿਚਾਰਾਂ ਨੇ ਜਨਮ ਲਿਆ। ਜਿੰਨ੍ਹਾਂ ਨੂੰ ਉਹਨਾਂ ਨੇ ਗਣਿਤ ਦੇ ਸੂਤਰਾਂ 'ਚ ਪੇਸ਼ ਕੀਤਾ। 1905 ਵਿੱਚ ਉਹਨਾਂ ਨੇ ਪ੍ਰਸਿੱਧ ਮੈਗਜ਼ੀਨ Annalen der physik ਵਿੱਚ ਤਿੰਨ ਖ਼ੋਜ ਨਿਬੰਧ ਲਿਖੇ ਤੇ ਇਨ੍ਹਾਂ ਦੇ ਸਿਰ ਤੇ ਹੀ ਵਿਗਿਆਨੀਆਂ ਦੀ ਗਿਣਤੀ ਵਿੱਚ ਆਉਣ ਲੱਗ ਪਏ। ਸਾਲ 1879 ਤੋਂ ਲੈ ਕੇ 1904 ਤੱਕ ਦੇ 25 ਸਾਲ ਉਸ ਦੇ ਜੀਵਨ ਸੰਘਰਸ਼ ਦੇ ਸਾਲ ਸਨ।

ਇਸ ਕਾਲ ਤੱਕ ਆਈਂਸਟਾਈਨ ਦੀ ਕੋਈ ਪ੍ਰਸਿੱਧੀ ਨਹੀਂ ਸੀ। 1905 ਵਿੱਚ ਆਈਂਸਟਾਈਨ ਦੇ ਜੋ ਤਿੰਨ ਖੋਜ ਪੱਤਰ ਪ੍ਰਕਾਸ਼ਿਤ ਹੋਏ ਸਨ ਉਹ ਇੰਨੇ ਉੱਚ ਕੋਟੀ ਦੇ ਸਨ ਕਿ ਉਹਨਾਂ ਵਿੱਚੋਂ ਕਿਸੇ ਇੱਕ ਤੇ ਵੀ ਉਹਨਾਂ ਨੂੰ ਨੋਬੇਲ ਪੁਰਸਕਾਰ ਦਿੱਤਾ ਜਾ ਸਕਦਾ ਸੀ। ਆਈਂਸਟਾਈਨ ਨੇ ਆਪਣੇ 'ਸੰਪੇਖਤਾ ਸਿਧਾਂਤ' ਨਾਲ ਅੰਤਰਰਾਸ਼ਟਰੀ ਪ੍ਰਸਿੱਧੀ ਗ੍ਰਹਿਣ ਕੀਤੀ। ਉਸਨੇ ਇਹ ਪੇਸ਼ਕਾਰੀ ਦਿੱਤੀ ਕਿ 'ਪੁੰਜ' ਅਤੇ 'ਊਰਜਾ' (Mass Energy Ralationship Equation, E =mc2 ) ਪਰਿਵਰਤਨਸ਼ੀਲ ਹਨ, ਜੋ ਅੱਗੇ ਚੱਲ ਕੇ ਪਰਮਾਣੂ ਬੰਬ ਦੇ ਨਿਰਮਾਣ ਦਾ ਆਧਾਰ ਬਣੀ ਜਦਕਿ ਉਸਨੇ ਕਦੇ ਸੁਪਨੇ 'ਚ ਵੀ ਨਹੀਂ ਸੋਚਿਆ ਸੀ ਕਿ ਇਹ ਉਸਦੇ ਜੀਵਨ ਕਾਲ ਵਿੱਚ ਹੀ ਸੰਭਵ ਹੋ ਜਾਵੇਗਾ।

16 ਜੁਲਾਈ 1945 ਨੂੰ ਸੰਸਾਰ ਦੇ ਪਹਿਲੇ ਪਰਮਾਣੂ ਬੰਬ ਦਾ ਸਫਲ ਨਿਰੀਖਣ ਹੋਇਆ ਅਤੇ ਇਸ ਤੋਂ 22 ਦਿਨ ਬਾਅਦ 6 ਅਗਸਤ 1945 ਨੂੰ ਅਮਰੀਕਾ ਨੇ ਜਾਪਾਨ ਦੇ ਪ੍ਰਸਿੱਧ ਸ਼ਹਿਰ ਹੀਰੋਸ਼ੀਮਾ 'ਤੇ ਪ੍ਰਮਾਣੂ ਬੰਬ ਸੁੱਟ ਕੇ ਸਾਰੇ ਸ਼ਹਿਰ ਨੂੰ ਤਹਿਸ ਨਹਿਸ ਕਰ ਦਿੱਤਾ ਅਤੇ ਇਸ ਦੇ ਤਿੰਨ ਦਿਨ ਬਾਅਦ ਦੂਸਰੇ ਜਾਪਾਨੀ ਸ਼ਹਿਰ ਨਾਗਾਸਾਕੀ 'ਤੇ ਪ੍ਰਮਾਣੂ ਬੰਬ ਸੁੱਟ ਕੇ ਉਸ ਨੂੰ ਵੀ ਬਰਬਾਦ ਕਰ ਦਿੱਤਾ। ਇਸ ਮਹਾਂ ਤਬਾਹੀ ਨੂੰ ਵੇਖ ਕੇ ਆਈਂਸਟਾਈਨ ਰੋ ਪਿਆ ਅਤੇ ਉਸਨੇ ਕਿਹਾ ਕਿ ਮਨੁੱਖ ਪ੍ਰਮਾਣੂ ਸ਼ਕਤੀ ਦੇ ਯੋਗ ਨਹੀਂ ਹੈ। ਆਈਂਸਟਾਈਨ ਨੂੰ ਜੋ ਨੋਬਲ ਪੁਰਸਕਾਰ ਮਿਲਿਆ, ਉਹ ਉਸਦੇ 'ਸੰਖੇਪਤਾ ਸਿਧਾਂਤ' ਲਈ ਨਹੀਂ, ਉਸਦੇ ਛੋਟੇ ਜਿਹੇ ਪ੍ਰੰਤੂ ਮਹੱਤਵਪੂਰਨ ਭੌਤਿਕ ਰਸਾਇਣਕ ਨਿਯਮ ਦੇ ਲਈ ਸੀ। ਜਿਸ ਨੂੰ Law of Photoelectric Effect ਕਹਿੰਦੇ ਹਨ। ਆਈਂਸਟਾਈਨ ਉੱਚ ਕੋਟੀ ਦਾ ਗਣਿਤ ਵਿਗਿਆਨੀ ਸੀ। ਜਿਸਦੇ ਕੰਮਾਂ ਦਾ ਮੁਲਾਂਕਣ ਕਰਨ ਦੀ ਸਮਰੱਥਾ ਉਸ ਸਮੇਂ ਦੇ ਵਿਗਿਆਨਕ ਜਗਤ 'ਚ ਨਹੀਂ ਸੀ, ਨਹੀਂ ਤਾਂ ਉਸਨੂੰ 'ਸਾਪੇਖਤਾ ਦੇ ਆਮ ਸਿਧਾਂਤ' ਤੇ 'ਸਾਪੇਖਤਾ ਦੇ ਵਿਸ਼ੇਸ਼ ਸਿਧਾਂਤ' ਦੇ ਲਈ ਹੀ ਨੋਬਲ ਪੁਰਸਕਾਰ ਦਿੱਤਾ ਜਾਂਦਾ। ਜਿਸਨੇ ਆਧੁਨਿਕ ਖਗੋਲ ਦੀ ਆਧਾਰਸ਼ਿਲਾ ਸਥਾਪਿਤ ਕੀਤੀ ਤੇ ਬ੍ਰਹਿਮੰਡ 'ਚ ਖੋਲੇ ਨਵੇਂ ਰਹੱਸ। ਉਸਦਾ ਦੂਜਾ ਖੋਜ ਪੱਤਰ Brownian Movement ਬਾਰੇ ਸੀ। ਉਸਦੇ ਇਨ੍ਹਾਂ ਸਿਧਾਂਤਾਂ ਨੇ ਵਿਗਿਆਨ ਜਗਤ 'ਚ ਤਹਿਲਕਾ ਮਚਾ ਦਿੱਤਾ। ਉਸਦੇ ਇਸ ਸਾਪੇਖ ਸਿਧਾਂਤ ਨੇ ਵਿਗਿਆਨ ਦੀ ਗਤੀ ਸਬੰਧੀ ਪ੍ਰੰਪਰਾਵਾਦੀ ਧਾਰਨਾ ਨੂੰ ਨਿਰਮੂਲ ਸਿੱਧ ਕਰ ਦਿੱਤਾ ਜੋ ਨਿਊਟਨ ਦੇ ਸੌ ਸਾਲ ਪੁਰਾਣੇ ਗਤੀ ਦੇ ਨਿਯਮਾਂ ਤੇ ਆਧਾਰਿਤ ਸੀ। ਆਈਂਸਟਾਈਨ ਨੇ ਵਿਗਿਆਨ ਜਗਤ 'ਚ ਆਪਣੀ ਧਾਂਕ ਜਮਾ ਲਈ। ਉਸਦੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਸਾਰੀਆਂ ਸੰਸਥਾਵਾਂ ਉਸ ਨੂੰ ਸੱਦਾ ਭੇਜਣ ਲੱਗੀਆਂ। ਉਹ ਇੰਨੇ ਲੋਕਪ੍ਰਿਯ ਹੋਏ ਕਿ ਉਹਨਾਂ ਦੇ ਨਾਮ ਤੇ ਵਸਤੂਆਂ ਦੇ ਨਾਮ ਰੱਖੇ ਜਾਣ ਲੱਗੇ। ਇੱਕ ਸ਼ਿੰਗਾਰ ਕੰਪਨੀ ਨੇ ਆਪਣੀ ਫੈਕਟਰੀ ਦੇ ਸ਼ਿਗਾਰ ਦਾ ਨਾਮ ਹੀ 'ਰਿਲੇਟਿਵਿਟੀ' ਰੱਖ ਦਿੱਤਾ। ਅੱਗੇ ਚੱਲ ਕੇ 99 ਪ੍ਰਮਾਣੂ ਕ੍ਰਮ ਅੰਕ ਵਾਲੇ ਤੱਤ ਦਾ ਨਾਮ ਵੀ ਉਹਨਾਂ ਦੇ ਨਾਮ ਤੇ 'ਆਈਂਸਟਾਈਨ' ਰੱਖ ਦਿੱਤਾ ਗਿਆ। ਉਸਦੀਆਂ ਖੋਜਾਂ ਦਾ ਇਹ ਸਿੱਟਾ ਨਿਕਲਿਆ ਕਿ ਉਸਨੂੰ ਪਹਿਲਾਂ ਜਊਰਿਖ ਯੂਨੀਵਰਸਿਟੀ ਅਤੇ ਬਾਅਦ ਵਿੱਚ ਪ੍ਰਾਗ ਯੂਨੀਵਰਸਿਟੀ 'ਚ ਪ੍ਰੋਫੈਸਰ ਦੀ ਨੌਕਰੀ ਮਿਲ ਗਈ। 1913 'ਚ 'ਰਾਇਲ ਪਰਸ਼ੀਅਨ ਅਕਾਦਮੀ ਬਰਲਿਨ ਆਫ ਸਾਇੰਸ' ਦੇ ਮੈਂਬਰ ਅਤੇ ਬਰਲਿਨ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਦੇ ਰੂਪ ਵਿੱਚ ਆਪ ਸਵਿੱਟਰਜ਼ਰਲੈਂਡ ਤੋਂ ਜਰਮਨੀ ਵਾਪਿਸ ਆ ਗਏ। ਇਸੇ ਦਰਮਿਆਨ ਆਪਣੀ ਪਤਨੀ ਮਿਲੇਵਾ ਨਾਲ ਉਸਦਾ ਸਬੰਧ ਟੁੱਟ ਗਿਆ।

1916 'ਚ ਉਹਨਾਂ ਨੇ 'ਸੰਖੇਪਤਾ ਦਾ ਆਮ ਸਿਧਾਂਤ' (General Theory of relativity) ਪ੍ਰਕਾਸ਼ਿਤ ਕੀਤਾ ਅਤੇ ਪਹਿਲੇ ਵਿਸ਼ਵ ਯੁੱਧ ਦੇ ਚੱਲਣ ਤੱਕ ਅਤੇ 1918 ਵਿੱਚ ਉਸਦੀ ਸਮਾਪਤੀ ਦੇ ਬਾਅਦ ਦੇ ਸਾਲਾਂ ਵਿੱਚ ਵੀ ਉਹ ਉਸਦੇ ਸੁਧਾਰ ਅਤੇ ਵਿਆਖਿਆ ਵਿੱਚ ਲੱਗੇ ਰਹੇ।

1921 ਤੋਂ 1933 ਤੱਕ ਆਈਂਸਟਾਈਨ ਨੇ ਪੂਰੇ ਵਿਸ਼ਵ ਦੀ ਯਾਤਰਾ ਕੀਤੀ। ਆਕਸਫੋਰਡ ਯੂਨੀਵਰਸਿਟੀ ਨੇ ਉਹਨਾਂ ਨੂੰ 'ਡਾਕਟਰ ਆਫ ਸਾਇੰਸ' ਦੀ ਉਪਾਧੀ ਦਿੱਤੀ। ਜਰਮਨੀ 'ਚ ਨਾਜ਼ੀਆਂ ਦਾ ਜ਼ੋਰ ਵੱਧ ਰਿਹਾ ਸੀ। ਯਹੂਦੀਆਂ ਦੇ ਸ਼ਰ੍ਹੇਆਮ ਕਤਲ ਹੋਣ ਲੱਗੇ। ਹਿਟਲਰ ਨੇ ਸੱਤਾ ਸੰਭਾਲੀ ਅਤੇ ਯਹੂਦੀਆਂ ਦਾ ਜਿਊਣਾ ਦੁੱਭਰ ਹੋ ਗਿਆ। ਹਿਟਲਰ ਦੀ ਤਾਨਾਸ਼ਾਹੀ ਆਈਸਟਾਈਨ ਸਹਿਣ ਨੂੰ ਤਿਆਰ ਨਹੀਂ ਸੀ। ਉਹਨਾਂ ਨੇ ਨਾਜ਼ੀ ਵਿਰੋਧ ਦੇ ਲਈ ਹੀ, ਧਾਰਮਿਕ ਰੁਚੀ ਨਾ ਹੋਣ ਤੇ ਬਾਵਜੂਦ ਵੀ ਯਹੂਦੀਆਂ ਦਾ ਸਮਰਥਨ ਕੀਤਾ। ਪਰਸੀਅਨ ਅਕਾਦਮੀ ਤੋਂ ਅਸਤੀਫਾ ਦੇ ਦਿੱਤਾ ਅਤੇ ਜਰਮਨੀ ਛੱਡ ਕੇ ਅਮਰੀਕੀ ਨਾਗਰਿਕ ਬਣ ਗਏ। ਸੰਨ 1933 ਵਿੱਚ ਨਿਊ ਜਰਸੀ ਸਥਿਤ ਪ੍ਰਿੰਸਟਲ ਦੇ 'ਇੰਸਟੀਚਿਊਟ ਫਾਰ ਐਡਵਾਂਸਡ ਸਟੱਡੀਜ਼' 'ਚ ਭੌਤਿਕ ਵਿਗਿਆਨ ਦੇ ਪ੍ਰੋਫੈਸਰ ਨਿਯੁਕਤ ਹੋਏ। ਅੰਤਿਮ ਦਿਨਾਂ ਤੱਕ ਪ੍ਰਿੰਸਟਨ 'ਚ ਰਹੇ। 1950 'ਚ ਉਹਨਾਂ ਨੇ ਆਪਣਾ 'ਏਕੀਕ੍ਰਿਤ ਖੇਤਰ ਸਿਧਾਂਤ' (Unified Field Theory) ਦਾ ਨਵਾਂ ਸਮੀਕਰਨ ਪੇਸ਼ ਕੀਤਾ। ਉਹਨਾਂ ਨੂੰ ਯੁੱਧ ਤੋਂ ਨਫ਼ਰਤ ਸੀ। ਇੱਕ ਵਾਰ ਕਿਸੇ ਨੇ ਪੁੱਛਿਆ, "ਤੀਜਾ ਵਿਸ਼ਵ ਯੁੱਧ ਕਿਹੜੇ ਹਥਿਆਰਾਂ ਨਾਲ ਲੜਿਆ ਜਾਵੇਗਾ?" ਇਸ ਤੇ ਉਹਨਾਂ ਨੇ ਕਿਹਾ-ਤੀਜੇ ਦਾ ਤਾਂ ਨਹੀਂ ਪਤਾ ਪਰ ਚੌਥੇ ਦੀ ਗੱਲ ਦੱਸ ਸਕਦਾ ਹਾਂ। ਚੌਥਾ ਵਿਸ਼ਵ ਯੁੱਧ ਪੱਥਰਾਂ ਦੇ ਹਥਿਆਰਾਂ ਨਾਲ ਲੜਿਆ ਜਾਵੇਗਾ। ਕਿਉਂਕਿ ਤੀਜੇ ਵਿਸ਼ਵ ਯੁੱਧ 'ਚ ਸੱਭਿਅਤਾ ਜਿਆਦਾਤਰ ਸਮਾਪਤ ਹੋ ਜਾਵੇਗੀ ਅਤੇ ਬਚੇ ਖੁਚੇ ਲੋਕ ਨਵੀਂ ਦੁਨੀਆਂ ਦੀ ਨੀਂਹ ਰੱਖਣਗੇ। ਸ਼ਾਂਤੀ ਸਥਾਪਨਾ ਦੇ ਲਈ ਉਹ ਹਰ ਸੰਭਵ ਕੋਸ਼ਿਸ਼ ਕਰਦੇ ਰਹੇ। ਉਹਨਾਂ ਨੇ ਦੁਨੀਆਂ ਦੇ ਦੇਸ਼ਾਂ ਵਿੱਚ ਭਾਈਚਾਰੇ ਲਈ 'ਵਿਸ਼ਵ ਸਰਕਾਰ' ਬਣਾਉਣ ਦਾ ਸੁਝਾਅ ਦਿੱਤਾ। ਪ੍ਰਿੰਸਟਨ ਨਗਰ 'ਚ 18 ਅਪ੍ਰੈਲ 1955 ਨੂੰ ਨਿਊਟਨ ਤੋਂ ਬਾਅਦ ਦੇ ਇਸ ਮਹਾਨ ਵਿਗਿਆਨੀ ਨੇ ਦੁਨੀਆਂ ਤੋਂ ਵਿਦਾ ਲਈ ਅਤੇ ਵਿਰਾਸਤ ਵਿੱਚ ਛੱਡ ਗਏ ਆਪਣੇ ਅਮੁੱਲ ਸਿਧਾਂਤ ਅਤੇ ਕੁਝ ਅਣਸੁਲਝੇ ਰਹੱਸ। ਇਸ ਮਹਾਨ ਵਿਗਿਆਨੀ ਦੀ ਦੇਣ ਨੂੰ ਕਦੇ ਵੀ ਨਹੀਂ ਭੁੱਲਾਇਆ ਜਾ ਸਕਦਾ।

**ਪੰਜਾਬੀ ਅਨੁਵਾਦ :- ਹਰਸ਼ਦੀਪ ਕੌਰ**

('ਵਿਗਿਆਨ ਪ੍ਰਗਤੀ' ਵਿਚੋਂ ਧੰਨਵਾਦ ਸਹਿਤ)



**ਮੇਘ ਰਾਜ ਮਿੱਤਰ**
ਫੋਨ ਨੰ: 98887-87440

# ਵਿਗਿਆਨ ਨੂੰ ਘਰੋਂ ਹੀ ਸਿਖਿਆ ਜਾ ਸਕਦਾ ਹੈ

ਅੱਜ ਤੋਂ ਪੈਂਤੀ ਕੁ ਵਰ੍ਹੇ ਪਹਿਲਾਂ ਆਪਣੇ ਘਰ ਵਿੱਚ ਟੈਲੀਵਿਜ਼ਨ ਨਹੀਂ ਸੀ ਤੇ ਸ਼ਾਇਦ ਇਹ ਉਸ ਸਮੇਂ ਪੰਜਾਬ ਦੇ 99% ਲੋਕਾਂ ਦੇ ਘਰਾਂ ਵਿਚ ਵੀ ਨਹੀਂ ਸੀ। 1984 ਵਿੱਚ ਟੈਲੀਵਿਜ਼ਨ ਆਪਣੇ ਘਰ ਵਿੱਚ ਵੀ ਲਿਆਂਦਾ ਗਿਆ ਪਰ ਇਸਨੂੰ ਉੱਠ ਕੇ ਹੀ ਚਲਾਉਣਾ ਤੇ ਬੰਦ ਕਰਨਾ ਪੈਂਦਾ ਸੀ ਯਾਨੀ ਕਿ ਇਹ ਰੀਮੋਟ ਨਾਲ ਆਨ ਤੇ ਆਫ ਨਹੀਂ ਹੁੰਦਾ ਸੀ। ਪਰ ਅੱਜ ਕੱਲ੍ਹ ਤੁਸੀਂ ਅਜਿਹੇ ਟੈਲੀਵਿਜ਼ਨ ਦੀ ਕਲਪਨਾ ਵੀ ਨਹੀਂ ਕਰ ਸਕਦੇ ਜੋ ਰੀਮੋਟ ਨਾਲ ਨਾ ਚਲਦਾ ਹੋਵੇ। ਰੀਮੋਟ ਕੀ ਹੈ ਇਹ ਕਿਵੇਂ ਕੰਮ ਕਰਦਾ ਹੈ ਆਓ ਇਸ ਬਾਰੇ ਕੁਝ ਸਿੱਖੀਏ। ਇਸ ਜਾਣਕਾਰੀ ਨੂੰ ਜਾਨਣ ਤੋਂ ਪਹਿਲਾਂ ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਸਾਡੇ ਆਲੇ-ਦੁਆਲੇ ਅਜਿਹਾ ਬਹੁਤ ਕੁਝ ਹੈ ਜੋ ਨਾ ਤਾਂ ਸਾਨੂੰ ਵਿਖਾਈ ਦਿੰਦਾ ਹੈ ਤੇ ਨਾ ਹੀ ਸਾਨੂੰ ਸੁਣਾਈ ਦਿੰਦਾ ਹੈ। ਸਾਡੀਆਂ ਅੱਖਾਂ ਅਤੇ ਕੰਨਾਂ ਦੀ ਸੁਣਨ ਤੇ ਵੇਖਣ ਦੀ ਇੱਕ ਸੀਮਾ ਹੈ। ਜੰਗਲਾਂ ਦੇ ਖੋਜੀ ਜਾਣਦੇ ਹਨ ਕਿ ਜਦੋਂ ਹਾਥੀ ਖ਼ਤਰੇ ਸਮੇਂ ਦਹਾੜਦੇ ਹਨ ਤਾਂ ਸੱਤ ਅੱਠ ਮੀਲ ਦੂਰ ਹਾਥੀਆਂ ਨੂੰ ਤਾਂ ਉਨ੍ਹਾਂ ਦੀ ਦਹਾੜ ਸੁਣ ਜਾਂਦੀ ਹੈ ਪਰ ਖੋਜੀਆਂ ਨੂੰ ਇਹ ਸੁਣਾਈ ਨਹੀਂ ਦਿੰਦੀ ਸੀ। ਕੁੱਤਿਆਂ ਨੂੰ ਆਮ ਤੌਰ 'ਤੇ ਭੂਚਾਲ ਆਉਣ ਦਾ ਪਹਿਲਾ ਪਤਾ ਲੱਗ ਜਾਂਦਾ ਹੈ ਪਰ ਮਨੁੱਖਾਂ ਨੂੰ ਨਹੀਂ। ਵਿਗਿਆਨੀਆਂ ਨੇ ਅਜਿਹੇ ਯੰਤਰ ਬਣਾ ਲਏ ਹਨ ਜੋ ਮਨੁੱਖੀ ਸੀਮਾ ਤੋਂ ਜ਼ਿਆਦਾ ਜਾਂ ਘੱਟ ਆਵ੍ਰਿਤੀ ਦੀਆਂ ਧੁਨੀ ਤਰੰਗਾਂ ਤੇ ਪ੍ਰਕਾਸ਼ ਤਰੰਗਾਂ ਨੂੰ ਪੈਦਾ ਵੀ ਕਰ ਸਕਦੇ ਹਨ ਤੇ ਫੜ ਵੀ ਸਕਦੇ ਹਨ। ਰੀਮੋਟ ਅਜਿਹਾ ਹੀ ਇੱਕ ਯੰਤਰ ਹੈ ਜੋ ਅਜਿਹੀਆਂ ਇਨਫਰਾ ਰੈੱਡ ਕਿਰਨਾਂ ਪੈਦਾ ਕਰਦਾ ਹੈ ਤੇ ਟੈਲੀਵਿਜ਼ਨ ਵਿੱਚ ਉਨ੍ਹਾਂ ਇਨਫਰਾ ਰੈੱਡ ਕਿਰਨਾਂ ਨੂੰ ਫੜਨ ਤੇ ਉਸ ਅਨੁਸਾਰ ਕੰਮ ਕਰਨ ਵਾਲਾ ਯੰਤਰ ਲੱਗਿਆ ਹੁੰਦਾ ਹੈ। ਇਸ ਤਰ੍ਹਾਂ ਤੁਸੀਂ ਬਿਸਤਰੇ ਵਿੱਚ ਬੈਠਿਆਂ ਹੀ ਟੈਲੀਵਿਜ਼ਨ ਦਾ ਕੰਟਰੋਲ ਆਪਣੇ ਹੱਥ ਵਿੱਚ ਰੱਖਦੇ ਹੋ।

ਰੀਮੋਟ ਬਾਰੇ ਜਾਣਕਾਰੀ ਲੈਣ ਤੋਂ ਬਾਅਦ ਮੈਂ ਪਾਵੇਲ ਨੂੰ ਪੁੱਛਿਆ ਕਿ ਆਪਣੇ ਘਰ ਵਿੱਚ ਅਜਿਹਾ ਕੋਈ ਯੰਤਰ ਹੈ ਜੋ ਆਪਣੇ ਆਪ ਹੀ ਚੱਲ ਪੈਂਦਾ ਹੋਵੇ ਜਾਂ ਆਪਣੇ ਆਪ ਹੀ ਬੰਦ ਹੋ ਜਾਂਦਾ ਹੋਵੇ। ਉਹ ਕਹਿਣ ਲੱਗਿਆ ਕਿ ਫਰਿੱਜ ਦੀ ਮੋਟਰ ਕਦੇ ਆਪ ਚੱਲ ਪੈਂਦੀ ਹੈ ਕਦੇ ਬੰਦ ਹੋ ਜਾਂਦੀ ਹੈ। ਮਾਈਕ੍ਰੋਵੇਵ ਤੇ ਵਾਸ਼ਿੰਗ ਮਸ਼ੀਨ ਕੁਝ ਸਮੇਂ ਬਾਅਦ ਆਪਣੇ ਆਪ ਬੰਦ ਹੋ ਜਾਂਦੇ ਹਨ। ਮੈਂ ਉਸਨੂੰ ਪੁੱਛਿਆ ਅਜਿਹਾ ਕਿਉਂ ਹੋ ਜਾਂਦਾ ਹੈ। ਉਹ ਕਹਿਣ ਲੱਗਿਆ ਮੇਰੇ ਕੋਲ ਚਾਬੀ ਨਾਲ ਚੱਲਣ ਵਾਲੀ ਇੱਕ ਕਾਰ ਸੀ, ਕੁਝ ਸਮੇਂ ਬਾਅਦ ਉਹ ਟੁੱਟ ਗਈ। ਮੈਂ ਉਸਨੂੰ ਖੋਲ੍ਹਿਆ ਤਾਂ ਵੇਖਿਆ ਕਿ ਜਦੋਂ ਮੈਂ ਉਸ ਵਿੱਚ ਹੱਥ ਨਾਲ ਚਾਬੀ ਭਰਦਾ ਸੀ ਤਾਂ ਇੱਕ ਸਟੀਲ ਦੀ ਪੱਤੀ ਇੱਕ ਪਹੀਏ ਦੇ ਦੁਆਲੇ ਵਲੇਟੀ ਜਾਂਦੀ ਹੈ ਤੇ ਕਾਰ ਨੂੰ ਛੱਡਣ ਤੇ ਉਹ ਪੱਤੀ ਆਪਣੇ-ਆਪ ਖੁੱਲ੍ਹਣਾ ਸ਼ੁਰੂ ਹੋ ਜਾਂਦੀ ਹੈ। ਇਸ ਤਰ੍ਹਾਂ ਚਾਬੀ ਵਾਲੀ ਕਾਰ ਚਲਦੀ ਸੀ। ਮੈਂ ਉਸਨੂੰ ਪੁੱਛਿਆ ਕਿ ਕੀ ਇਹ ਹੀ ਟੈਕਨੀਕ ਆਪਣੇ ਘਰ ਵਿੱਚ ਕਿਸੇ ਹੋਰ ਯੰਤਰ ਲਈ ਵੀ ਵਰਤੀ ਜਾ ਸਕਦੀ ਹੈ। ਉਸਦੇ ਦਿਮਾਗ ਵਿੱਚ ਫੋਰਨ ਮਾਈਕਰੋਵੇਵ ਤੇ ਵਾਸ਼ਿੰਗ ਮਸ਼ੀਨ ਵਾਲੇ ਕਲਾਕ ਆ ਗਏ। ਉਹ ਕਹਿਣ ਲੱਗਿਆ, 'ਡੈਡੀ ਜੀ ਤੁਸੀਂ ਵੀ ਕਈ ਵਾਰ ਆਪਣੀ ਘੜੀ ਨੂੰ ਚਾਬੀ ਭਰਦੇ ਹੋ।' ਮੈਂ ਉਸਨੂੰ ਕਿਹਾ ਕਿ ਪਹਿਲਾਂ ਮੈਂ ਅਜਿਹਾ ਆਪਣੇ ਹੱਥ ਦੀ ਊਰਜਾ ਨਾਲ ਕਰਦਾ ਸੀ ਪਰ ਹੁਣ ਵਿਗਿਆਨ ਨੇ ਤਰੱਕੀ ਕਰ ਲਈ ਹੈ ਹੁਣ ਇਹ ਊਰਜਾ ਆਪਾਂ ਜਾਂ ਤਾਂ ਬਾਜ਼ਾਰ ਵਿਚੋਂ ਸੈੱਲਾਂ ਦੇ ਰੂਪ ਵਿੱਚ ਖਰੀਦ ਲਿਆਉਂਦੇ ਹਾਂ ਜਾਂ ਆਪਣੇ ਘਰਾਂ ਵਿੱਚ ਬਿਜਲੀ ਮਹਿਕਮਾ, ਮੀਟਰਾਂ ਨਾਲ ਦਿੰਦਾ ਹੈ। ਆਪਾਂ ਹਰ ਮਹੀਨੇ ਕੁਝ ਖਰਚਾ ਬਿਜਲੀ ਮਹਿਕਮੇ ਨੂੰ ਇਸ ਬਦਲੇ ਦਿੰਦੇ ਹਾਂ। ਪਾਵੇਲ ਦਾ ਅਗਲਾ ਸੁਆਲ ਸੀ ਕਿ ਬਿਜਲੀ ਮਹਿਕਮਾ ਬਿਜਲੀ ਕਿੱਥੋਂ ਲਿਆਉਂਦਾ ਹੈ? ਮੈਂ ਉਸਨੂੰ ਯਾਦ ਦਵਾਇਆ ਕਿ ਜਦੋਂ ਤੂੰ ਨਿੱਕਾ ਸੀ ਤਾਂ ਮੈਂ ਤੈਨੂੰ ਨੰਗਲ ਡੈਮ 'ਤੇ ਲੈ ਕੇ ਗਿਆ ਸੀ ਨਾਲੇ ਉਥੇ ਤੂੰ ਗੋਬਿੰਦ ਸਾਗਰ ਵੀ ਵੇਖਿਆ ਸੀ। ਗੋਬਿੰਦ ਸਾਗਰ ਵਿੱਚ ਉਚਾਈ ਤੇ ਇਕੱਠੇ ਹੋਏ ਪਾਣੀ ਵਿੱਚ ਤਾਕਤ ਹੈ। ਜਦੋਂ ਇਸ ਪਾਣੀ ਨੂੰ ਇੱਕ ਧਾਰ ਬੰਨ ਕੇ ਪੱਖਿਆਂ ਉਪਰ ਸੁੱਟਿਆ ਜਾਂਦਾ ਹੈ ਤਾਂ ਪੱਖੇ ਘੁੰਮਦੇ ਹਨ ਤੇ ਉਹ ਡਾਇਨਮੋਆਂ ਨੂੰ ਘੁੰਮਾਉਂਦੇ ਹਨ ਜੋ ਇਕੱਠੇ ਕੀਤੇ ਉਚਾਈ ਉਪਰਲੇ ਪਾਣੀ ਦੀ ਤਾਕਤ ਨੂੰ ਬਿਜਲੀ ਊਰਜਾ ਵਿੱਚ ਬਦਲਦੇ ਹਨ। ਇਸੇ ਤਰ੍ਹਾਂ ਹੀ ਬਠਿੰਡੇ ਵਾਲੇ ਥਰਮਲ ਪਲਾਂਟ ਵਿੱਚ ਕੋਇਲਾ ਬਾਲ ਕੇ ਪੈਦਾ ਕੀਤੀ ਊਰਜਾ ਨਾਲ ਟਰਬਾਈਨਾਂ ਚਲਾਈਆਂ ਜਾਂਦੀਆਂ ਹਨ ਜੋ ਬਿਜਲੀ ਪੈਦਾ ਕਰਦੀਆਂ ਹਨ। ਇਸ ਤਰ੍ਹਾਂ ਗੱਲ ਆਟੋਮੈਟਿਕ ਤੋਂ ਤਿਲਕ ਕੇ ਬਿਜਲੀ ਘਰਾਂ 'ਤੇ ਆ ਗਈ ਪਰ ਮੈਂ ਇਸ ਗੱਲ ਨੂੰ ਆਟੋਮੈਟਿਕ 'ਤੇ ਹੀ ਲਿਆਉਣਾ ਚਾਹੁੰਦਾ ਸੀ।



ਫਰਿੱਜ ਵਿੱਚ ਮੋਟਰ ਆਪਣੇ ਆਪ ਚੱਲ ਪੈਂਦੀ ਹੈ ਤੇ ਆਪ ਹੀ ਬੰਦ ਹੋ ਜਾਂਦੀ ਹੈ ਇਸਦਾ ਕਾਰਨ ਇਹ ਹੈ ਕਿ ਇਸ ਵਿੱਚ ਇੱਕ ਦੋ ਧਾਤੀ ਪੱਤੀਆਂ ਲੱਗੀਆਂ ਹੁੰਦੀਆਂ ਹਨ। ਇਨ੍ਹਾਂ ਦੋਹਾਂ ਧਾਤਾਂ ਵਿੱਚੋਂ ਇੱਕ ਧਾਤ ਦਾ ਗਰਮੀ ਵਿੱਚ ਫੈਲਾਓ ਜ਼ਿਆਦਾ ਤੇ ਸਰਦੀ ਸਮੇਂ ਜ਼ਿਆਦਾ ਸੁੰਗੇੜ ਹੁੰਦਾ ਹੈ। ਦੂਸਰੀ ਧਾਤ ਉੱਪਰ ਤਾਪਮਾਨ ਦੇ ਘਾਟੇ ਵਾਧੇ ਦਾ ਅਸਰ ਲੱਗਭਗ ਨਾ ਮਾਤਰ ਹੁੰਦਾ ਹੈ। ਤਾਪਮਾਨ ਵੱਧ ਹੋ ਜਾਣ 'ਤੇ ਫੈਲੀ ਹੋਈ ਧਾਤ ਬਿਜਲੀ ਦੇ ਕੁਨੈਕਸ਼ਨ ਨਾਲ ਜੁੜੀ ਮੋਟਰ ਨੂੰ ਆਨ ਕਰ ਦਿੰਦੀ ਹੈ ਜਦੋਂ ਤਾਪਮਾਨ ਘੱਟ ਜਾਂਦਾ ਹੈ ਤਾਂ ਮੋਟਰ ਬੰਦ ਹੋ

ਜਾਂਦੀ ਹੈ। ਇਸ ਤਰ੍ਹਾਂ ਫਰਿਜ ਵਿਚਲੀ ਮੋਟਰ ਆਨ ਆਫ ਹੁੰਦੀ ਰਹਿੰਦੀ ਹੈ ਤੇ ਫਰਿਜ ਦੀ ਗਰਮੀ ਨੂੰ ਬਾਹਰ ਸੁੱਟਦੀ ਰਹਿੰਦੀ ਹੈ। ਘਰਾਂ ਵਿਚਲੇ ਏ. ਸੀ. ਵੀ ਇਸ ਤਰ੍ਹਾਂ ਹੀ ਕੰਮ ਕਰਦੇ ਰਹਿੰਦੇ ਹਨ ਤੇ ਅਜਿਹੀ ਦੋ ਧਾਤੀ ਪੱਤੀ ਹੀ ਪ੍ਰੈਸਾਂ ਵਿੱਚ ਇਹ ਕਾਰਜ ਕਰਦੀ ਹੈ। ਅੱਜ ਕੱਲ੍ਹ ਚਾਈਨਾਂ ਵਾਲੇ ਖਿਡੌਣਿਆਂ ਨੇ ਬੱਚਿਆਂ ਨੂੰ ਮੌਜ ਕੀਤੀ ਹੋਈ ਹੈ। ਸਾਡੇ ਵੇਲੇ ਤਾਂ ਸਾਨੂੰ ਅਜਿਹਾ ਖਿਡੌਣਾ ਕਦੇ-ਕਦਾਈ ਹੀ ਖੇਡਣ ਨੂੰ ਮਿਲਦਾ ਸੀ ਪਰ ਅੱਜ ਕੱਲ੍ਹ ਬਹੁਤੇ ਬੱਚਿਆਂ ਕੋਲ ਸੈਂਕੜੇ ਖਿਡੌਣੇ ਹੁੰਦੇ ਹਨ ਜੋ ਅਕਸਰ ਹੀ ਉਨ੍ਹਾਂ ਪਰਿਵਾਰਾਂ ਦੇ ਨਜ਼ਦੀਕੀਆਂ ਵਲੋਂ ਜਨਮ ਦਿਨ 'ਤੇ ਦਿੱਤੇ ਤੋਹਫ਼ਿਆਂ ਦੇ ਰੂਪ ਵਿੱਚ ਇਕੱਠੇ ਹੋ ਜਾਂਦੇ ਹਨ। ਅਜਿਹੇ ਖਿਡੌਣੇ ਬੱਚਿਆਂ ਨੂੰ ਬਹੁਤ ਕੁਝ ਸਿਖਾ ਸਕਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਟੁੱਟੇ ਖਿਡੌਣਿਆਂ ਤੇ ਮਕੈਨਿਕੀ ਕਰਨ ਤੇ ਖੋਲ੍ਹਣ, ਠੀਕ ਕਰਨ ਤੇ ਸੁੱਟ ਦੇਣ ਦੇ ਲਈ ਬੱਚਿਆਂ ਦੇ ਸਪੁਰਦ ਕਰ ਦਿਆ ਕਰਨ, ਉਹ ਇਨ੍ਹਾਂ ਵਿੱਚੋਂ, ਸੈੱਲਾਂ, ਪਹੀਆਂ, ਲੀਵਰਾਂ, ਸਪਰਿੰਗਾਂ ਅਤੇ ਮੋਟਰ ਆਦਿ ਬਾਰੇ ਬਹੁਤ ਕੁਝ ਸਿਖ ਸਕਦੇ ਹਨ। ਹੁਣ ਮੋਟਰ ਨੂੰ ਹੀ ਲੈ ਲਓ ਘਰ ਵਿੱਚ ਵਾਸ਼ਿੰਗ ਮਸ਼ੀਨ ਮਿਕਸੀ, ਫਰਿਜ਼, ਪੱਖੇ, ਏਸੀ, ਖਿਡੌਣੇ ਅਤੇ ਕੂਲਰ ਅਜਿਹੇ ਕਈ ਦਰਜਨ ਯੰਤਰ ਹੁੰਦੇ ਹਨ ਜਿਨ੍ਹਾਂ ਵਿੱਚ ਮੋਟਰਾਂ ਦੀ ਵਰਤੋਂ ਅਕਸਰ ਹੀ ਕੀਤੀ ਹੁੰਦੀ ਹੈ। ਮੋਟਰ ਕੀ ਹੈ ਇਹ ਕਿਵੇਂ ਕਾਰਜ ਕਰਦੀ ਹੈ, ਇਸਨੂੰ ਊਰਜਾ ਕਿੱਥੋਂ ਮਿਲਦੀ ਹੈ ਅਜਿਹੀ ਬਹੁਤ ਸਾਰੀ ਜਾਣਕਾਰੀ ਹੈ ਜਿਹੜੀ ਟੁੱਟੇ ਖਿਡੌਣਿਆਂ ਵਿੱਚੋਂ ਕੱਢੀ ਹੋਈ ਇੱਕ ਮੋਟਰ ਬੱਚੇ ਨੂੰ ਸਿਖਾ ਸਕਦੀ ਹੈ। ਮੋਟਰ ਇੱਕ ਅਜਿਹਾ ਯੰਤਰ ਹੈ ਜੋ ਬਿਜਲੀ ਊਰਜਾ ਨੂੰ ਚਕਰਾਕਾਰ ਊਰਜਾ ਵਿੱਚ ਬਦਲਦਾ ਹੈ। ਸੈੱਲਾਂ ਰਾਹੀਂ ਜਾਂ ਘਰੇਲੂ ਬਿਜਲੀ ਦੀ ਵਰਤੋਂ ਕਰਕੇ ਅਸੀਂ ਇੱਕ ਸਾਫਟ ਨੂੰ ਘੁੰਮਾਉਂਦੇ ਹਾਂ ਇਸ ਸਾਫਟ ਨਾਲ ਹੋਰ ਕੀ ਮੋੜਨਾ ਹੈ ਉਹ ਇਸ ਤੋਂ ਜੋ ਕਾਰਜ ਲੈਣਾ ਹੈ ਉਸਤੇ ਨਿਰਭਰ ਹੈ। ਜੇ ਅਸੀਂ ਹਵਾ ਪ੍ਰਾਪਤ ਕਰਨੀ ਹੈ ਤਾਂ ਇਸ ਨਾਲ ਅਸੀਂ ਪੱਖੀ ਜੋੜ ਦੇਵਾਂਗੇ ਜੇ ਸਾਨੂੰ ਗਤੀ ਦੀ ਲੋੜ ਹੈ ਤਾਂ ਅਸੀਂ ਇਸਦਾ ਸੰਪਰਕ ਪਹੀਆਂ ਨਾਲ ਜੋੜ ਦੇਵਾਂਗੇ। ਇਸ ਮੋਟਰ ਦੀ ਵਰਤੋਂ ਕਿਵੇਂ ਖਿਡੌਣਿਆਂ ਦੇ ਮੁੜਨ, ਅੱਗੇ ਪਿੱਛੇ ਜਾਣ, ਉਲਟਣ ਤੇ ਸੰਗੀਤ ਪੈਦਾ ਕਰਨ ਲਈ ਕੀਤੀ ਗਈ ਹੈ। ਜਿਉਂ ਜਿਉਂ ਬੱਚੇ ਇਹ ਜਾਣਕਾਰੀ ਪ੍ਰਾਪਤ ਕਰਦੇ ਜਾਣਗੇ ਇਹ ਗੱਲਾਂ ਜਿੱਥੇ ਬੱਚੇ ਨੂੰ ਜ਼ਿਆਦਾ ਬੁੱਧੀਮਾਨ ਬਣਨ ਵਿੱਚ ਸਹਾਈ ਹੋਣਗੀਆਂ, ਉੱਥੇ ਉਹ ਆਪਣੇ ਪੂਰੇ ਬ੍ਰਹਿਮੰਡ ਬਾਰੇ ਜਾਨਣ ਲਈ ਕੀ, ਕਿਉਂ, ਕਿਵੇਂ, ਕਦੋਂ, ਕਿੱਥੇ ਆਦਿ ਸਿੱਖੇਗਾ। ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਬੱਚਾ ਸਕੂਲੀ ਪੜ੍ਹਾਈ ਨੂੰ ਆਪਣੇ ਆਲੇ-ਦੁਆਲੇ ਨਾਲ ਜੋੜਨਾ ਸਿਖੇ ਤਾਂ ਖਿਡੌਣਿਆਂ ਤੇ ਮਕੈਨਿਕੀ ਕਰਨੀ ਉਨ੍ਹਾਂ ਨੂੰ ਜ਼ਰੂਰ ਆਉਣੀ ਚਾਹੀਦੀ ਹੈ। ਤੁਹਾਡਾ ਘਰ ਹੀ ਇਸ ਕੰਮ ਲਈ ਉਸਦੀ ਪ੍ਰਯੋਗਸ਼ਾਲਾ ਬਣ ਸਕਦੀ ਹੈ।

ਜੇ ਤੁਹਾਡਾ ਬੱਚਾ ਕਿਸੇ ਟੁੱਟੇ ਰੀਮੋਟ ਵਿੱਚੋਂ ਖਰਾਬ ਹੋਇਆ ਸੈੱਲ ਹਥੌੜੀ ਨਾਲ ਤੋੜਦਾ ਹੈ ਤੇ ਵੇਖਦਾ ਹੈ ਕਿ ਉਸ ਵਿੱਚ ਨੁਸਾਦਰ ਗਲਾਈਸਰੀਨ ਤੇ ਕਾਰਬਨ ਦੀ ਛੜ ਰੱਖੀ ਹੋਈ ਹੈ ਤਾਂ ਉਹ ਰਸਾਇਣਕ ਕ੍ਰਿਆਵਾਂ ਬਾਰੇ ਜਾਣੇਗਾ। ਉਹ ਸਿੱਖੇਗਾ ਕਿ ਕਿਵੇਂ ਨੁਸਾਦਰ ਤੇ ਗਲਾਈਸਰੀਨ ਵਿੱਚ ਹੁੰਦੀਆਂ ਰਸਾਇਣਕ ਕ੍ਰਿਆਵਾਂ ਬਿਜਲੀ ਚਾਰਜ ਪੈਦਾ ਕਰਦੀ ਹੈ ਤੇ ਸੈੱਲ ਦੀ ਜਿਸਤੀ ਦੀਵਾਰ ਕਿਵੇਂ ਨੈਗੇਟਿਵ ਚਾਰਜਤ ਹੁੰਦੀ ਹੈ ਤੇ ਕਾਰਬਨ ਦੀ ਡੰਡੀ ਕਿਵੇਂ ਧੰਨ ਚਾਰਜਿਤ ਹੋ ਜਾਂਦੀ ਹੈ। ਹੌਲੀ ਹੌਲੀ ਉਹ ਆਪਣੇ ਇਸ ਪ੍ਰਾਪਤ ਕੀਤੇ ਗਿਆਨ ਨੂੰ ਸਕੂਲੀ ਸਿਲੇਬਸ ਵਿੱਚ ਪੜ੍ਹਾਏ ਜਾਂਦੇ ਵੋਲਟਾਸੈੱਲ ਤੇ ਖੁਸ਼ਕ ਬੈਟਰੀਆਂ ਨਾਲ ਜੋੜੇਗਾ। ਇਸ ਤੋਂ ਅਗਾਂਹ ਉਹ ਛੋਟੇ-ਛੋਟੇ ਲਿਥੀਅਮ ਸੈੱਲ ਵਿੱਚ ਹੁੰਦੀਆਂ ਰਸਾਇਣਕ ਕ੍ਰਿਆਵਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਦਾ ਜਾਵੇਗਾ। ਰਸਾਇਣਕ ਕ੍ਰਿਆਵਾਂ ਦੀ ਜਾਣਕਾਰੀ ਦੀ ਸੀਮਾ ਉਹ ਏਥੇ ਤੱਕ ਹੀ ਨਹੀਂ ਰੱਖੇਗਾ। ਸਗੋਂ ਰਸੋਈ ਵਿੱਚ ਮਿੱਠੇ ਸੋਡੇ ਤੇ ਨਿੰਬੂ ਦੇ ਰਸ ਦੀਆਂ ਕ੍ਰਿਆਵਾਂ ਵੀ ਉਸਨੂੰ ਆਕਰਸ਼ਿਤ ਕਰਨਗੀਆਂ। ਕੋਕਾ ਕੋਲਾ ਦੀਆਂ ਬੰਦ ਬੋਤਲਾਂ ਨੂੰ ਖੋਲ੍ਹਣ ਤੇ ਉਨ੍ਹਾਂ ਵਿੱਚੋਂ ਨਿਕਲਦੇ ਕਾਰਬਨ ਡਾਈਅਕਸਾਈਡ ਦੇ ਬੁਲਬੁਲੇ ਉਸਦਾ ਧਿਆਨ ਜ਼ਰੂਰ ਖਿੱਚਣਗੇ। ਇਨ੍ਹਾਂ ਸਾਰੀਆਂ ਕ੍ਰਿਆਵਾਂ ਜਾਣਕਾਰੀ ਲੈਣ ਤੋਂ ਬਾਅਦ ਉਹ ਆਚਾਰ ਪਾਉਣ ਵੇਲੇ ਉਨ੍ਹਾਂ ਵਿੱਚ ਪਾਏ ਜਾਂਦੇ ਪ੍ਰੀਜਰਵਰਾਂ ਦੀਆਂ ਕ੍ਰਿਆਵਾਂ ਬਾਰੇ ਜਾਣਕਾਰੀ ਉਸਦੀ ਦਿਲਚਸਪੀ ਦਾ ਵਿਸ਼ਾ ਹੋਵੇਗਾ। ਘਰ ਵਿੱਚ ਹੁੰਦੀ ਕਲੀ ਵੇਲੇ ਚੂਨੇ ਵਿੱਚ ਪਾਇਆ ਪਾਣੀ ਜਦੋਂ ਉਬਲੇਗਾ ਤਾਂ ਉਸ ਵਿੱਚ ਪੈਦਾ ਹੁੰਦੀ ਗਰਮੀ, ਹਰਕਤ ਤੇ ਆਵਾਜ਼ ਉਸ ਲਈ ਜੀਵਨ ਦੇ ਰਹੱਸਾਂ ਤੋਂ ਪਰਦਾ ਉਠਾਉਣ ਦਾ ਕੰਮ ਕਰਨਗੇ। ਉਹ ਮਨੁੱਖੀ ਸਰੀਰ ਵਿੱਚ ਪੈਦਾ ਹੁੰਦੀ ਹਰਕਤ, ਆਵਾਜ਼ ਤੇ ਗਰਮੀ ਦੇ ਕਾਰਨਾਂ ਨੂੰ ਉਹ ਸਰੀਰ ਵਿੱਚ ਹੁੰਦੀਆਂ ਰਸਾਇਣਕ ਕ੍ਰਿਆਵਾਂ ਨਾਲ ਜ਼ਰੂਰ ਜੋੜੇਗਾ। ਸਬਜ਼ੀਆਂ ਤੇ ਫਲਾਂ ਵਿੱਚ ਪੈਦਾ ਹੁੰਦੇ ਕੀੜੇ, ਕਣਕ ਦੀ ਸੁਸਰੀ, ਉਸਨੂੰ ਹੌਲੀ-ਹੌਲੀ ਸੁਖਮ ਜੀਵਾਂ ਦੀ ਦੁਨੀਆਂ ਵੱਲ ਲੈ ਜਾਏਗੀ। ਬਰੈਡ ਨੂੰ ਲੱਗਦੀ ਉਹ ਉੱਲੀ, ਦੁੱਧ ਦੇ ਫਟ ਜਾਣ ਦੇ ਕਾਰਨਾਂ ਨੂੰ ਜਾਣੇ ਬਗੈਰ ਉਹ ਨਹੀਂ ਰਹਿ ਸਕੇਗਾ। ਘਰ ਵਿੱਚ ਆਏ ਮਹਿਮਾਨ ਵੀ ਉਸਨੂੰ ਬਹੁਤ ਕੁਝ ਸਿਖਾਉਣਗੇ। ਮਹਿਮਾਨਾਂ ਦੀ ਚਾਹ ਤਿਆਰ ਕਰਨ ਸਮੇਂ ਪਾਏ ਪਾਣੀ ਦੇ ਕੱਪ, ਚੀਨੀ ਦੇ ਚਮਚੇ ਅਤੇ ਚਾਹ ਪੱਤੀ ਉਸਦੇ ਗਣਿਤ ਵਿੱਚ ਉਸਨੂੰ ਮਿਸ਼ਰਣ ਤੇ ਅਨੁਪਾਤ ਦੇ ਢੰਗ ਤਰੀਕੇ ਸਿਖਾਉਣਗੇ। ਹੌਲੀ-ਹੌਲੀ ਉਹ ਜਾਣ ਜਾਵੇਗਾ ਕਿ ਇੱਕ ਵਧੀਆ ਸ਼ੈੱਫ਼ ਜਾਂ ਕੁੱਕ ਬਣਨ ਲਈ ਉਸਨੂੰ ਗਣਿਤ ਵਿੱਚ ਵੀ ਵਧੀਆ ਹੋਣਾ ਪਵੇਗਾ ਤਾਂ ਜੋ ਉਹ ਮਿਕਸਇੰਗ ਤਾਂ ਠੀਕ ਅਨੁਪਾਤ ਵਿੱਚ ਕਰ ਸਕੇ।


# ਵਿਗਿਆਨ ਜੋਤ

**ਨੂੰ ਘਰ ਘਰ ਪਹੁੰਚਾਉਣ ਲਈ**
**ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।**

*'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।*

**ਪੰਜ ਪਾਠਕ** ਬਣਾਉਣ ਵਾਲੇ ਨੂੰ

*70 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ

*160 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ

*340 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ

*1000 ਰੁਪਏ ਮੁੱਲ ਦੀਆਂ ਕਿਤਾਬਾਂ*
*ਅਤੇ ਇੱਕ ਪ੍ਰਸ਼ੰਸਾ ਪੱਤਰ*
ਇਨਾਮ ਵਜੋਂ ਭੇਜੇ ਜਾਣਗੇ।

**ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :**

**ਅਮਿੱਤ ਮਿੱਤਰ**
*ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,*
*ਬਰਨਾਲਾ - 148101 (ਪੰਜਾਬ)*

**ਨੋਟ** ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਜੋ ਉਪਲੱਬਧ ਹੋਣਗੀਆਂ ਹੀ ਮਿਲਣਗੀਆਂ।
✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।
✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਵਿਗਿਆਨਮਈ ਜਨ-ਜੀਵਨ

**- ਸੰਜੇ ਚੌਧਰੀ**

ਭਾਰਤ ਵਰਗੇ ਗਰੀਬ ਅਤੇ ਘੱਟ-ਸੁਵਿਧਾਵਾਂ ਵਾਲੇ ਦੇਸ਼ 'ਚ ਵੀ ਸਾਡੇ ਵਿਗਿਆਨੀਆਂ, ਤਕਨੀਕੀ ਮਾਹਿਰਾਂ ਅਤੇ ਖੋਜਕਰਤਾਵਾਂ ਨੇ ਵਿਸ਼ਵ ਪੱਧਰ ਦਾ ਗਿਆਨ ਗ੍ਰਹਿਣ ਕਰਨ 'ਚ ਸਫਲਤਾ ਪ੍ਰਾਪਤ ਕੀਤੀ ਹੈ। ਅੱਜ ਭਾਰਤੀ ਪ੍ਰਤਿਭਾ ਨਾ ਸਿਰਫ ਆਪਣੇ ਦੇਸ਼ ਨੂੰ ਤਰੱਕੀ ਦੇ ਸਿਖਰ ਤੇ ਲੈ ਜਾਣ ਲਈ ਯਤਨਸ਼ੀਲ ਹੈ, ਸਗੋਂ ਵਿਦੇਸ਼ਾਂ 'ਚ ਵੀ ਆਪਣੀ ਜਿੱਤ ਦਾ ਝੰਡਾ ਲਹਿਰਾ ਰਹੀ ਹੈ। ਆਧੁਨਿਕ ਗਿਆਨ-ਵਿਗਿਆਨ ਦਾ ਕੋਈ ਅਜਿਹਾ ਖੇਤਰ ਨਹੀਂ, ਜਿੱਥੇ ਭਾਰਤੀ ਪ੍ਰਤਿਭਾ ਪ੍ਰਮੁੱਖ ਭੂਮਿਕਾ ਨਾ ਨਿਭਾ ਰਹੀ ਹੋਵੇ। ਪਰ ਇਹ ਇੱਕ ਸੱਚਾਈ ਹੈ ਕਿ ਭਾਰਤੀ ਸਮਾਜ 'ਚ ਵਿਗਿਆਨ ਅਤੇ ਤਕਨਾਲੋਜੀ ਨੂੰ ਅਸਲ ਅਰਥਾਂ 'ਚ ਜਨ-ਉਪਯੋਗੀ ਬਣਾਉਣ ਦੀ ਜਰੂਰਤ ਅੱਜ ਵੀ ਬਣੀ ਹੋਈ ਹੈ। ਵਿਗਿਆਨਕ ਅਤੇ ਤਕਨੀਕੀ ਉੱਨਤੀ ਦੇ ਬਾਵਜੂਦ ਭਾਰਤੀ ਸਮਾਜ 'ਚ ਅਨਪੜ੍ਹਤਾ, ਗਰੀਬੀ, ਕੁਪੋਸ਼ਨ, ਬੇਰੁਜਗਾਰੀ ਅਤੇ ਅੰਧਵਿਸ਼ਵਾਸ਼ ਦੀਆਂ ਜੜ੍ਹਾਂ ਨਿਰੰਤਰ ਮਜ਼ਬੂਤ ਹੋ ਰਹੀਆਂ ਹਨ।

ਦੇਸ਼ ਦੀਆਂ ਭਿੰਨ ਭਿੰਨ ਸਮਾਜਿਕ ਅਤੇ ਆਰਥਿਕ ਸੱਮਸਿਆਵਾਂ ਦੇ ਮੱਦੇ-ਨਜ਼ਰ ਅੱਜ ਵਿਗਿਆਨ ਅਤੇ ਤਕਨਾਲੋਜੀ ਦੇ ਸਾਰੇ ਦਿੱਖ ਅਤੇ ਅਦਿੱਖ ਪੱਖਾਂ ਨੂੰ ਵੇਖਣ ਅਤੇ ਸਮਝਣ ਦੀ ਜਰੂਰਤ ਪਹਿਲਾਂ ਨਾਲੋਂ ਕਿਤੇ ਜਿਆਦਾ ਵੱਧ ਗਈ ਹੈ। ਸਾਡੇ ਦੇਸ਼ ਦੀ ਵਰਤਮਾਨ ਸਥਿਤੀ ਇਹ ਹੈ ਕਿ ਵਿਸ਼ਾਲ ਭਾਰਤੀ ਮਹਾਂਸਾਗਰ 'ਚ ਸ਼ਹਿਰੀ ਖੁਸ਼ਹਾਲੀ ਅਤੇ ਸੰਪੂਰਨਤਾ ਦੇ ਕੁਝ ਥੋੜ੍ਹੇ ਜਿਹੇ ਹੀ ਦੀਪ ਜਗਮਗਾਉਂਦੇ ਨਜ਼ਰ ਆਉਂਦੇ ਹਨ ਜਦਕਿ ਪਿੰਡਾਂ 'ਚ ਰਹਿਣ ਵਾਲੀ ਜਿਆਦਾਤਰ ਜਨਸੰਖਿਆ ਅੱਜ ਵੀ ਪਛੜੇਪਨ ਦੀਆਂ ਲਹਿਰਾਂ ਨਾਲ ਜੂਝ ਰਹੀ ਹੈ। ਦੇਸ਼ ਦੀ ਬਹੁਤ ਵੱਡੀ ਆਬਾਦੀ ਦਾ ਵਿਗਿਆਨਕ ਚਿੰਤਨ ਧਾਰਾ ਨਾਲ ਅੱਜ ਵੀ ਕੋਈ ਸਰੋਕਾਰ ਨਹੀਂ ਹੈ। ਸ਼ਾਇਦ ਇਸਦਾ ਇੱਕ ਕਾਰਨ ਇਹ ਵੀ ਹੈ ਕਿ ਆਮ ਜਨਤਾ ਦੀ ਚਿੰਤਨ-ਪਰੰਪਰਾ ਨੂੰ ਸਹੀ ਪਰਿਪੇਖ 'ਚ ਸਮਝਣ ਦਾ ਕੋਈ ਗੰਭੀਰ ਯਤਨ ਨਹੀਂ ਕੀਤਾ ਗਿਆ। ਇਸ ਕਾਰਨ ਹੀ ਸਾਡੇ ਦੇਸ਼ 'ਚ ਸਮਾਜਿਕ ਮਾਨਤਾਵਾਂ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਦੇ ਵਿੱਚ ਬਹੁਤ ਵੱਡੀ ਖਾਈ ਨਜ਼ਰ ਆ ਰਹੀ ਹੈ।



ਸ਼ਹਿਰਾਂ ਤੋਂ ਦੂਰ ਪਿੰਡਾਂ 'ਚ ਰਹਿਣ ਵਾਲੇ ਅਤੇ ਅੰਗਰੇਜੀ ਨਾ ਸਮਝਣ ਵਾਲੇ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਅਤੇ ਵਿਕਾਸ ਦੇ ਕੰਮਾਂ ਦੇ ਨਾਲ ਸੰਬੰਧਿਤ ਕਈ ਪੱਖਾਂ ਦੀ ਸਹੀ ਅਤੇ ਪੂਰੀ ਜਾਣਕਾਰੀ ਨਹੀਂ ਹੁੰਦੀ। ਪੂਰੀ ਜਾਣਕਾਰੀ ਨਾ ਹੋਣ ਦੇ ਕਾਰਣ ਉਹ ਨਾ ਸਿਰਫ ਸਮਾਜਿਕ ਪੱਧਰ ਦੇ ਪੱਖ ਤੋਂ ਪਿੱਛੇ ਹਨ ਸਗੋਂ ਵਿਕਾਸ ਦੀ ਦੌੜ 'ਚ ਵੀ ਪਿਛੜ ਰਹੇ ਹਨ। ਅਨਪੜ੍ਹ ਅਤੇ ਘੱਟ ਪੜ੍ਹੇ-ਲਿਖੇ ਲੋਕਾਂ ਨੂੰ ਜੇ ਉਹਨਾਂ ਦੀ ਭਾਸ਼ਾ ਅਤੇ ਬੌਧਿਕ ਪੱਧਰ ਦੇ ਅਨੁਸਾਰ ਕੰਮ ਦੀਆਂ ਗੱਲਾਂ ਦੱਸੀਆਂ ਜਾਣ ਤਾਂ ਤਬਦੀਲੀ ਆ ਸਕਦੀ ਹੈ। ਸਮਾਜਿਕ ਹਿਤ 'ਚ ਵਿਗਿਆਨ ਅਤੇ ਤਕਨਾਲੋਜੀ ਦਾ ਕਾਰਗਰ ਉਪਯੋਗ ਯਕੀਨੀ ਬਣਾ ਕੇ ਸਥਿਤੀ 'ਚ ਸੁਧਾਰ ਲਿਆਉਣਾ ਪੂਰੀ ਤਰ੍ਹਾਂ ਜਰੂਰੀ ਹੈ। ਪਰੰਤੂ ਵਿਗਿਆਨ ਦੀ ਸਮਾਜਿਕ ਹਿੱਤ 'ਚ ਵਰਤੋਂ ਕਰਦੇ ਸਮੇਂ ਇਹ ਯਕੀਨੀ ਬਣਾਉਣਾ ਬਹੁਤ ਜਰੂਰੀ ਹੈ ਕਿ ਇਹ ਵਰਤੋਂ ਸਕਰਾਤਮਕ, ਤਰੱਕੀਭਰਪੂਰ ਅਤੇ ਲੋਕ-ਹਿਤੂ ਹੋਵੇ।

ਇਹ ਇੱਕ ਸੱਚਾਈ ਹੈ ਕਿ ਭਾਰਤੀ ਸਮਾਜ ਦੀ ਆਰਥਿਕ ਵਿਵਸਥਾ ਨੂੰ ਮਜ਼ਬੂਤ ਕਰਨ ਅਤੇ ਆਮ ਆਦਮੀ ਦੇ ਵਿਚਾਰਧਾਰਕ ਦ੍ਰਿਸ਼ਟੀਕੋਣ ਨੂੰ ਵਿਆਪਕ ਬਣਾਉਣ 'ਚ ਵਿਗਿਆਨ ਤੋਂ ਬਿਨਾਂ ਹੋਰ ਕੋਈ ਦੂਸਰਾ ਮੱਦਦਗਾਰ ਨਹੀਂ ਹੋ ਸਕਦਾ। ਪੇਂਡੂ ਖੇਤਰਾਂ 'ਚ ਪੀਣ ਵਾਲੇ ਪਾਣੀ, ਸਿਹਤ, ਸਿੱਖਿਆ, ਖੇਤੀ ਦੇ ਲਈ ਉੱਨਤ ਬੀਜ, ਪਿਸ਼ਾਬ ਘਰ, ਸੜਕ ਅਤੇ ਆਵਾਜਾਈ ਆਦਿ ਸੇਵਾਵਾਂ ਦੀ ਕਮੀ ਹੈ ਅਤੇ ਹੋਰ ਸੰਬੰਧਿਤ ਸੱਮਸਿਆਵਾਂ ਗੰਭੀਰ ਹੁੰਦੀਆਂ ਜਾ ਰਹੀਆਂ ਹਨ। ਇੱਥੋਂ ਤੱਕ ਉਹਨਾਂ ਬੁਨਿਆਦੀ ਜਰੂਰਤਾਂ ਨੂੰ ਵੀ ਅਸੀਂ ਪੂਰਾ ਨਹੀਂ ਕਰ ਸਕਦੇ ਜਿਸਨੂੰ ਪੂਰਾ ਕਰਨ ਦਾ ਸੁਪਨਾ ਜਵਾਹਰ ਲਾਲ ਨਹਿਰੂ ਨੇ ਦੇਖਿਆ ਸੀ - "ਅਸੀਂ ਭਾਰਤ ਦੇ ਲੋਕਾਂ ਦੇ ਲਈ ਰੋਟੀ, ਕੱਪੜਾ, ਮਕਾਨ, ਸਿੱਖਿਆ ਅਤੇ ਸਿਹਤ ਆਦਿ ਦਾ ਇੰਤਜ਼ਾਮ ਕਰਨਾ ਹੈ। ਇਹ ਅਜਿਹੀਆਂ ਬੁਨਿਆਦੀ ਜਰੂਰਤਾਂ ਹਨ ਜੋ ਹਰ ਇਨਸਾਨ ਕੋਲ ਹੋਣੀਆਂ ਚਾਹੀਦੀਆਂ ਹਨ। ਇਸ ਲਈ ਵਿਗਿਆਨ ਨੂੰ ਇੰਨ੍ਹਾਂ ਕਰੋੜਾਂ ਭਾਰਤ ਵਾਸੀਆਂ ਦੇ ਬਾਰੇ 'ਚ ਸੋਚਣਾ ਚਾਹੀਦਾ ਹੈ, ਉਹਨਾਂ ਲਈ ਕੰਮ ਕਰਨਾ ਚਾਹੀਦਾ ਹੈ ਜੋ ਇਹਨਾਂ ਬੁਨਿਆਦੀ ਜਰੂਰਤਾਂ ਤੋਂ ਸੱਖਣੇ ਹਨ।"

ਅੱਜ ਸਾਡੇ ਦੇਸ਼ 'ਚ ਇੱਕ ਪਾਸੇ ਅਸੀਂ ਵਿਗਿਆਨ ਅਤੇ ਤਕਨੀਕੀ ਦੇ ਖੇਤਰ 'ਚ ਵਡਮੁੱਲੀ ਤਰੱਕੀ ਵੇਖ ਰਹੇ ਹਾਂ ਪਰ ਦੂਜੇ ਪਾਸੇ ਸਾਡੀ ਸੋਚ ਤੇ ਮਾਨਸਿਕਤਾ ਬਹੁਤ ਹੀ ਜਿਆਦਾ ਅਵਿਗਿਆਨਕ ਬਣੀ ਹੋਈ ਹੈ। ਅਸੀਂ ਆਪਣੇ ਕਰੋੜਾਂ ਦੇਸ਼ਵਾਸੀਆਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਬਾਰੇ ਸਿੱਖਿਅਤ ਨਹੀਂ ਕਰ ਸਕੇ। ਇਸ ਤੋਂ ਵੀ ਜ਼ਿਆਦਾ ਚਿੰਤਾਜਨਕ ਗੱਲ ਇਹ ਹੈ ਕਿ ਗਿਆਨ ਦੇ ਆਧਾਰ 'ਤੇ ਭਾਰਤੀ ਸਮਾਜ ਦੀ ਵੰਡ। ਵਿਗਿਆਨ ਦੀਆਂ ਪ੍ਰਾਪਤੀਆਂ ਅਤੇ ਇਸਦੇ ਲਾਭਾਂ ਨੂੰ ਅੱਜ ਕੁਝ ਚੌਣਵੇਂ ਲੋਕਾਂ ਤੱਕ ਸੀਮਿਤ ਕਰ ਦਿੱਤਾ ਗਿਆ ਹੈ ਜਿਸ ਨੇ ਸਮਾਜਿਕ ਭੇਦ-ਭਾਵ, ਅੰਧਵਿਸ਼ਵਾਸ਼ ਸਮਾਜਿਕ ਕੁਰੀਤੀਆਂ ਅਤੇ ਹੋਰ ਤਰ੍ਹਾਂ ਤਰ੍ਹਾਂ ਦੇ ਅਪਰਾਧਾਂ 'ਚ ਵਾਧਾ ਕੀਤਾ ਹੈ।

ਇਸ ਪਿੱਠ-ਭੂਮੀ 'ਚ ਇਹ ਸਮਝਣਾ ਮੁਸ਼ਕਿਲ ਨਹੀਂ ਹੈ ਕਿ ਸਾਧਾਰਨ ਲੋਕਾਂ ਤੱਕ ਵਿਗਿਆਨ ਅਤੇ ਤਕਨੀਕ ਦੀਆ ਨਵੀਆਂ ਤੋਂ ਨਵੀਆਂ ਪ੍ਰਾਪਤੀਆਂ ਨਾ ਪਹੁੰਚਣ ਪਿੱਛੇ ਕੀ ਕਾਰਣ ਹੈ? ਗੱਲ ਭਾਵੇਂ ਉਦਯੋਗਿਕ ਕ੍ਰਾਂਤੀ ਦੀ ਹੋਵੇ, ਖੇਤੀ ਕ੍ਰਾਂਤੀ ਦੀ ਹੋਵੇ ਜਾਂ ਫਿਰ ਵਿਗਿਆਨਕ ਕ੍ਰਾਂਤੀ ਦੀ ਹੀ ਕਿਉਂ ਨਾ ਹੋਵੇ, ਆਮ ਲੋਕਾਂ ਨੂੰ ਇਸਦੇ ਨਾਲ ਜੋੜ ਕੇ ਹੀ ਇਸਦੀ ਪੂਰੀ ਸਫਲਤਾ ਯਕੀਨੀ ਬਣਾਈ ਜਾ ਸਕਦੀ ਹੈ। ਕਿਸੇ ਅੰਦੋਲਨ ਦੇ ਸਫਲ ਹੋਣ ਲਈ ਇਸਦਾ ਜਨ ਅੰਦੋਲਨ ਬਣਨਾ ਜਰੂਰੀ ਹੁੰਦਾ ਹੈ। ਇਸ ਤਰ੍ਹਾਂ ਵਿਗਿਆਨ ਅਤੇ ਤਕਨੀਕ ਉਦੋਂ ਹੀ ਜਨ-ਸੰਸਕ੍ਰਿਤੀ ਬਣ ਸਕਦੀਆਂ ਹਨ ਜਦੋਂ ਉਹ ਲੋਕਾਂ ਦੀ ਭਾਸ਼ਾ 'ਚ ਉਹਨਾਂ ਤੱਕ ਪਹੁੰਚਾਈਆਂ ਜਾਣ। ਸਿਰਫ ਬਿਆਨਬਾਜ਼ੀ ਜਾਂ ਨਾਹਰੇਬਾਜ਼ੀ ਨਾਲ ਕ੍ਰਾਂਤੀ ਨਹੀਂ ਆਉਂਦੀ। ਇਸ ਲਈ ਆਮ ਜਨਤਾ ਦੀਆਂ ਭਾਵਨਾਵਾਂ ਅਤੇ ਸੰਵੇਦਨਾਵਾਂ ਤੱਕ ਪਹੁੰਚ ਬਣਾਉਣੀ ਜਰੂਰੀ ਹੈ। ਇਹ ਵੀ ਇੱਕ ਵਿਵਾਦ-ਰਹਿਤ ਸੱਚ ਹੈ ਕਿ ਲੋਕਾਂ ਦੀਆਂ ਭਾਵਨਾਵਾਂ ਦਾ ਉਹਨਾਂ ਦੀ ਆਪਣੀ ਭਾਸ਼ਾ ਨਾਲ ਸਭ ਤੋਂ ਜਿਆਦਾ ਡੂੰਘਾ ਸੰਬੰਧ ਹੁੰਦਾ ਹੈ।

ਅੱਜ ਇਹ ਗੱਲ ਵੱਡੇ ਪੱਧਰ ਤੇ ਮਹਿਸੂਸ ਕੀਤੀ ਜਾ ਰਹੀ

ਹੈ ਕਿ ਵਿਗਿਆਨ ਨੂੰ ਲੋਕਪ੍ਰਿਯ ਬਣਾਉਣ ਲਈ ਜਨਤਾ ਦੀ ਭਾਸ਼ਾ ਦਾ ਰਸਤਾ ਨਾ ਅਪਨਾਉਣ ਦੇ ਕਾਰਨ ਹੀ ਦੇਸ਼ ਦੀ ਜਨਤਾ ਦਾ ਦ੍ਰਿਸ਼ਟੀਕੋਣ ਵਿਗਿਆਨਕ ਨਹੀਂ ਹੋ ਰਿਹਾ। ਇਹੀ ਕਾਰਨ ਹੈ ਕਿ ਵਿਗਿਆਨ ਨੂੰ ਇੱਕ ਜਨ-ਅੰਦੋਲਨ ਦਾ ਰੂਪ ਦੇਣ 'ਚ ਅਸੀਂ ਅਸਫਲ ਰਹੇ ਹਾਂ। ਅਸਲ ਵਿੱਚ ਵਿਗਿਆਨ ਦੇ ਪ੍ਰਚਾਰ ਪ੍ਰਸਾਰ ਦੇ ਲਈ ਸਵਦੇਸ਼ੀ ਭਾਸ਼ਾ ਨੂੰ ਨਾ ਚੁਣਨਾ ਇਸਦੀ ਸਭ ਤੋਂ ਵੱਡੀ ਰੁਕਾਵਟ ਸਾਬਿਤ ਹੋਈ ਹੈ। ਸੁਪ੍ਰਸਿੱਧ ਹਿੰਦੀ ਸਾਹਿਤਕਾਰ ਕਮਲੇਸ਼ਵਰ ਨੇ ਕਿਹਾ ਸੀ "ਵਿਗਿਆਨ ਦੇ ਖੇਤਰ 'ਚ ਸਭ ਤੋਂ ਵੱਡੀ ਸਮੱਸਿਆ ਭਾਸ਼ਾ ਮਾਧਿਅਮ ਦੀ ਹੈ। ਉੱਚ ਸਿੱਖਿਆ 'ਚ ਮਾਧਿਅਮ ਤਬਦੀਲ ਨਾ ਹੋਣ ਦੇ ਕਾਰਨ ਅੱਗੇ ਵੀ ਵਿਗਿਆਨ ਦੀ ਪਹੁੰਚ ਬਹੁਗਿਣਤੀ ਸਮਾਜ ਤੱਕ ਨਹੀਂ ਹੋ ਰਹੀ ਹੈ। ਵਿਅਕਤੀਗਤ ਅਤੇ ਸਰਕਾਰੀ ਕੋਸ਼ਿਸ਼ਾਂ ਨਾਲ ਵਿਗਿਆਨਕ ਅਤੇ ਤਕਨੀਕੀ ਸ਼ਬਦਾਵਲੀ ਦੀ ਸਮੱਸਿਆ ਕੁਝ ਹੱਦ ਤੱਕ ਸੁਲਝ ਗਈ ਹੈ। ਜਿਸ ਦੀ ਸਹਾਰੇ ਅੱਜ ਗਿਆਨ ਦੀ ਹਰ ਵਿਧਾ 'ਚ ਸਾਰਥਕ ਪੇਸ਼ਕਾਰੀ ਸਹਿਜੇ ਰੂਪ ਵਿੱਚ ਸੰਭਵ ਹੈ। ਪਰ ਜਦੋਂ ਅਸੀਂ ਭਾਰਤ 'ਚ ਵਿਗਿਆਨ ਅਤੇ ਤਕਨੀਕ ਦੇ ਵਿਕਾਸ ਤੇ ਨਜ਼ਰ ਮਾਰਦੇ ਹਾਂ ਤਾਂ ਵੇਖਣ ਨੂੰ ਮਿਲਦਾ ਹੈ ਕਿ ਇਸ ਖੇਤਰ 'ਚ ਹਿੰਦੀ, ਪੰਜਾਬੀ ਤੇ ਹੀ ਨਹੀਂ ਸਗੋਂ ਸਾਰੀਆਂ ਭਾਰਤੀ ਭਾਸ਼ਾਵਾਂ 'ਤੇ ਵਿਦੇਸ਼ੀ ਭਾਸ਼ਾਵਾਂ ਭਾਰੂ ਹਨ। ਇਸੇ ਕਾਰਣ ਸਾਡੇ ਦੇਸ਼ 'ਚ ਵਿਗਿਆਨ ਦੀ ਪਹੁੰਚ ਡਿੱਗੀ ਹੈ ਅਤੇ ਸਵਦੇਸ਼ੀ ਵਿਗਿਆਨ ਦੀ ਅਮੀਰ ਪ੍ਰੰਪਰਾ ਖਤਮ ਹੋ ਰਹੀ ਹੈ। ਵੇਦਾਂ, ਪੁਰਾਣਾਂ ਆਦਿ ਪ੍ਰਾਚੀਨ ਗ੍ਰੰਥਾਂ 'ਚ ਵਰਣਿਤ ਗਿਆਨ-ਵਿਗਿਆਨ ਜਦੋਂ ਪੱਛਮੀ ਦੇਸ਼ਾਂ ਤੋਂ ਹੋ ਕੇ ਸਾਡੇ ਤੱਕ ਆਉਂਦਾ ਹੈ, ਉਦੋਂ ਹੀ ਸਾਡਾ ਧਿਆਨ ਉਹਦੇ ਵੱਲ ਜਾਂਦਾ ਹੈ। ਕੌੜੀ ਸੱਚਾਈ ਇਹ ਹੈ ਕਿ ਦੇਸ਼ 'ਚ ਆਯਾਤ ਗਿਆਨ ਨੂੰ ਆਯਾਤ ਭਾਸ਼ਾ 'ਚ ਅਪਨਾਉਣ ਦਾ ਪ੍ਰਚਲਨ ਲਗਾਤਾਰ ਵੱਧ ਰਿਹਾ ਹੈ। ਇਸਦੇ ਸਿੱਟੇ ਵਜੋਂ ਵਿਗਿਆਨ ਅਤੇ ਆਮ ਭਾਰਤੀ ਜੀਵਨ 'ਚ ਇਸਦੇ ਉਪਯੋਗ ਦੇ ਵਿੱਚ ਦੂਰੀ ਵੱਧਦੀ ਜਾ ਰਹੀ ਹੈ। ਫਲਸਰੂਪ ਭਾਰਤੀ ਸਮਾਜਿਕ ਜਰੂਰਤਾਂ ਦੇ ਅਨੁਸਾਰ ਪਾਰੰਪਰਿਕ ਤਕਨੀਕ ਦੇ ਵਿਕਾਸ ਦਾ ਰਸਤਾ ਵੀ ਹੌਲੀ ਹੌਲੀ ਬੰਦ ਹੁੰਦਾ ਜਾ ਰਿਹਾ ਹੈ।

ਸੰਸਕ੍ਰਿਤ ਭਾਸ਼ਾ ਦੇ ਇੱਕ ਸ਼ਲੋਕ ਦੇ ਅਨੁਸਾਰ ਸਾਹਿਤ, ਸੰਗੀਤ ਅਤੇ ਕਲਾ ਤੋਂ ਰਹਿਤ ਮਨੁੱਖ ਇੱਕ ਪੂੰਛ ਰਹਿਤ ਪਸ਼ੂ ਦੇ ਬਰਾਬਰ ਹੁੰਦਾ ਹੈ। ਪਰੰਤੂ ਅੱਜ ਦੇ ਵਿਗਿਆਨਕ ਯੁੱਗ 'ਚ ਸਾਹਿਤ, ਸੰਗੀਤ ਅਤੇ ਕਲਾ ਤੋਂ ਜਿਆਦਾ ਮਹੱਤਵਪੂਰਨ ਵਿਗਿਆਨ ਹੋ ਗਿਆ ਹੈ। ਇਹ ਇੰਨਾਂ ਤਾਕਤਵਰ ਹੋ ਗਿਆ ਹੈ ਕਿ ਤਬਦੀਲੀ ਅਤੇ ਤੱਰਕੀ ਦਾ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਬਣ ਚੁੱਕਾ ਹੈ। ਪਰੰਤੂ ਪੇਂਡੂ ਭਾਰਤ ਅੱਜ ਵੀ ਇਸ ਕ੍ਰਾਂਤੀ ਤੋਂ ਅਛੂਤ ਹੈ। ਅੱਧੇ ਤੋਂ ਜਿਆਦਾ ਭਾਰਤ ਦਾ ਹਿੱਸਾ ਜਦ ਅਵਿਕਸਿਤ ਬਣਿਆ ਹੋਇਆ ਹੈ ਤਾਂ ਭਾਰਤ ਦਾ ਸੰਪੂਰਨ ਵਿਕਾਸ ਭਲਾ ਕਿਵੇਂ ਹੋਵੇਗਾ? ਅੱਜ ਸ਼ਹਿਰੀ ਅਤੇ ਪੇਂਡੂ ਭਾਰਤ ਦੇ ਵਿੱਚ ਦੂਰੀਆਂ ਵੱਧਦੀਆਂ ਜਾ ਰਹੀਆਂ ਹਨ। ਅਜਿਹੇ 'ਚ ਗਰੀਬ, ਅਨਪੜ੍ਹ, ਪੇਂਡੂ ਜਨਤਾ ਨੂੰ ਅੱਗੇ ਲਿਆਉਣ ਦੇ ਲਈ ਉਹਨਾਂ ਵਿੱਚ ਵਿਗਿਆਨ ਦਾ ਚਾਨਣ ਫੈਲਾਉਣਾ ਪਵੇਗਾ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਸ ਰੌਸ਼ਨੀ ਨੂੰ ਜਨ-ਜਨ ਤੱਕ ਪਹੁੰਚਾਉਣ ਦੇ ਲਈ ਅਪਾਨੀ ਮਾਤ ਭਾਸ਼ਾ ਤੋਂ ਵਧੀਆ ਹੋਰ ਕੋਈ ਦੂਸਰਾ ਮਾਧਿਅਮ ਨਹੀਂ ਹੋ ਸਕਦਾ। ਭਾਰਤ ਵਿੱਚ ਵਿਗਿਆਨ ਅਤੇ ਆਮ ਜਨਤਾ ਦੇ ਵਿੱਚ ਦੀ ਦੂਰੀ ਨੂੰ ਖਤਮ ਕਰਨ ਦੇ ਲਈ ਇਹ ਜਰੂਰੀ ਹੈ ਕਿ ਵਿਗਿਆਨ ਨਾਲ ਸਬੰਧਿਤ ਭਰਮਾਂ ਨੂੰ ਦੂਰ ਕੀਤਾ ਜਾਵੇ। ਵਿਗਿਆਨ ਨੂੰ ਆਮ ਲੋਕਾਂ ਤੋਂ ਦੂਰ ਮਾਹਿਰਾਂ ਦੇ ਮਤਲਬ ਦੀ ਚੀਜ਼ ਮੰਨਣ ਦੀ ਧਾਰਨਾ 'ਚ ਤਬਦੀਲੀ ਲਿਆਉਣੀ ਜਰੂਰੀ ਹੈ। ਸਾਨੂੰ ਆਮ ਲੋਕਾਂ ਤੱਕ ਇਹ ਗੱਲ ਪਹੁੰਚਾਉਣੀ ਪਵੇਗੀ ਕਿ ਵਿਗਿਆਨ ਸਿਰਫ ਵਿਗਿਆਨੀਆਂ ਜਾਂ ਤਕਨੀਕੀ ਮਾਹਿਰਾਂ ਤੱਕ ਸੀਮਤ ਨਹੀਂ ਹੈ ਸਗੋਂ ਇਹ ਆਮ ਲੋਕਾਂ ਦੇ ਜੀਵਨ ਨਾਲ ਵੀ ਸਿੱਧੇ-ਸਿੱਧੇ ਜੁੜਿਆ ਹੋਇਆ ਗਿਆਨ ਹੈ। ਦੂਰ ਪ੍ਰਯੋਗਸ਼ਾਲਾਵਾਂ 'ਚ ਜੋ ਲੋਕ ਬੈਠੇ ਹਨ, ਉਹੀ ਵਿਗਿਆਨ ਕਰਦੇ ਹਨ ਅਤੇ ਇਹ ਉਹਨਾਂ ਦੇ ਹੀ ਸਮਝ ਦੀ ਗੱਲ ਹੈ, ਇਹ ਧਾਰਨਾ ਗਲਤ ਹੈ। ਲੋਕਾਂ ਦੀ ਭਾਸ਼ਾ 'ਚ ਜੇ ਅਸੀਂ ਲੇਖ ਲਿਖੀਏ, ਵਿਗਿਆਨ ਦੇ ਬਾਰੇ 'ਚ ਕੁਝ ਦੱਸੀਏ ਤਾਂ ਉਹਨਾਂ ਦੀ ਇਹ ਧਾਰਨਾ ਦੂਰ ਹੋ ਸਕਦੀ ਹੈ।

ਸਪੱਸ਼ਟ ਹੈ ਕਿ ਸਾਨੂੰ ਵਿਗਿਆਨ ਨੂੰ ਅੱਜ ਕੁਝ ਅਜਿਹੇ ਰੂਪ 'ਚ ਲੋਕਾਂ ਸਾਹਮਣੇ ਰੱਖਣਾ ਪਏਗਾ ਕਿ ਇਹ ਆਮ ਜਨਤਾ ਦੁਆਰਾ ਆਪਣਾ ਗਿਆਨ ਬਣ ਕੇ ਉੱਭਰ ਸਕੇ। ਇਸਦੇ ਨਾਲ ਨਾਲ ਸਾਨੂੰ ਭਾਰਤੀ ਮਨੁੱਖ ਦੇ ਦ੍ਰਿਸ਼ਟੀਕੋਣ ਨੂੰ ਵਿਆਪਕ ਬਣਾਉਣ ਦੇ ਲਈ ਆਪਣੇ ਯਤਨਾਂ 'ਚ ਤੇਜੀ ਲਿਆਉਣੀ ਪਵੇਗੀ। ਇਸਦੇ ਲਈ ਭਾਰਤੀ ਸਮਾਜ 'ਚ ਪ੍ਰਚੱਲਿਤ ਅੰਧਵਿਸ਼ਵਾਸ਼ਾਂ, ਕੁਰੀਤੀਆਂ ਅਤੇ ਭਰਮ ਭਰਪੂਰ ਧਾਰਨਾਵਾਂ ਨੂੰ ਦੂਰ ਕਰਨਾ ਜਰੂਰੀ ਹੈ। ਇਹ ਉਦੇਸ਼ ਦੀ ਪੂਰਤੀ ਲਈ ਆਮ ਲੋਕਾਂ 'ਚ ਵਿਗਿਆਨਕ ਦ੍ਰਿਸ਼ਟੀਕੋਣ ਦਾ ਵਿਕਾਸ ਸਭ ਤੋਂ ਜਿਆਦਾ ਮਹੱਤਵ ਰੱਖਦਾ ਹੈ। ਵਿਗਿਆਨ ਦੇ ਮਾਧਿਅਮ ਰਾਹੀਂ ਸਮਾਜਿਕ ਮਾਨਤਾਵਾਂ ਦੀ ਵਿਆਖਿਆ ਕਰਨ ਦੀ ਪ੍ਰਵਿਰਤੀ ਵਿਕਸਤ ਕਰਨ ਦੇ ਲਈ ਜਨ-ਜਨ ਨੂੰ ਪ੍ਰੇਰਿਤ ਕਰਨਾ ਹੀ ਹਰ ਵਿਗਿਆਨਕ ਮੁਹਿੰਮ ਦਾ ਉਦੇਸ਼ ਹੋਣਾ ਚਾਹੀਦਾ ਹੈ। ਇਹ ਵੀ ਧਿਆਨ ਰੱਖਣ ਵਾਲੀ ਗੱਲ ਹੈ ਕਿ, ਕਿਉਂਕਿ ਅਜਿਹੀਆਂ ਮੁਹਿੰਮਾਂ ਜਨਤਾ ਦੇ ਲਈ ਹੁੰਦੀਆਂ ਹਨ, ਸੋ ਇਸ ਕਰਕੇ ਇਸਨੂੰ ਜਨਤਾ ਦੇ ਪੱਧਰ ਦੇ ਅਨੁਸਾਰ ਅਤੇ ਉਹਨਾਂ ਨੂੰ ਸਮਝ 'ਚ ਆਉਣ ਵਾਲੀ ਬੋਲਚਾਲ ਦੀ ਆਮ ਭਾਸ਼ਾ 'ਚ ਹੀ ਚਲਾਇਆ ਜਾਣਾ ਚਾਹੀਦਾ ਹੈ। ਸਾਡੇ ਦੇਸ਼ 'ਚ ਵਿਗਿਆਨ ਦੀ ਗੰਗਾ ਅੱਜ ਵਿਦੇਸ਼ੀ ਭਾਸ਼ਾ ਦੀਆਂ ਬੇੜੀਆਂ ਚ ਜਕੜ ਦਿੱਤੀ ਗਈ ਹੈ। ਇਹੀ ਕਾਰਨ ਹੈ ਕਿ ਕਿਸਾਨ, ਮਜ਼ਦੂਰ ਅਤੇ ਅੰਗਰੇਜ਼ੀ ਤੋਂ ਨਾ ਵਾਕਫ ਬਹੁਗਿਣਤੀ ਲੋਕ ਵਿਗਿਆਨ ਦੇ ਵਰਦਾਨਾਂ ਤੋਂ ਵਾਂਝੇ ਹੋ ਕੇ ਆਪਣਾ ਜੀਵਨ ਬਤੀਤ ਕਰਨ ਲਈ ਮਜ਼ਬੂਰ ਹਨ। ਇਹ ਵਰਗ ਸਮਾਜਿਕ ਸ਼ੋਸ਼ਣ ਦਾ ਸਭ ਤੋਂ ਜ਼ਿਆਦਾ ਸ਼ਿਕਾਰ ਹੋਣ ਦੇ ਨਾਲ ਨਾਲ ਰੂੜੀਵਾਦ ਅਤੇ ਅੰਧਵਿਸ਼ਵਾਸ਼ਾਂ ਦੇ ਸ਼ਿਕੰਜੇ 'ਚ ਵੀ ਬਹੁਤ ਤਰ੍ਹਾਂ ਫਸੇ ਹੋਏ ਹਨ। ਇਸ ਵਾਸਤੇ ਸਾਡੇ ਲਈ ਇਹ ਜਰੂਰੀ ਹੈ ਕਿ ਜਿਸ ਗਤੀ ਨਾਲ ਦੁਨੀਆ ਬਦਲ ਰਹੀ ਹੈ, ਉਸੇ ਗਤੀ ਨਾਲ ਅਸੀਂ ਵੀ ਆਪਣੀ ਸੋਚ 'ਚ ਤਬਦੀਲੀ ਲੈ ਕੇ ਆਈਏ। ਤਬਦੀਲੀ ਸੰਸਾਰ ਦਾ ਨਿਯਮ ਹੈ ਅਤੇ ਸਾਨੂੰ ਵੀ ਪਰਿਵਰਤਨਸ਼ੀਲ ਬਣਨਾ ਹੋਵੇਗਾ। ਜੇ ਅਸੀਂ ਦੁਨੀਆਂ ਦੀ ਸਭ ਤੋਂ ਪੁਰਾਣੀ ਸੱਭਿਅਤਾ ਨੂੰ ਦੁਬਾਰਾ ਉਸਦੇ ਗੌਰਵਮਈ ਸਰੂਪ 'ਚ ਦੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਚਿੰਤਨ ਅਤੇ ਜੀਵਨ ਨੂੰ ਜਿਆਦਾ ਤੋਂ ਜਿਆਦਾ ਵਿਗਿਆਨਕ ਦ੍ਰਿਸ਼ਟੀਕੋਣ ਭਰਪੂਰ ਬਣਾਉਣਾ ਹੀ ਪਵੇਗਾ।

– 'ਵਿਗਿਆਨ ਪ੍ਰਗਤੀ' ਵਿੱਚੋਂ ਧੰਨਵਾਦ ਸਹਿਤ
ਪੰਜਾਬੀ ਅਨੁਵਾਦ : ਹਰਸ਼ਦੀਪ ਕੌਰ
ਪੀ. ਏ. ਯੂ. ਲੁਧਿਆਣਾ।


**ਸੂ ਚ ਨਾ**

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ* **400/-ਰੁਪੈ** *ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।* **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



# ਧਰਮ ਦੇ ਮਾਰੇ ਦਲਿਤ ਬੇਚਾਰੇ

* ਮੂਲ – ਭਾਰਤ ਭੂਸ਼ਣ ਸ਼੍ਰੀਵਾਸਤਵ * ਅਨੁਵਾਦਕ : ਪਵਨ ਕੁਮਾਰ ਰੱਤੋਂ

ਜੇਕਰ ਪੂਜਾ ਪਾਠ, ਹਵਨ ਯੱਗ ਕਰਨਾ ਅਤੇ ਜੱਥੇ ਦੇ ਜੱਥੇ ਬਣਾ ਕੇ ਮੰਦਰਾਂ ਵਿੱਚ ਬੈਠੇ ਰੱਬ ਦੇ ਦਰਸ਼ਨ ਕਰਨ ਜਾਣਾ ਹੀ ਜਾਗਰੂਕਤਾ ਦੀ ਨਿਸ਼ਾਨੀ ਹੈ ਤਾਂ ਇਸ ਦੇਸ਼ ਦਾ ਦਲਿਤ ਤਬਕਾ ਏਨਾ ਜਾਗਰੂਕ ਹੋ ਚੁੱਕਿਆ ਹੈ ਕਿ ਉਸਨੂੰ ਹੁਣ ਦਲਿਤ ਜਾਂ ਛੋਟੀ ਜਾਤ ਦਾ ਕਹਿਣ ਦੀ ਕੋਈ ਵਜ੍ਹਾਂ ਨਹੀਂ ਹੈ। ਜੇਕਰ ਪੰਡੇ ਨੂੰ ਦੱਛਨਾ ਚੜ੍ਹਾ ਕੇ ਉਸ ਦੇ ਪੈਰ ਛੂਹਣਾਂ ਵੱਡੇ ਜਾਂ ਮਾਲਦਾਰ ਹੋਣ ਦੀ ਨਿਸ਼ਾਨੀ ਹੈ ਤਾਂ ਯਕੀਨ ਕਰ ਲੈਣਾ ਕਿ ਦੇਸ਼ ਦੀ 35ਫੀਸਦੀ ਦਲਿਤ ਅਤੇ ਆਦਿਵਾਸੀ ਆਬਾਦੀ ਹੁਣ ਵੱਡੀ ਅਤੇ ਮਾਲਦਾਰ ਹੋ ਚੁੱਕੀ ਹੈ। ਪਰ ਇਹ ਗੱਲ ਇਕ ਸੁੰਦਰ ਖਿਆਲ ਹੀ ਹੈ ਜਿਸਨੂੰ ਦਲਿਤ ਸਮੂਹ ਨੂੰ ਸਮਝਣ ਨਹੀਂ ਦਿੱਤਾ ਜਾ ਰਿਹਾ। ਪਹਿਲਾਂ ਅਤੇ ਅੱਜ ਵੀ ਜਿਹੜੇ ਧਰਮ ਦੀ ਓਟ ਲੈ ਕੇ ਉਸ ਉੱਤੇ ਤਰ੍ਹਾਂ ਤਰ੍ਹਾਂ ਦੇ ਜ਼ੁਲਮ ਸਿਤਮ ਢਾਏ ਗਏ ਅਤੇ ਜਾ ਰਹੇ ਹਨ ਹੁਣ ਕਿਉਂ ਉਸੇ ਧਰਮ ਨੂੰ ਮੰਨਣ ਦੀ ਆਗਿਆ ਉਸਨੂੰ ਦਿੱਤੀ ਜਾ ਰਹੀ ਹੈ?

ਦੀਵਾਲੀ ਤੋਂ ਪਹਿਲਾਂ ਨਵਰਾਤੇ ਦੇ ਦਿਨਾਂ ਵਿੱਚ ਦੇਸ਼ ਭਰ ਵਿੱਚ ਤਿਉਹਾਰੀ ਰੌਣਕ ਰਹੀ। ਦੇਵੀ ਦੀਆਂ ਝਾਂਕੀਆਂ ਝੁੱਗੀਆਂ ਝੌਂਪੜੀਆਂ ਵਿੱਚ ਵੀ ਲੱਗੀਆਂ ਅਤੇ ਛੋਟੀ ਜਾਤ ਵਾਲਿਆਂ ਨੇ ਇਸ ਦਾ ਮਜ਼ਾ ਵੀ ਨੱਚ ਗਾ ਕੇ ਲੁੱਟਿਆ ਅਤੇ ਰੱਬ ਦੀ ਨੇੜਤਾ ਪ੍ਰਾਪਤ ਕਰਨ ਦੇ ਲਈ 8 ਦਿਨਾਂ ਤਕ ਭੁੱਖੇ ਪਿਆਸੇ ਰਹਿ ਕੇ ਸਰੀਰ ਨੂੰ ਤਕਲੀਫ ਵੀ ਦਿੱਤੀ। ਪਰੰਤੂ ਇਹਨਾਂ ਤੋਂ ਵੱਸ ਫਿਕਰ ਦੀ ਗੱਲ ਦੱਛਨਾ ਅਤੇ ਚੜ੍ਹਾਵਾ ਚੜ੍ਹਾ ਕੇ ਆਪਣੇ ਖ਼ੂਨ ਪਸੀਨੇ ਦੀ ਕਮਾਈ ਪੰਡਿਆਂ ਨੂੰ ਦੇਣਾ ਰਹੀ, ਜੋ ਹਕੀਕਤ ਵਿੱਚ ਧਰਮ ਨੂੰ ਮੰਨਣ ਦੇਣ ਦੀ ਇੱਕ ਸਮਝ ਨਾ ਆਉਣ ਵਾਲੀ ਸ਼ਰਤ ਹੈ। ਧਰਮ ਦਾ ਧੰਦਾ ਕਰਨ ਵਾਲੇ ਵੀ ਇਹਨਾਂ ਲੋਕਾਂ ਵਾਂਗ ਖੁਸ਼ ਹਨ ਕਿ ਨਵੇਂ ਗਾਹਕ ਵੱਧ ਰਹੇ ਹਨ। ਛੋਟੀ ਜਾਤ ਵਾਲੇ ਆਪਣੇ ਆਪ ਨੂੰ ਧਾਰਮਕ ਦਿਖਾਉਣ ਦੇ ਲਈ ਵੱਡੀ ਗਿਣਤੀ ਵਿੱਚ ਮੰਦਰਾਂ ਵੱਲ ਪਾਗਲਾਂ ਵਾਂਗ ਦੌੜ ਚਲੇ ਆ ਰਹੇ ਹਨ। ਧਰਮ ਦੇ ਇਹਨਾਂ ਧੰਦੇਬਾਜ਼ਾਂ ਦੀ ਮਤਲਬੀ/ਸੁਆਰਥੀ ਅਤੇ ਚਲਾਕੀ ਕਿਸੇ ਨੂੰ ਸਮਝ ਨਹੀਂ ਆ ਰਹੀ ਹੈ ਕਿ ਇਹ ਦਲਿਤਾਂ ਨੂੰ ਦਲਿਤ ਰੱਖਣ ਦਾ ਨਵਾਂ ਢੰਗ ਹੈ, ਜਿਸ ਵਿੱਚ ਹਿੰਦੂਵਾਦੀ ਸੰਗਠਨਾਂ, ਪੰਡੇ ਪੁਜਾਰੀਆਂ ਅਤੇ ਹਿੰਦੂਵਾਦੀ ਪਾਰਟੀਆਂ ਦੀ ਮਿਲੀਭੁਗਤ ਹੈ।

ਇਸੇ ਮਿਲੀਭੁਗਤ ਨੇ ਬੀਤੇ ਦਿਨਾਂ ਵਿੱਚ ਮੱਧ ਪ੍ਰਦੇਸ਼ ਦੇ ਬੁੰਦੇਲਖੰਡ ਇਲਾਕੇ ਦੇ ਛੋਟੇ ਜ਼ਿਲ੍ਹੇ ਦਤਿਆਂ ਤੋਂ 55 ਕਿਲੋਮੀਟਰ ਦੂਰ ਬਣੇ ਰਤਨਗੜ੍ਹ ਦੇਵੀ ਮੰਦਰ ਵਿੱਚ ਦਰਦਨਾਕ ਹਾਦਸਾ ਕਰਵਾ ਦਿੱਤਾ, ਜਿਸ ਵਿੱਚ ਲਗਭਗ 125 ਲੋਕ ਮਾਰੇ ਗਏ। ਇਹ ਸਾਰੇ ਲੋਕ ਦਲਿਤ ਸਨ, ਇਸ ਸੱਚਾਈ ਤੋਂ ਰਾਜਨੀਤਕ ਪਾਰਟੀਆਂ ਅਤੇ ਉਹਨਾਂ ਦੇ ਲੀਡਰ, ਹਿੰਦੂਵਾਦੀ ਸੰਗਠਨ ਅਤੇ ਮੀਡੀਆ ਵੀ ਸੱਚ ਬੋਲਣ ਤੋਂ ਮੂੰਹ ਚੁਰਾ ਰਹੇ ਹਨ। ਕਿਹਾ ਇਹ ਜਾ ਰਿਹਾ ਹੈ ਕਿ ਸਾਡਾ ਦੇਸ਼ ਸ਼ਰਧਾਵਾਨਾਂ ਦਾ ਦੇਸ਼ ਹੈ। ਸ਼ਰਧਾ ਦੇ ਨਾਂ ਉੱਤੇ ਇੱਕ ਕੌੜਾ ਅਤੇ ਘਿਰਣਤ ਸੱਚ ਛਿਪਾਉਣ ਦਾ ਕਾਰਨ ਸਭਨਾਂ ਦੀ ਆਪਣੀ ਦੁਕਾਨਦਾਰੀ ਹੈ। ਸੱਚ ਤਾਂ ਇਹ ਹੈ ਕਿ ਦਲਿਤ ਅੱਤਿਆਚਾਰ ਦਾ ਇਹ ਨਵਾਂ ਪਰ ਵਧੀਆ ਨਮੂਨਾ ਹੈ।

**ਮਚੀ ਭਗਦੜ, ਮਰੇ ਦਲਿਤ** : 13 ਅਕਤੂਬਰ, 2013 ਨੂੰ ਰਾਮਨੌਵੀਂ ਦੇ ਦਿਨ ਲਗਭਗ 4 ਲੱਖ ਸ਼ਰਧਾਲੂ ਰਤਨਗੜ੍ਹ ਦੇਵੀ ਮੰਦਰ ਵਿੱਚ ਸਨ। ਇਹ ਮੰਦਰ ਕਦੇ ਡਕੈਤਾਂ ਕੀ ਛਿਪਣਗਾਹ ਹੋਇਆ ਕਰਦਾ ਸੀ, ਹੁਣ ਇਥੇ ਵੱਡੀ ਮਾਤਰਾ ਵਿੱਚ ਦਲਿਤ ਸਮੂਹ ਦੇ ਲੋਕ ਦਰਸ਼ਨ ਕਰਨ ਆਉਂਦੇ ਹਨ। ਹਾਦਸੇ ਦੇ ਦਿਨ ਸਵੇਰ ਦੇ ਲਗਭਗ 8 ਵਜੇ ਅਚਾਨਕ ਮੰਦਰ ਤੋਂ ਦੋ ਕਿਲੋਮੀਟਰ ਦੂਰ ਸਿੰਧ ਨਦੀ ਉੱਤੇ ਬਣੇ ਪੁਲ ਉੱਤੇ ਭਗਦੜ ਮੱਚ ਗਈ। ਜਿਸ ਵਿੱਚ ਲੋਕ ਇੱਕ ਦੂਜੇ ਨੂੰ ਦਰੜਦੇ ਹੋਏ ਭੱਜੇ। ਨਤੀਜੇ ਵਜੋਂ, ਕਈ ਲੋਕ ਜਾਨ ਬਚਾਉਣ ਦੇ ਲਈ ਪੁਲ ਦੇ 70 ਫੁੱਟ ਹੇਠਾਂ ਵਹਿ ਰਹੇ ਪਾਣੀ ਵਿੱਚ ਕੁੱਦ ਗਏ। ਇਸ ਦਿਨ ਭੀੜ ਨੂੰ ਕੰਟਰੋਲ/ਕਾਬੂ ਕਰਨ ਦੇ ਲਈ ਸਿਰਫ ਦਰਜਨ ਭਰ ਪੁਲਿਸ ਵਾਲੇ ਹੀ ਤੈਨਾਤ ਸਨ। ਜੋ ਡਿਊਟੀ ਦੇ ਨਾਂ ਉੱਤੇ ਵਕਤ ਕਟੀ ਕਰਦੇ ਹੋਏ ਤਮਾਸ਼ਾ ਦੇਖ ਰਹੇ ਸਨ। ਭਗਦੜ ਕਿਉਂ ਮਚੀ? ਇਸ ਸਵਾਲ ਦਾ ਜਵਾਬ ਉਸੇ ਦਿਨ ਸ਼ਾਮ ਤੱਕ ਮਿਲ ਗਿਆ ਕਿ ਮੌਜੂਦ ਪੁਲਿਸ ਵਾਲੇ ਟਰੈਕਟਰ ਟਰਾਲੀ ਪੁਲ ਉੱਤੇ ਦਾਖ਼ਲ ਹੋਣ ਦੇਣ ਦੀ 100/- ਰੁਪਏ ਰਿਸ਼ਵਤ ਲੈ ਰਹੇ ਸਨ, ਜਿਸ ਕਰਕੇ ਦੋ ਵਾਹਨ ਆਪਸ ਵਿੱਚ ਟਕਰਾ ਗਏ ਤਾਂ ਪੁਲ ਉੱਤੇ ਜਾਮ ਲੱਗ ਗਿਆ। ਇਸੇ ਦੌਰਾਨ ਸੂਬੇ ਦੇ ਸਿਹਤ ਮੰਤਰੀ ਨਰੋਤਮ ਮਿਸ਼ਰਾ ਦੇ ਆਉਣ ਦੀ ਦਲਿਤ ਸਮੂਹ ਸਿਰਫ ਇਸ ਗੱਲ ਉੱਤੇ ਖੁਸ਼ ਹੈ ਕਿ ਉਸਨੂੰ ਧਰਮ ਦੇ ਲਈ ਪੁੱਛਿਆ ਜਾ ਰਿਹਾ ਹੈ। ਕੱਲ੍ਹ ਤੱਕ ਜੋ ਉੱਚੀ ਜਾਤ ਵਾਲੇ ਜੁੱਤੀਆਂ ਮਾਰਦੇ ਸਨ, ਉਹੀ ਅੱਜ ਪੂਜਾ ਕਰਵਾ ਰਹੇ ਹਨ। ਪਰੰਤੂ ਇਸ ਦੇ ਪਿੱਛੇ ਛਿਪੀ ਸਾਜ਼ਸ਼ ਉਹਨਾਂ ਨੂੰ ਸਮਝ ਨਹੀਂ ਆ ਰਹੀ ਹੈ।

ਇਹ ਦਲਿਤਾਂ ਨੂੰ ਅੰਧਵਿਸ਼ਵਾਸ਼ੀ ਬਣਾਈ ਰੱਖਣ ਦੀ ਸਾਜਸ਼ ਹੈ, ਜਿਸ ਤੋਂ ਉਹ ਪੜ੍ਹ ਲਿਖ ਕੇ ਪੈਸੇ ਵਾਲੇ ਨਾ ਬਣ ਸਕਣ। ਰੱਬ ਦੀ ਭਗਤੀ ਵਿੱਚ ਸਾਰਾ ਸਾਲ ਲੀਨ ਰਹਿਣਗੇ, ਗਰੀਬੀ ਜਿਉਂ ਦੀ ਤਿਉਂ ਰਹੇਗੀ ਅਤੇ ਜਿਹੜਾ ਪੈਸਾ ਉਹ ਕਮਾਉਣਗੇ, ਉਸ ਦਾ ਇੱਕ ਵੱਡਾ ਹਿਸਾ ਦਾਨ ਦੱਛਨਾ ਵਿੱਚ ਚੜ੍ਹਾ ਦੇਣਗੇ। ਅਜਿਹਾ ਹੋ ਵੀ ਰਿਹਾ ਹੈ, ਇਸ ਲਈ ਦਲਿਤਾਂ ਨੂੰ ਆਪਣੇ ਭਲੇ ਦੇ ਲਈ ਆਪਣੇ ਆਪ ਸੋਚਣਾ ਹੋਵੇਗਾ ਕਿ ਆਪਣਾ ਪੈਸਾ ਉਹ ਆਪਣੇ ਆਪ ਦੇ ਭਲੇ ਅਤੇ ਜ਼ਰੂਰਤਾਂ ਦੇ ਲਈ ਲਗਾਓ, ਧਰਮ ਦੇ ਨਾਂ ਉੱਤੇ ਬਰਬਾਦ ਨਾ ਕਰੋ।



# ਮਸ਼ੀਨ ਤੇ ਮਨੁੱਖ

– ਸਰਜੀਤ ਤਲਵਾਰ

ਯੁੱਗ ਬੀਤਦੇ ਗਏ, ਸਮਾਂ ਲੰਘਦਾ ਗਿਆ, ਅੱਜ ਹੋਰ ਤੇ ਕੱਲ੍ਹ ਹੋਰ, ਮਨੁੱਖ ਨੇ ਹਿੰਮਤ ਨਹੀਂ ਹਾਰੀ। ਉਹ ਨਿਰੰਤਰ ਕੁਦਰਤ ਨੂੰ ਜਿੱਤਣ ਦੀ ਕੋਸ਼ਿਸ਼ ਕਰਦਾ ਰਿਹਾ। ਕੁਦਰਤ ਵਿਰੁੱਧ ਇਸ ਲੜਾਈ ਵਿਚ ਮਨੁੱਖ ਨੇ ਤਰੱਕੀ ਕਰਦਿਆਂ ਕਰਦਿਆਂ ਆਖਿਰ ਨੂੰ ਇਸ ਮਸ਼ੀਨੀ ਯੁੱਗ ਵਿਚ ਪ੍ਰਵੇਸ਼ ਕੀਤਾ। ਸਾਡੇ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਮਸ਼ੀਨ ਹੁੰਦੀ ਕੀ ਹੈ। ਸਾਡੀ ਜ਼ਿੰਦਗੀ ਵਿਚ ਅਸੀਂ ਚਾਰੇ ਪਾਸੀਂ ਮਸ਼ੀਨਾਂ ਹੀ ਮਸ਼ੀਨਾਂ ਵੇਖਦੇ ਹਾਂ। ਉਹ ਸਾਡੇ ਲਈ ਬਹੁਤ ਸਾਰੇ ਕੰਮ ਕਰਦੀਆਂ ਹਨ ਅਤੇ ਸਾਡੀ ਜਿੰਦਗੀ ਨੂੰ ਸੌਖਾ ਬਣਾਉਂਦੀਆਂ ਹਨ। ਮਸ਼ੀਨਾਂ ਸਾਡੇ ਲਈ ਉਹ ਕੰਮ ਵੀ ਕਰ ਸਕਦੀਆਂ ਹਨ ਜਿਹੜੇ ਅਸੀਂ ਨਹੀਂ ਕਰ ਸਕਦੇ। ਕਈ ਮਸ਼ੀਨਾਂ ਬਹੁਤ ਸਾਧਾਰਨ ਜਿਹੀਆਂ ਹੁੰਦੀਆਂ ਹਨ ਅਤੇ ਕਈ ਬਹੁਤ ਹੀ ਗੁੰਝਲਦਾਰ। ਕੀ ਤੁਸੀਂ ਜਾਣਦੇ ਹੋ ਕਿ ਕੈਂਚੀ ਵੀ ਇਕ ਮਸ਼ੀਨ ਹੈ? ਏਸੇ ਹੀ ਤਰ੍ਹਾਂ ਪੇਚਕਸ ਵੀ। ਹਾਂ, ਹਵਾਈ ਜਹਾਜ ਤੇ ਰਾਕਟ ਵੀ ਮਸ਼ੀਨਾਂ ਹੀ ਤਾਂ ਹਨ।



ਇਹਨਾਂ ਮਸ਼ੀਨਾਂ ਦੀ, ਅੱਜ ਦੇ ਮਸ਼ੀਨੀ ਯੁੱਗ ਅੰਦਰ ਅਸੀਂ ਬਹੁਤ ਵਰਤੋਂ ਕਰਦੇ ਹਾਂ। ਕੱਪੜੇ ਸਿਉਣ ਵਾਲੀ ਮਸ਼ੀਨ ਸਾਡੇ ਲਈ ਕੀ ਨਹੀਂ ਕਰਦੀ। ਦਫ਼ਤਰਾਂ ਵਿਚ ਅਸੀਂ ਟਾਈਪਿੰਗ ਮਸ਼ੀਨ, ਕੰਪਿਊਟਰ ਵਰਤਦੇ ਹਾਂ। ਕਾਗਜ ਵਿਚ ਗਲੀ ਕੱਢਣ ਦੇ ਲਈ ਵੀ ਪੰਚਿਗ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ। ਅਸੀਂ ਸਵੇਰੇ ਸਮੇਂ ਸਿਰ ਜਾਗਣ ਲਈ ਅਲਾਰਮ ਲਾਉਂਦੇ ਹਾਂ। ਉਹ ਵੀ ਇਕ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ। ਕੰਪਿਊਟਰ ਤੇ ਗੇਮਾਂ ਖੇਡਣੀਆਂ ਵੀ ਇਸ ਮਸ਼ੀਨੀ ਯੁੱਗ ਦੀ ਹੀ ਦੇਣ ਹੈ। ਬਹੁਤ ਭਾਰੀਆਂ ਚੀਜਾਂ ਨੂੰ ਚੁੱਕਣ ਲਈ ਵਰਤੀਆਂ ਜਾਂਦੀਆਂ ਘਿਰਣੀਆਂ ਤਾਂ ਤੁਸੀਂ ਵੇਖੀਆਂ ਹੀ ਹੋਣਗੀਆਂ। ਸੜਕਾਂ ਤੇ ਰੋੜੀ ਕੁੱਟਦੇ ਵੱਡੇ ਤੇ ਭਾਰੇ ਪਹੀਆਂ ਵਾਲੇ ਰੋਲਰਜ਼ ਕਿਸ ਤੋਂ ਭੁੱਲੇ ਹਨ।

ਤੁਸੀਂ ਕਿਵੇਂ ਭੁੱਲ ਸਕਦੇ ਹੋ ਆਪਣੇ ਬਾਈ ਸਾਈਕਲ ਨੂੰ। ਹੁਣ ਤਾਂ ਸਕੂਟਰ, ਮੋਟਰ ਸਾਈਕਲ ਵੀ ਤੁਹਾਡੇ ਕੋਲ ਹਨ। ਕਾਰਾਂ ਤੇ ਬੱਸਾਂ, ਰੇਲ ਗੱਡੀਆਂ ਨੂੰ ਤੁਸੀਂ ਅਣ ਦੇਖਿਆ ਨਹੀਂ ਕਰ ਸਕਦੇ। ਟਰੱਕ, ਸਾਮਾਨ ਨਾਲ ਭਰੇ ਹੋਏ–ਤੁਹਾਨੂੰ ਯਾਦ ਹੋਣਗੇ। ਤੁਸੀਂ ਜਿਸ ਘਰ ਵਿਚ ਰਹਿੰਦੇ ਹੋ ਉਸਨੂੰ ਬਣਾਉਣ ਲਈ ਵੀ ਕਈ ਕਿਸਮ ਦੀਆਂ ਵੱਡੀਆਂ ਛੋਟੀਆਂ ਮਸ਼ੀਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਹੇਠਾਂ ਤੋਂ ਉਪਰ ਭਾਰੀਆਂ ਚੀਜਾਂ ਭੇਜਣ ਲਈ ਕਰੇਨਾਂ ਹਨ। ਲਓ! ਪੈਂਸਿਲ ਤਿੱਖੀ ਕਰਨ ਲਈ ਵਰਤਿਆ ਜਾਂਦਾ ਸ਼ਾਰਪਨਰ ਵੀ ਇਕ ਮਸ਼ੀਨ ਹੀ ਹੈ। ਗੱਲ ਏਥੇ ਹੀ ਨਹੀਂ ਮੁੱਕਦੀ। ਸਮੁੰਦਰ ਵਿਚ ਚੱਲਣ ਵਾਲੀਆਂ ਕਿਸ਼ਤੀਆਂ ਤੇ ਸਮੁੰਦਰੀ ਜਹਾਜ ਪਾਣੀ ਦੇ ਹੇਠਾਂ ਤੈਰਨ ਵਾਲੀਆਂ ਪਣਡੁੱਬੀਆਂ ਆਖਿਰ ਹਨ ਕੀ? ਮਸ਼ੀਨਾਂ ਤੇ ਸਿਰਫ਼ ਮਸ਼ੀਨਾਂ। ਸੱਤ ਸੌ ਤੋਂ ਵੱਧ ਸਵਾਰੀਆਂ ਢੋਣ ਵਾਲੇ ਜੰਬੂ ਜੈਟ ਨੂੰ ਤੁਸੀਂ ਕੀ ਆਖੋਗੇ? ਮਸ਼ੀਨ ਹਾਂ ਮਸ਼ੀਨ। ਹੈਲੀਕਾਪਟਰ ਜਿੱਥੇ ਮਰਜੀ ਉਤਾਰ ਲਵੋ। ਕਿੰਨੇ ਕੰਮ ਆਉਂਦਾ ਹੈ ਇਹ। ਸਵੇਰੇ-ਸਵੇਰੇ ਬ੍ਰੈਡ-ਡਬਲ ਰੋਟੀ ਕਿੰਨੀ ਚੰਗੀ ਲੱਗਦੀ ਹੈ। ਜਾਣਦੇ ਹੋ ਇਸਨੂੰ ਅਤੇ ਬਿਸਕੁਟ, ਚਿੱਪਸ ਬਣਾਉਣ ਲਈ ਵੀ ਵੰਨ-ਸੁਵੰਨੀਆਂ ਮਸ਼ੀਨਾਂ ਹੀ ਵਰਤੀਆਂ ਜਾਂਦੀਆਂ ਹਨ। ਮੂੰਗਫਲੀ ਦੀਆਂ ਗਿਰੀਆਂ ਉੱਗਦੀਆਂ ਤਾਂ ਖੇਤਾਂ ਵਿਚ ਹਨ ਪਰ ਫੈਕਟਰੀਆਂ ਵਿਚ ਲਿਜਾਕੇ ਉਹਨਾਂ ਦੀ ਸ਼ਕਲ-ਸੂਰਤ ਸੰਵਾਰਨ ਲਈ ਵੀ ਮਸ਼ੀਨਾਂ ਹੀ ਕੰਮ ਆਉਂਦੀਆਂ ਹਨ। ਜਦੋਂ ਆਈਸ-ਕਰੀਮ ਦਾ ਨਾਂ ਲਈਏ ਤਾਂ ਮੂੰਹ ਵਿਚ ਪਾਣੀ ਭਰ ਆਉਂਦਾ ਹੈ। ਇਹ ਵੀ ਤਾਂ ਮਸ਼ੀਨਾਂ ਰਾਹੀਂ ਹੀ ਬਣਾਈ ਜਾਂਦੀ ਹੈ। ਸਾਡੇ ਕੱਪੜੇ ਵੀ ਮਸ਼ੀਨਾਂ ਹੀ ਬਣਾਉਂਦੀਆਂ ਹਨ ਚਾਹੇ ਉਹ ਗਰਮੀ ਵਾਲੇ ਹੋਣ ਜਾਂ ਸਰਦੀ ਵਾਲੇ। ਪੈਰਾਂ ਨੂੰ ਢੱਕਣ ਦੇ ਲਈ ਜੁੱਤੀਆਂ ਜਾਣਦੇ ਹੋ ਅੱਜ ਕੱਲ ਇਸ ਮਸ਼ੀਨੀ ਯੁੱਗ ਵਿਚ ਮਸ਼ੀਨਾਂ ਹੀ ਬਣਾਉਂਦੀਆਂ ਹਨ। ਕੱਚ ਦੇ ਬਰਤਨ, ਸਿੱਕੇ-ਪੈਸੇ ਵੀ ਮਸ਼ੀਨਾਂ ਦੀ ਹੀ ਪੈਦਾਇਸ਼ ਹਨ। ਘਰ ਵਿਚ ਕੁੱਕਰ, ਰੇਡੀਉ, ਟਰਾਂਜਿਸਟਰ, ਟੇਪ ਰਿਕਾਰਡਰ, ਲੈਪ ਟੌਪ, ਟੈਲੀਫੋਨ, ਇਹ ਸਾਰਾ ਕੁੱਝ ਕੀ ਹੈ? ਮਸ਼ੀਨਾਂ। ਹਸਪਤਾਲਾਂ ਵਿਚ ਐਕਸ-ਰੇ, ਈ ਸੀ ਜੀ। ਇਹ ਸਭ ਮਸ਼ੀਨਾਂ ਹੀ ਕਰਦੀਆਂ ਹਨ। ਮਸ਼ੀਨਾਂ ਜਿੱਥੇ ਸਾਡੇ ਲਈ ਲਾਹੇਵੰਦ ਹਨ ਉਥੇ ਇਹ ਖਤਰਨਾਕ ਵੀ ਹਨ। ਅਸੀਂ ਸੋਚਣਾ ਹੈ ਕਿ ਇਸ ਮਸ਼ੀਨੀ ਯੁੱਗ ਵਿਚ ਅਸੀਂ ਇਹਨਾਂ ਦੀ ਵਰਤੋਂ ਕਿਵੇਂ ਕਰਨੀ ਹੈ-ਖੇਤਾਂ ਵਿੱਚ ਫਸਲ ਬੀਜਣ ਤੋਂ ਲੈ ਕੇ ਕਟਾਈ, ਵਢਾਈ, ਕਢਾਈ ਵਿਚ ਮਸ਼ੀਨਾਂ ਹੀ ਕੰਮ ਕਰਦੀਆਂ ਹਨ।

ਬੀਤੇ ਪੱਥਰ ਯੁੱਗ ਤੋਂ ਲੈ ਕੇ ਅੱਜ ਤੱਕ ਮਨੁੱਖ ਨੇ ਕਿਸੇ ਨਾ ਕਿਸੇ ਮਸ਼ੀਨ ਦੀ ਹੀ ਵਰਤੋਂ ਕੀਤੀ ਹੈ ਅਤੇ ਅੱਗੇ ਨੂੰ ਵੀ ਕਰਦਾ ਰਹੇਗਾ। ਮਸ਼ੀਨਾਂ ਮਨੁੱਖ ਦੋਖੀ ਜਾਂ ਮਨੁੱਖ ਮਾਰੂ ਨਾ ਹੋਣ ਇਹ ਸਾਡੇ ਆਪਣੇ ਹੱਥਾਂ ਵਿਚ ਹੈ। ਅਸੀਂ ਸਾਰੇ ਸਮਝਦਾਰ ਬਣੀਏ ਕਿ ਮਸ਼ੀਨ ਮਾਰੂ ਨਹੀਂ ਹੈ। ਇਸਦੀ ਵਰਤੋਂ ਕਿਵੇਂ ਕਰਨੀ ਹੈ-ਇਹ ਗੱਲ ਮੁੱਖ ਹੈ।


## ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ।

# ਘੁਰਾੜੇ ਮਾਰਨ ਦੀ ਆਦਤ ਤੋਂ ਛੁਟਕਾਰਾ ਕਿਵੇਂ ਪਾਈਏ?

ਡਾ. ਅਜੀਤਪਾਲ ਸਿੰਘ ਐਮ. ਡੀ.

ਜ਼ਿੰਦਗੀ ਸਾਹਾਂ ’ਤੇ ਟਿਕੀ ਹੋਈ ਹੈ। ‘ਜਦ ਤਕ ਸਾਂਸ ਤਦ ਤਕ ਆਸ’ ਸਾਹ ਲੈਣ ਤੇ ਕੱਢਣ ਦਾ ਅਮਲ ਜਨਮ ਤੋਂ ਲੈ ਕੇ ਮਰਨ ਤੱਕ ਚਲਦਾ ਰਹਿੰਦਾ ਹੈ। ਜੀਵ ਤੇ ਬਾਹਰੀ ਵਾਤਾਵਰਣ ’ਚ ਹਵਾ ਦਾ ਵਟਾਂਦਰਾ ਸਾਹ ਰਾਹੀਂ ਨਿੰਰਤਰ ਹੁੰਦਾ ਰਹਿੰਦਾ ਹੈ। ਸਾਡੇ ਸਰੀਰ ’ਚ ਸਾਹ ਲੈਣ ਤੇ ਸਾਹ ਦਾ ਬਾਹਰ ਕੱਢਣ ਦਾ ਕਾਰਜ ਸਾਹ ਪ੍ਰਣਾਲੀ ਰਾਹੀਂ ਹੁੰਦਾ ਰਹਿੰਦਾ ਹੈ। ਇਸ ਪ੍ਰਣਾਲੀ ’ਚ ਨੱਕ, ਸਾਹ ਨਾਲੀ ਤੇ ਫੇਫੜੇ ਆਉਂਦੇ ਹਨ। ਸਾਹ ਚਲਾਉਣ ਤੋਂ ਇਲਾਵਾ ਸਾਹ ਪ੍ਰਣਾਲੀ ਦੇ ਹੋਰ ਵੀ ਕਈ ਮਹੱਤਵਪੂਰਨ ਕੰਮ ਹੁੰਦੇ ਹਨ ਜਿਵੇਂ ਨੱਕ ਦਾ ਕੰਮ ਸੁੰਘਣਾ ਜਿਸ ਤੋਂ ਖੁਸ਼ਬੂ-ਬਦਬੂ ਦਾ ਪਤਾ ਲੱਗਦਾ ਹੈ। ਗਲੇ ਦਾ ਹੋਰ ਕੰਮ ਆਵਾਜ਼ ਪੈਦਾ ਕਰਨਾ ਵੀ ਹੁੰਦਾ ਹੈ। ਆਮ ਸਾਹ ਪ੍ਰੀਕ੍ਰਿਆ ਸਮੇਂ ਕਿਸੇ ਵੀ ਤੇਜ ਆਵਾਜ਼ ਦਾ ਅਹਿਸਾਸ ਨਹੀਂ ਹੁੰਦਾ, ਉਤੇਜਨਾ ਦੀ ਅਵਸਥਾ ’ਚ ਜਦ ਸਾਹ ਤੇਜੀ ਨਾਲ ਚਲਦਾ ਹੈ, ਉਸ ਸਮੇਂ ਸਾਹ ਤੋਂ ਸੀਂ-ਸੀਂ ਦੀ ਆਵਾਜ਼ ਆਉਂਦੀ ਹੈ। ਪਰ ਕਈ ਬੰਦੇ ਜਦ ਦੀਨ ਦੁਨੀਆ ਤੋਂ ਬੇਖਬਰ ਹੋ ਕੇ ਸੌਂ ਰਹੇ ਹੁੰਦੇ ਹਨ ਤਦ ਇਕ ਵਿਸ਼ੇਸ਼ ਕਿਸਮ ਦੀ ਆਵਾਜ਼ ਜਿਸ ’ਚ ‘ਖਾ’ ਸ਼ਬਦ ਕਾਫੀ ਲੰਬਾ ਖਿਚਿਆ ਰਹਿੰਦਾ ਹੈ, ਦੀ ਆਵਾਜ਼ ਕੱਢਦੇ ਰਹਿੰਦੇ ਹਨ, ਹਾਲਾਂਕਿ ਉਹਨਾਂ ਨੂੰ ਖੁਦ ਨੂੰ ਅਕਸਰ ਇਸ ਗੱਲ ਦੀ ਜਾਣਕਾਰੀ ਨਹੀਂ ਰਹਿੰਦੀ ਕਿ ਸੌਂਦੇ ਸਮੇਂ ਉਹਨਾਂ ਵੱਲੋਂ ਕੱਢੀਆਂ ਆਵਾਜ਼ਾਂ ਨਾਲ ਹੋਰਾਂ ਲੋਕਾਂ ਨੂੰ ਕਿੰਨੀ ਪ੍ਰੇਸ਼ਾਨੀ ਹੋ ਰਹੀ ਸੀ। ਸੌਂਦੇ ਸਮੇਂ ਨਿਕਲਣ ਵਾਲੀ ਇਸ ਆਵਾਜ਼ ਨੂੰ ਆਮ ਬੋਲੀ ’ਚ ‘ਖਰਾਟੇ ਜਾਂ ਘੁਰਾੜੇ’ ਕਿਹਾ ਜਾਂਦਾ ਹੈ।



**ਘੁਰਾੜੇ ਕਿਉਂ ਆਉਂਦੇ ਹਨ?** : ਦਰਅਸਲ ਜਦ ਸਾਹ ਨਾਲੀ ਦਾ ਰਸਤਾ ਭੀੜਾ ਹੋ ਜਾਂਦਾ ਹੈ ਜਾਂ ਉਥੇ ਕੋਈ ਅੜਿੱਕਾ ਖੜ੍ਹਾ ਹੋ ਜਾਂਦਾ ਹੈ ਤਾਂ ਘੁਰਾੜੇ ਸ਼ੁਰੂ ਹੋ ਜਾਂਦੇ ਹਨ, ਅਕਸਰ ਜਦ ਕੋਈ ਬੰਦਾ ਚੈਨ ਦੀ ਨੀਂਦ ਸੌਂ ਰਿਹਾ ਹੁੰਦਾ ਹੈ, ਉਸਦੀ ਜੀਭ ਪਿਛੇ ਵੱਲ ਮੁੜਕੇ ਤਾਲੂਏ ਨਾਲ ਲੱਗ ਜਾਂਦੀ ਹੈ ਤੇ ਜਦ ਉਸ ਸਮੇਂ ਉਹ ਸਾਹ ਲੈਂਦਾ ਹੈ ਤਾਂ ਅੰਦਰ ਜਾਣ ਵਾਲੀ ਹਵਾ ਜੀਭ ਤੇ ਤਾਲੂਏ ਨੂੰ ਇਕ ਦੂਜੇ ਦੇ ਵਿਰੁੱਧ ਕੰਬਣੀ ਛੇੜਨ ਲਈ ਮਜ਼ਬੂਰ ਕਰਦੀ ਹੈ ਤੇ ਸੁੱਤਾ ਪਿਆ ਬੰਦਾ ਘੁਰਾੜੇ ਲੈਣੇ ਸ਼ੁਰੂ ਕਰ ਦਿੰਦਾ ਹੈ। ਕਰੀਬ 30 ਫੀਸਦੀ ਘੁਰਾੜਿਆਂ ਵਿੱਚ ਜੀਭ ਪਿਛੇ ਵੱਲ ਪਲਟ ਕੇ ਭਿਜੇ ਹੋਏ ਕਾਰਕ ਵਾਂਗੂੰ ਹਵਾ ਮਾਰਗ ’ਚ ਫਸ ਜਾਂਦੀ ਹੈ। ਗਲੇ ਦੀ ਮਾਸਪੇਸ਼ੀਆਂ ਇਸ ਜੀਭ ਨੂੰ ਚਾਰੇ ਪਾਸਿਉਂ ਘੇਰ ਕੇ ਹਵਾ ਦੇ ਰਾਹ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੰਦੀਆਂ ਹਨ। ਜਿਸ ਕਾਰਨ ਅਜਿਹੇ ਬੰਦੇ ਦਸ, ਵੀ ਜਾਂ ਤੀਹ ਸਕਿੰਟ ਤਕ ਸਾਹ ਲੈਣਾ ਬੰਦ ਕਰ ਦਿੰਦੇ ਹਨ ਅਤੇ ਕਿਸੇ ਤਰ੍ਹਾਂ ਦੀ ਆਵਾਜ਼ ਨਹੀਂ ਕੱਢਦੇ। ਜਦ ਸਾਹ ਲੈਣਾ ਬੰਦ ਹੋ ਜਾਂਦਾ ਹੈ ਤਦ ਉਸ ਬੰਦੇ ਦੀ ਜੀਵਨ ਰੱਖਿਅਕ ਪ੍ਰਣਾਲੀ ਤੁਰੰਤ ਸਰਗਰਮ ਹੋ ਜਾਂਦੀ ਹੈ ਤੇ ਉਸ ਦੀ ਨੀਂਦ ਖੁੱਲ੍ਹ ਜਾਂਦੀ ਹੈ। ਫਿਰ ਉਹ ਤੁਰੰਤ ਆਪਣੀ ਜੀਭ ਨੂੰ ਅੱਗੇ ਕਰਦਾ ਹੈ, ਜਿਸ ਨਾਲ ਹਵਾ ਦਾ ਰਾਹ ਖੁੱਲ੍ਹ ਜਾਂਦਾ ਹੈ ਤੇ ਉਹ ਫਿਰ ਸਾਹ ਲੈਣ ਲਗਦਾ ਹੈ। ਜਿਉਂ ਹੀ ਬੰਦਾ ਡੂੰਘੀ ਨੀਂਦ ’ਚ ਆ ਜਾਂਦਾ ਹੈ, ਘੁਰਾੜੇ ਫਿਰ ਸ਼ੁਰੂ ਹੋ ਜਾਂਦੇ ਹਨ। ਇਸ ਬੀਮਾਰੀ ਦਾ ਮੂਲ ਕਾਰਨ ਤਾਂ ਅਜੇ ਪਤਾ ਨਹੀਂ ਲੱਗ ਸਕਿਆ ਪਰ ਕੁਝ ਮਾਹਰਾਂ ਦਾ ਮੰਨਣਾ ਹੈ ਕਿ ਸਲੀਪ ਐਪਨੀਆ ਦੇ ਮਰੀਜਾਂ ਦੇ ਸਾਹ ਦੀ ਨਾਲੀ ਮੁਕਾਬਲਤਨ ਕੁਝ ਭੀੜੀ ਹੁੰਦੀ ਹੈ। ਮੋਟਾਪੇ ਕਾਰਨ ਵੀ ਘੁਰਾੜੇ ਆਉਂਦੇ ਹਨ ਜਾਂ ਫਿਰ ਨੀਂਦ ਦੀ ਗੋਲੀ ਖਾ ਕੇ ਸੁੱਤੇ ਬੰਦੇ ਨੂੰ ਵੀ ਘੁਰਾੜੇ ਆ ਸਕਦੇ ਹਨ। ਕਾਰਣ ਕੁਝ ਵੀ ਹੋਵੇ ‘ਸਲੀਪ ਐਪਨਿਆ’ ਇਕ ਗੰਭੀਰ ਸਮੱਸਿਆ ਹੈ ਅਤੇ ਹਰ ਸਾਲ ਕਈ ਹਜ਼ਾਰ ਲੋਕ ਇਸ ਵਿਗਾੜ ਕਾਰਨ ਨੀਂਦ ਦੌਰਾਨ ਹੀ ਸਵਰਗ ਸਿਧਾਰ ਜਾਂਦੇ ਹਨ।

ਆਮ ਧਾਰਣਾ ਦੇ ਉਲਟ ਲੰਮੇ ਸਮੇਂ ਘੁਰਾੜੇ ਮਾਰ ਕੇ ਸੌਂ ਰਹੇ ਬੰਦੇ ਨੂੰ ਚੈਨ ਦੀ ਨੀਂਦ ਨਹੀਂ ਆਉਂਦੀ ਕਿਉਂਕਿ ਸਾਹ ਬੰਦ ਹੋਣ ਕਰਕੇ ਉਸ ਦੀ ਨੀਂਦ ਕਈ ਵਾਰੀ ਟੁੱਟਦੀ ਹੈ, ਇਸ ਕਾਰਨ ਉਹ ਭਰਵੀਂ ਨੀਂਦ ਨਹੀਂ ਸੌਂ ਸਕਦੇ ਜੋ ਸ਼ਰੀਰ ਨੂੰ ਆਰਾਮ ਦੇਣ ਲਈ ਜ਼ਰੂਰੀ ਹੈ। ਇਸ ਤੋਂ ਇਲਾਵਾ ਘੁਰਾੜੇ ਮਾਰਨ ਵਾਲਿਆਂ ਦੇ ਦਿਲ ’ਤੇ ਮਾੜਾ ਅਸਰ ਪੈਂਦਾ ਹੈ। ਜਦ ਸਾਹ ਬੰਦ ਹੋ ਜਾਂਦਾ ਹੈ ਤਾਂ ਖੂਨ ’ਚ ਆਕਸੀਜਨ ਦੀ ਮਾਤਰਾ ਘੱਟ ਹੋ ਜਾਂਦੀ ਹੈ ਅਤੇ ਸ਼ਰੀਰ ਦੇ ਮਹੱਤਵਪੂਰਨ ਅੰਗਾਂ ਨੂੰ ਸਹੀ ਮਾਤਰਾ ’ਚ ਆਕਸੀਜਨ ਸਪਲਾਈ ਬਣਾਈ ਰੱਖਣ ’ਚ ਦਿਲ ਨੂੰ ਵੱਧ ਮਿਹਨਤ ਕਰਨੀ ਪੈਂਦੀ ਹੈ ਜੋ ਆਖਰ ਦਿਲ ਨੰ ਹਰਜਾ ਪਹੁੰਚਾਉਂਦਾ ਹੈ ਅਤੇ ਦਿਲ ਦੀ ਧੜਕਣ ਰੇਗੂਲਰ ਨਹੀਂ ਰਹਿੰਦੀ ਬੇਲਗਾਮ ਹੋ ਜਾਂਦੀ ਹੈ। ਇਸ ਕਾਰਨ ਸਲੀਪ ਐਪਨੀਆ ਤੋਂ ਪੀੜਤ ਘੁਰਾੜੇ ਮਾਰਨ ਵਾਲਿਆਂ ਨੂੰ ਦਿਲ ਦੇ ਦੌਰੇ ਤੋਂ ਦਿਮਾਗੀ ਅਟੈਕ (ਲਕਵੇ) ਦਾ ਡਰ ਵੱਧ ਹੁੰਦਾ ਹੈ। ਇਸ ਲਈ ਜੋ ਲੋਕ ਘੁਰਾੜੇ ਮਾਰਨ ਦੇ ਵਿਚ ਵਿਚ ਸਾਹ ਰੁਕਣ ਤੋਂ ਪੀੜਤ ਹੋਣ, ਉਹਨਾਂ ਨੂੰ ਫੌਰਨ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਪਰ ਵਿਡੰਬਨਾ ਇਹ ਹੈ ਕਿ ਸਲੀਪ ਐਪਨੀਆ ਤੋਂ ਪੀੜਤ ਘੁਰਾੜੇਬਾਜ ਇਸ ਤੱਥ ਨੂੰ ਨਹੀਂ ਮੰਨਦੇ ਕਿ ਨੀਂਦ ਦੌਰਾਨ ਉਹਨਾਂ ਦਾ ਸਾਹ ਕੁਝ ਸਕਿੰਟਾਂ ਲਈ ਬੰਦ ਹੋ ਜਾਂਦਾ ਹੈ। ਇਸ ਸਮੱਸਿਆ ਦਾ ਹੱਲ ਇਹ ਹੈ ਕਿ ਅਜੇਹੇ ਮਰੀਜ ਦਾ ਜੀਵਨ ਸਾਥੀ ਉਸ ’ਤੇ ਨਜ਼ਰ ਰੱਖੇ ਤੇ ਉਸ ਦੇ ਘੁਰਾੜਿਆਂ ਨੂੰ, ਰਿਕਾਰਡ (ਟੇਪ) ਕਰ ਲਵੇ, ਜਿਸ ਨਾਲ ਸਲੀਪ ਐਪਨੀਆ ਦਾ ਪਤਾ ਲੱਗ ਸਕੇ। ਕਈ ਅਜੇਹੇ ਕੇਸਾਂ ’ਚ ਵਿਦੇਸ਼ਾਂ ’ਚ ਘੁਰਾੜਿਆਂ ਤੋਂ ਪ੍ਰੇਸ਼ਾਨ ਜੀਵਨ ਸਾਥੀ ਤਲਾਕ ਵੀ ਲੈ ਲੈਂਦੇ ਹਨ।

**ਘੁਰਾੜਿਆਂ ਤੋਂ ਛੁਟਕਾਰਾ ਕਿਵੇਂ?** : ਘੁਰਾੜਿਆਂ ਤੋਂ ਨਿਜਾਤ ਪਾਉਣ ਦੇ ਉਪਾਅ ਇਸ ਗੱਲ ’ਤੇ ਨਿਰਭਰ ਕਰਦੇ ਹਨ ਕਿ ਘੁਰਾੜਿਆਂ ਦਾ ਕਾਰਨ ਹੈ ਕੀ? ਤੇ ਘੁਰਾੜੇ ਕਿਸ ਹੱਦ ਤੱਕ ਖਤਰਨਾਕ ਹਨ? ਸਾਧਾਰਣ ਕਿਸਮ ਦੇ ਘਰਾੜਿਆਂ ’ਚ ਜੀਵਨ ਸ਼ੈਲੀ ’ਚ ਥੋੜ੍ਹੀ ਜਿੰਨੀ ਤਬਦੀਲੀ ਨਾਲ ਹੀ ਆਰਾਮ ਮਿਲ ਜਾਂਦਾ ਹੈ। ਪਰ ਸਲੀਪ ਐਪਨੀਆ ਤੋਂ ਪੀੜਤ ਘੁਰਾੜੇਬਾਜਾਂ ਨੂੰ ਅਪ੍ਰੇਸ਼ਨ ਦੀ ਲੋੜ ਵੀ ਪੈਂਦੀ

ਹੈ। ਸਾਧਾਰਣ ਕਿਸਮ ਦੇ ਘੁਰਾੜਿਆਂ ਤੋਂ ਛੁਟਕਾਰਾ ਪਾਉਣ ਲਈ ਸੌਖੇ ਉਪਾਵਾਂ ਦੀ ਮਦਦ ਨਾਲ ਤੁਸੀਂ ਆਪਣੇ ਜੀਵਨ ਸਾਥੀ ਦੀ ਨੀਂਦ ਵੀ ਸੁਖਦਾਈ ਬਣਾ ਸਕਦੇ ਹੋ। ਪਿੱਠ ਦੇ ਪਰਨੇ ਨਾ ਲੇਟੋ, ਇਸ ਨਾਲ ਘੁਰਾੜਿਆਂ ਦੀ ਸੰਭਾਵਨਾ ਘਟ ਜਾਂਦੀ ਹੈ, ਇਸ ਲਈ ਘੁਰਾੜੇ ਲੈਣ ਵਾਲਿਆਂ ਨੂੰ ਪਾਸੇ ਪਰਨੇ ਜਾਂ ਪੇਟ ਭਰ ਹੀ ਲੇਟਣਾ ਚਾਹੀਦੈ। ਇਹ ਯਕੀਨੀ ਬਣਾਉਣ ਲਈ ਅਜੇਹੇ ਮਰੀਜਾਂ ਦੇ ਪਜਾਮੇ ਪਿੱਛੇ ਇਕ ਜੇਬ ਬਣਾ ਕੇ ਉਸ 'ਚ ਇਕ ਛੋਟਾ ਜਿਹਾ ਪੱਥਰ ਸਿਉਂ ਦਿਉ ਇਸ ਨਾਲ ਉਹ ਪਿੱਠ ਪਰਨੇ ਨਹੀਂ ਸੌਂ ਸਕਣਗੇ। ਸੌਂਦੇ ਸਮੇਂ ਸਿਰ ਉੱਚਾ ਰੱਖਣ ਨਾਲ ਵੀ ਹਵਾ ਦਾ ਰਾਹ ਖੁੱਲ੍ਹਾ ਰਹਿੰਦਾ ਹੈ। ਸਭ ਤੋਂ ਅੱਛਾ ਤਰੀਕਾ ਇਹ ਹੈ ਕਿ ਪਲੰਗ ਦੇ ਸਿਰਾਹਣੇ ਦੋ ਤਿੰਨ ਇੱਟਾਂ ਲਵਾ ਦਿਉ। ਸਿਰ ਉਚਾ ਕਰਨ ਲਈ ਸਿਰਹਾਣਾ ਨਹੀਂ ਲਾਉਣਾ ਚਾਹੀਦਾ। ਇਸ ਨਾਲ ਸਾਹ ਦਾ ਰਾਹ ਭੀੜਾ ਹੋ ਜਾਂਦਾ ਹੈ। ਇਹ ਵੇਖਿਆ ਗਿਆ ਹੈ ਕਿ ਮੋਟੇ ਬੰਦਿਆਂ ਨੂੰ ਘੁਰਾੜੇ ਵੱਧ ਆਉਂਦੇ ਹਨ।

ਇਸ ਦਾ ਕਾਰਨ ਇਹ ਹੈ ਕਿ ਮੋਟਾਪਾ ਸ਼ਰੀਰ ਦੇ ਹਰ ਹਿੱਸੇ 'ਤੇ ਆਪਣਾ ਅਸਰ ਛੱਡਦਾ ਹੈ। ਇਸ ਨਾਲ ਗਲੇ ਦੇ ਪੱਠੇ ਵੀ ਮੋਟੇ ਹੋ ਜਾਂਦੇ ਹਨ ਤੇ ਸਾਹ ਦੇ ਰਾਹ 'ਚ ਅੜਿਕਾ ਪੈ ਜਾਂਦਾ ਹੈ। ਇਸ ਕਰਕੇ ਘੁਰਾੜੇ ਆਉਣ ਲਗਦੇ ਹਨ। ਨੀਂਦ ਲੈਣ ਵਾਲੀ ਤੇ ਐਂਟੀ ਹਿਸਟਾਮੀਨਿਕ ਗੋਲੀਆਂ ਦਿਮਾਗ 'ਤੇ ਮਾੜਾ ਆਸਰ ਪਾਉਂਦੀਆਂ ਹਨ। ਜਿਸ ਨਾਲ ਗਲੇ ਦੇ ਪੱਠੇ ਵੀ ਢਿਲੇ ਹੋ ਜਾਂਦੇ ਹਨ। ਇਸ ਕਾਰਨ ਗਲੇ 'ਚ ਕੰਬਣੀ ਹੋਣ ਕਰਕੇ ਘੁਰਾੜੇ ਵੱਧ ਆਉਂਦੇ ਹਨ। ਨਾਲ ਹੀ ਪੱਠਿਆਂ ਦੇ ਢਿੱਲੇ ਹੋਣ ਕਰਕੇ ਜੀਭ ਪਿਛੇ ਮੁੜਣ ਦੀ ਸੰਭਾਵਨਾ ਵਧ ਜਾਂਦੀ ਹੈ, ਜਿਸ ਨਾਲ ਸਾਹ ਦੇ ਰਾਹ 'ਚ ਅੜਿਕਾ ਪੈਦਾ ਹੋ ਜਾਂਦਾ ਹੈ। ਕਦੀ ਕਦੀ ਘੁਰਾੜਿਆਂ ਦਾ ਕਾਰਨ ਨੱਕ 'ਚ ਕਫ ਜਮ੍ਹਾ ਹੋਣਾ ਵੀ ਹੁੰਦਾ ਹੈ। ਜਦ ਨੱਕ 'ਚ ਕੋਈ ਅੜਿਕਾ ਹੋਵੇ ਤਾਂ ਸਾਹ ਲੈਣ ਲਈ ਕਾਫੀ ਜੋਰ ਲੱਗਦਾ ਹੈ, ਇਸ ਕਾਰਨ ਗਲੇ 'ਚ ਵੈਕੂਅਮ ਬਣ ਜਾਂਦਾ ਹੈ ਤੇ ਗਲੇ ਦੇ ਪੱਠਿਆਂ 'ਚ ਕੰਬਣੀ ਹੋਣ ਲੱਗਦੀ ਹੈ, ਜਿਸ ਕਰਕੇ ਘੁਰਾੜਿਆਂ ਦੀ ਆਵਾਜ਼ ਨਿਕਲਦੀ ਹੈ। ਨੱਕ ਦੀ ਅਲਰਜੀ ਤੇ ਇਨਫੈਕਸ਼ਨ ਨਾਲ ਪੈਦਾ ਰੁਕਾਵਟ ਨੂੰ ਦਵਾਈਆਂ ਦੀ ਮਦਦ ਨਾਲ ਦੂਰ ਕੀਤਾ ਜਾ ਸਕਦਾ ਹੈ। ਕਦੀ ਕਦੀ ਨਾਸਿਕਾ 'ਚ ਜਮਾਂਦਰੂ ਵਿਗਾੜ ਕਰਕੇ ਵੀ ਘੁਰਾੜੇ ਪੈਦਾ ਹੋ ਜਾਂਦੇ ਹਨ। ਅਜੇ ਦੋਹਾਂ ਨਸਾਂ ਵਿਚਲੀ 'ਨੇਜ਼ਲ ਸੈਪਟਮ' ਦੇ ਇਕ ਪਾਸੇ ਝੁਕਾਅ ਕਾਰਣ ਹੁੰਦਾ ਹੈ, ਜਿਸ ਨੂੰ ਛੋਟੇ ਅਪ੍ਰੇਸ਼ਨ ਨਾਲ ਠੀਕ ਕੀਤਾ ਜਾ ਸਕਦੈ। ਸ਼ਰਾਬ ਦਿਮਾਗ ਅਤੇ ਗਲੇ ਦੇ ਪੱਠਿਆਂ 'ਤੇ ਮਾੜਾ ਅਸਰ ਪਾਉਂਦੀ ਹੈ। ਸੌਣ ਤੋਂ ਘੱਟੋਂ ਘੱਟ ਤਿੰਨ ਘੰਟੇ ਪਹਿਲਾਂ ਸ਼ਰਾਬ ਬੰਦ ਕਰ ਦਿਉ। ਘੁਰਾੜੇ ਆਮ ਸਮੱਸਿਆ ਹੈ। 25% ਲੋਕ ਇਸ ਤੋਂ ਪੀੜਤ ਹਨ ਜੇ ਉਕਤ ਉਪਾਵਾਂ ਨਾਲ ਵੀ ਸਫਲਤਾ ਨਹੀਂ ਮਿਲਦੀ ਤਾਂ ਘਬਰਾਉਣ ਦੀ ਲੋੜ ਨਹੀਂ। ਗੰਭੀਰ ਕੇਸਾਂ 'ਚ ਅਪ੍ਰੇਸ਼ਨ ਨਾਲ ਸਫਲਤਾ ਹਾਸਲ ਹੋ ਜਾਂਦੀ ਹੈ। 80 ਫੀਸਦੀ ਲੋਕਾਂ ਨੂੰ ਰਾਹਤ ਮਿਲ ਜਾਂਦੀ ਹੈ ਜਦ ਕਿ ਸਲੀਪ ਐਪਨੀਆ 'ਚ ਸਫਲਤਾ 50% ਤੱਕ ਹੀ ਹੁੰਦੀ ਹੈ।


## ਵਿਗਿਆਨ ਜੋਤ

- ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
- ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।


# ਪੁਸਤਕ ਰਿਵਿਊ

## ਖੁਸ਼ਕ ਅੱਖ ਦਾ ਖ਼ਾਬ

**ਲੇਖਕ : ਅਜਮੇਰ ਸਿੱਧੂ**

ਮੈਂ "ਖੁਸ਼ਕ ਅੱਖ ਦਾ ਖ਼ਾਬ" ਕਿਤਾਬ ਪੜ੍ਹੀ। ਜੋ ਮੈਨੂੰ ਬਹੁਤ ਹੀ ਵਧੀਆ ਲੱਗੀ। ਇਸ ਕਿਤਾਬ ਵਿੱਚ 8 ਬਹੁਤ ਹੀ ਵਧੀਆ ਲੱਗੀ। ਇਸ ਕਿਤਾਬ ਵਿੱਚ 8 ਕਹਾਣੀਆਂ ਹਨ। ਜਿੰਨਾਂ ਰਾਹੀਂ ਵੱਖ-ਵੱਖ ਵਿਸ਼ਿਆਂ ਉੱਪਰ ਝਾਤ ਪਾਈ ਗਈ ਹੈ। ਇਸ ਕਿਤਾਬ ਵਿੱਚ ਮੈਂ ਸਭ ਤੋਂ ਪਹਿਲਾ "ਸ਼ਾਇਦ ਰੰਮੀ ਮੰਨ ਜਾਏ" ਕਹਾਣੀ ਪੜ੍ਹੀ। ਜਿਸ ਵਿੱਚ ਸਾਡੇ ਬਦਲ ਰਹੇ ਸੱਭਿਆਚਾਰ ਬਾਰੇ ਦੱਸਿਆ ਗਿਆ ਹੈ। ਇਸ ਕਹਾਣੀ ਵਿੱਚ ਨਾਰੀ ਸਰੀਰ ਨੂੰ ਪੈਸੇ ਕਮਾਉਣ ਦਾ ਸਾਧਨ ਬਣਾਇਆ ਗਿਆ ਹੈ। ਇਸ ਕਹਾਣੀ ਵਿੱਚ ਮਾਂ ਆਪਣੀ ਧੀ ਨੂੰ ਲੱਭੂ ਅਤੇ ਰੱਜੂ ਦੀ ਤਰ੍ਹਾਂ ਦੇਹ ਧੰਦਾ ਕਰਨ ਲਈ ਮਨਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਕਿ ਉਨ੍ਹਾਂ ਦੇ ਘਰ ਦੀ ਤੰਗੀ ਦੂਰ ਹੋ ਜਾਵੇ। ਦੂਜੀ ਕਹਾਣੀ "ਕਬਰ 'ਚ ਦਫ਼ਨ ਹਜ਼ਾਰ ਵਰ੍ਹੇ" ਇਸ ਕਹਾਣੀ ਵਿੱਚ ਸਾਇੰਸ ਨਾਲ ਸੰਬੰਧਤ ਗੱਲਾਂ ਹਨ। ਜਿਨ੍ਹਾਂ ਵਿੱਚੋਂ ਮੈਨੂੰ ਕੁੱਝ ਚੀਜਾਂ ਬਾਰੇ ਸਮਝ ਘੱਟ ਲੱਗੀ। ਪਰ ਕਹਾਣੀ ਬਹੁਤ ਵਧੀਆ ਸੀ। "ਜਹਾਜ਼ ਵਾਲੀ ਟੈਂਕੀ" ਕਹਾਣੀ ਵਿੱਚ ਭਾਰਤੀ ਲੋਕਾਂ ਵੱਲੋਂ ਵਿਦੇਸ਼ ਜਾਣ ਦੀ ਅਤੇ ਉਥੇ ਪੈਸੇ ਕਮਾਉਣ ਦੀ ਅਤੇ ਭਾਰਤ ਵਿੱਚ ਆਲੀਸ਼ਾਨ ਮਹਿਲ ਪਾਉਣ ਦੀ ਦਿਖ ਪੇਸ਼ ਕੀਤੀ ਗਈ ਹੈ। ਇਹ ਲੋਕ ਕਿਸ ਤਰ੍ਹਾਂ ਦੀਆਂ ਪੰਡਾਂ ਚੁੱਕਦੇ ਹਨ ਅਤੇ ਸੰਤਾਂ ਅਤੇ ਏਜੰਟਾਂ ਹੱਥੋਂ ਮਾਰ ਖਾਂਦੇ ਹਨ। "ਪੁਨਰ ਜਨਮ" ਇਹ ਕਹਾਣੀ ਮੈਨੂੰ ਸਭ ਤੋਂ ਵਧੀਆ ਲੱਗੀ। ਇਸ ਕਹਾਣੀ ਨੂੰ ਪੜ੍ਹਕੇ ਮੇਰੇ ਮਨ ਅੰਦਰ ਉੱਠਦੇ ਸਵਾਲਾਂ ਦੇ ਉਤਰ ਮੈਨੂੰ ਮਿਲ ਏ ਹਨ। ਇਸ ਵਿੱਚ ਅੰਧ ਵਿਸ਼ਵਾਸ ਉਪਰ ਝਾਤ ਪਾਈ ਗਈ ਹੈ। "ਈਵਾਨ ਇਲੀਚ ਦੀ ਦੂਜੀ ਮੌਤ" ਇਸ ਕਹਾਣੀ ਵਿੱਚ ਦੱਸਿਆ ਗਿਆ ਹੈ ਜਦੋਂ ਮਨੁੱਖ ਕਮਾਉਣ ਦੇ ਯੋਗ ਨਹੀਂ ਹੁੰਦਾ ਤਾਂ ਉਸਨੂੰ ਆਪਣੇ ਵੀ ਛੱਡ ਦਿੰਦੇ ਹਨ। ਇਹ ਕਹਾਣੀ ਬਹੁਤ ਹੀ ਦਰਦਨਾਕ ਹੈ। "ਉਨੀਂਦੀ ਨਦੀ" ਕਹਾਣੀ ਵਿੱਚ ਲਾਲਚ ਬਾਰੇ ਦੱਸਿਆ ਗਿਆ ਹੈ। ਇਹ ਕਹਾਣੀ ਅੰਧ-ਵਿਸ਼ਵਾਸ ਉਪਰ ਝਾਤ ਪਾਉਂਦੀ ਹੈ। ਧਾਰਮਿਕ ਸਥਾਨ ਉਪਰ ਵੀ ਔਰਤ ਸੁਰੱਖਿਅਤ ਨਹੀਂ ਹੈ। ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਭਗਵਾਨ ਦੇ ਨਾਂ 'ਤੇ ਕਾਰੋਬਾਰ 'ਚ ਕਦੇ ਘਾਟਾ ਨਹੀਂ ਪੈਂਦਾ। "ਭਗਵਾਨ ਬਲਦੇ ਚਿਰਾਗ਼" ਕਹਾਣੀ ਵਿੱਚ ਦੇਸ਼ ਦੀ ਵੰਡ ਹੋ ਜਾਣ ਕਾਰਨ ਪੈਂਦਾ ਹੋਇਆ ਦੁਖਾਂਤ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਵਿੱਚ ਦੇਸ਼ ਦੀ ਵੰਡ ਸਮੇਂ ਖਤਮ ਹੋ ਚੁੱਕੀ ਇਨਸਾਨੀਅਤ ਬਾਰੇ ਅਤੇ ਲੋਕਾਂ ਦੇ ਉੱਠੇ ਵਿਸ਼ਵਾਸ ਬਾਰੇ ਦੱਸਿਆ ਗਿਆ ਹੈ। "ਖੁਸ਼ਕ ਅੱਖ ਦਾ ਖ਼ਾਬ" ਕਹਾਣੀ ਬਹੁਤ ਵਧੀਆ ਹੈ। ਇਸ ਕਹਾਣੀ ਵਿੱਚ ਧੀ ਅਤੇ ਪੁੱਤ ਬਾਰੇ ਦੱਸਿਆ ਗਿਆ ਹੈ। ਧੀ ਹਮੇਸ਼ਾ ਮਾਂ ਪਿਓ ਬਾਰੇ ਸੋਚਦੀ ਹੈ ਅਤੇ ਪੁੱਤ ਆਪਣੇ ਬਾਰੇ ਹੀ ਸੋਚਦਾ ਹੈ। ਇਕ ਸਮਾਂ ਅਜਿਹਾ ਹੁੰਦਾ ਹੈ। ਜਿਸ ਸਮੇਂ ਪੁੱਤ ਆਪਣੇ ਲਾਲਚ ਲਈ ਮਾਂ-ਪਿਓ ਦੀ ਮੌਤ ਕਰਨ ਲਈ ਤਿਆਰ ਹੋ ਜਾਂਦਾ ਹੈ। ਇਹ ਸਾਰੀਆਂ ਕਹਾਣੀਆਂ ਮੈਨੂੰ ਬਹੁਤ ਵਧੀਆ ਲੱਗੀਆਂ। ਇਨ੍ਹਾਂ ਕਹਾਣੀਆਂ ਵਿੱਚ ਪ੍ਰੇਮ ਭਾਵਨਾਵਾਂ ਨੂੰ ਅੰਕਿਤ ਕੀਤਾ ਗਿਆ ਹੈ। ਮੇਰਾ ਇਸ ਕਿਤਾਬ ਬਾਰੇ ਸੁਝਾਅ ਵੀ ਹੈ। "ਕਬਰ 'ਚ ਦਫ਼ਨ ਹਜ਼ਾਰ ਵਰ੍ਹੇ" ਕਹਾਣੀ ਵਿੱਚ ਸਾਇੰਸ ਨਾਲ ਸੰਬੰਧਿਤ ਗੱਲਾਂ ਦੱਸੀਆਂ ਗਈਆਂ ਹਨ। ਜੇਕਰ ਇਸ ਵਿੱਚ ਜੋ ਸ਼ਬਦ ਔਖੇ ਹਨ। ਉਨ੍ਹਾਂ ਦੇ ਅਰਥ ਨੀਚੇ ਦਿੱਤੇ ਜਾਂਦੇ ਤਾਂ ਹੋਰ ਵੀ ਵਧੀਆ ਹੁੰਦਾ। ਵੈਸੇ ਤਾਂ ਤੁਹਾਡੀ ਕਿਤਾਬ ਅਰਥ ਭਰਪੂਰ ਹੈ। ਇਸ ਕਿਤਾਬ ਦੀ ਤਾਂ ਕੁੱਜੇ 'ਚ ਸਮੁੰਦਰ ਬੰਦ ਕਰਨ ਵਾਲੀ ਗੱਲ ਹੈ। ਆਸ ਹੈ ਕਿ ਆਪ ਅੱਗੇ ਵੀ ਅਜਿਹੀਆਂ ਸਾਰਥਿਕ ਸਾਹਿਤਕ ਰਚਨਾਵਾਂ ਲਿਖਦੇ ਰਹੋਗੇ ਅਤੇ ਸਾਡੇ ਵਰਗੇ ਵਿਦਿਆਰਥੀਆਂ ਨੂੰ ਸਹੀ ਰਾਹ ਦਿਖਾਉਂਦੇ ਰਹੋਗੇ।


**- ਪ੍ਰਿਤਪਾਲ ਕੌਰ**
ਸੰਤ ਬਾਬਾ ਅਤਰ ਸਿੰਘ, ਸੀਨੀ. ਸੈਕੰਡਰੀ ਸਕੂਲ
ਹਰਿਆਊ (ਲਹਿਰਾਗਾਗਾ)

# ਮੈਡੀਕਲ ਸਾਇੰਸਜ਼

## * ਮਰਦਾਂ ਨਾਲੋਂ ਬਿਹਤਰ ਹੁੰਦੀਆਂ ਹਨ ਔਰਤਾਂ

ਬਰਤਾਨਵੀ ਵਿਗਿਆਨੀਆਂ ਦੇ ਮੁਤਾਬਕ ਔਰਤਾਂ ਕਈ ਕੰਮ ਇਕੱਠਿਆਂ ਕਰਨ 'ਚ ਮਰਦਾਂ ਤੋਂ ਬਿਹਤਰ ਹੁੰਦੀਆਂ ਹਨ। ਘੱਟੋ ਘੱਟ ਕਈ ਮਾਮਲਿਆਂ 'ਚ ਤਾਂ ਅਜਿਹਾ ਹੀ ਹੈ। ਇਕ ਖੋਜ ਦੇ ਨਤੀਜਿਆਂ ਮੁਤਾਬਕ ਔਰਤਾਂ ਤਨਾਅ ਭਰੇ ਔਖੇ ਹਾਲਾਤ 'ਚ ਵੀ ਸੋਚ ਵਿਚਾਰ ਕੇ ਕੰਮ ਕਰਨ ਦੇ ਸਮਰੱਥ ਹੁੰਦੀਆਂ ਹਨ। ਮਨੋਵਿਗਿਆਨੀਆਂ ਦੇ ਇਕ ਦਲ ਦੇ ਅਨੁਸਾਰ ਵੱਖ ਵੱਖ ਕੰਮਾਂ 'ਚ ਸੰਤੁਲਿਤ ਬਣਾਉਣ 'ਚ ਔਰਤਾਂ ਮਰਦਾਂ ਨਾਲੋਂ ਜ਼ਿਆਦਾ ਸੁਚੱਜੇ ਤੇ ਸੁਲਝੇ ਹੋਏ ਢੰਗ ਨਾਲ ਕੰਮ ਕਰਦੀਆਂ ਹਨ।

'ਬੀ. ਐਮ. ਸਾਇਕਾਲੋਜੀ' ਨਾਮਕ ਖੋਜ ਪੱਤਰ 'ਚ ਪ੍ਰਕਾਸ਼ਿਤ ਇਸ ਖੋਜ ਮੁਤਾਬਕ ਵੱਖ ਵੱਖ ਕੰਮਾਂ 'ਚ ਸੰਤੁਲਿਤ ਬਣਾਉਣ ਦੇ ਮਾਮਲੇ 'ਚ ਦੋਵਾਂ ਨੂੰ ਦਿੱਕਤ ਹੁੰਦੀ ਹੈ, ਪਰ ਆਮ ਤੌਰ 'ਤੇ ਮਰਦਾਂ ਨੂੰ ਇਸ 'ਚ ਜ਼ਿਆਦਾ ਸਮੱਸਿਆ ਹੁੰਦੀ ਹੈ। ਖੋਜੀਆਂ ਨੇ ਪਹਿਲੀ ਖੋਜ ਲਈ 120 ਮਰਦਾਂ ਅਤੇ ਔਰਤਾਂ ਦਾ ਕੰਪਿਊਟਰ ਟੈਸਟ ਲਿਆ ਤੇ ਨਤੀਜਿਆਂ ਦੀ ਤੁਲਨਾ ਕੀਤੀ। ਖੋਜੀਆਂ ਨੇ ਕਿਹਾ ਹੈ ਕਿ ਔਰਤਾਂ ਤਨਾਅ ਦੇ ਮਾਹੌਲ 'ਚ ਵੀ ਠੰਡੇ ਦਿਮਾਗ ਨਾਲ ਸੋਚ ਸਕਦੀਆਂ ਹਨ। ਇਸ ਪਰੀਖਣ 'ਚ ਜਦੋਂ ਮਰਦਾਂ ਤੇ ਔਰਤਾਂ ਨੂੰ ਇਕ ਕੰਮ ਦਿੱਤਾ ਗਿਆ ਤਾਂ ਦੋਵਾਂ ਦਾ ਪਰਦਰਸ਼ਨ ਇਕੋ ਜਿਹਾ ਸੀ। ਜਦੋਂ ਦੋਵਾਂ ਨੂੰ ਮਿਲੇ-ਜੁਲੇ ਕੰਮ ਦਿੱਤੇ ਗਏ ਤਾਂ ਉਨ੍ਹਾਂ ਦੇ ਪ੍ਰਦਰਸ਼ਨ ਦਾ ਫ਼ਰਕ ਸਾਫ ਨਜ਼ਰ ਆ ਰਿਹਾ ਸੀ। ਇਸ ਕੰਮ 'ਚ ਦੋਵਾਂ ਦੇ ਕੰਮ ਦੀ ਗਤੀ 'ਚ ਕਮੀ ਆਈ ਤੇ ਦੋਵਾਂ ਵੱਲੋਂ ਹੀ ਕੀਤੀਆਂ ਗਲਤੀਆਂ ਦੀ ਸੰਭਾਵਨਾ ਵੀ ਵਧਦੀ ਗਈ। ਇਕ ਸਮੂਹ ਨੂੰ ਕਈ ਕੰਮ ਇਕੱਠੇ ਕਰਨ ਦਾ ਟੀਚਾ ਦਿੱਤਾ ਗਿਆ। ਇਹ ਕੰਮ ਸਿਰਫ ਤੇ ਸਿਰਫ ਅੱਠ ਮਿੰਟਾਂ 'ਚ ਹੀ ਕਰਨੇ ਸਨ। ਇਸ ਲਈ ਉਨ੍ਹਾਂ ਨੂੰ ਤਨਾਅ ਤੋਂ ਬਗੈਰ ਦਿਮਾਗ ਨੂੰ ਠੰਡਾ ਰੱਖ ਕੇ ਇਹ ਕੰਮ ਕਰਨੇ ਪੈਣੇ ਸਨ। ਇਸ ਤੋਂ ਜ਼ਾਹਰ ਹੋਇਆ ਕਿ ਔਰਤਾਂ ਇਸ ਟਾਸਕ 'ਚ ਮਰਦਾਂ ਨਾਲੋਂ ਬਿਹਤਰ ਰਹੀਆਂ।

**ਸੁਖਮੰਦਰ ਸਿੰਘ ਤੂਰ**

## ਹਾਈ ਬਲੱਡ ਪ੍ਰੈਸ਼ਰ ਦੇ ਇਲਾਜ ਵਿੱਚ ਕ੍ਰਾਂਤੀਕਾਰੀ ਵਿਧੀ ਵਿਕਸਤ

ਆਸਟਰੇਲੀਆ ਵਿਗਿਆਨੀਆਂ ਨੇ ਹਾਈ ਬਲੱਡ ਪ੍ਰੈਸ਼ਰ ਦੇ ਇਲਾਜ ਲਈ ਇਕ ਨਵੀਂ ਕ੍ਰਾਂਤੀਕਾਰੀ ਵਿਧੀ ਵਿਕਸਤ ਕੀਤੀ ਹੈ, ਜੋ ਹਾਇਪਰਟੈਂਸ਼ਨ ਤੋਂ ਪੀੜਤ ਲੱਖਾਂ ਲੋਕਾਂ ਲਈ ਫਾਇਦੇਮੰਦ ਸਾਬਤ ਹੋ ਸਕਦੀ ਹੈ। ਮੋਨਾਸ਼ ਯੂਨੀਵਰਸਿਟੀ ਦੀ ਅਗਵਾਈ ਹੇਠ ਤਿੰਨ ਸਾਲ ਤੱਕ ਚੱਲੇ ਕਲੀਨਿਕਲ ਟ੍ਰਾਇਲ ਦੇ ਅੰਤਮ ਨਤੀਜਿਆਂ 'ਚ ਬਲੱਡ ਪ੍ਰੈਸ਼ਰ ਦੇ ਇਲਾਜ ਦੀ ਨਵੀਂ ਵਿਧੀ ਦਾ ਅਧਿਐਨ ਕੀਤਾ ਗਿਆ। ਆਸਟਰੇਲੀਆ ਅਤੇ ਯੂਰਪ ਵਿੱਚ ਕੀਤੇ ਗਏ ਇਸ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਮਰੀਜ਼ਾਂ ਦੇ ਉਸ ਗਰੁੱਪ ਜਿਸ ਤੇ 'ਹਾਈਪਰਟੈਂਸ਼ਨ' ਦੀ ਇਲਾਜ ਵਿਧੀ ਦਾ ਕੋਈ ਅਸਰ ਨਹੀਂ ਹੁੰਦਾ ਸੀ, ਉਨ੍ਹਾਂ ਦਾ ਬਲੱਡ ਪ੍ਰੈਸ਼ਰ ਤਿੰਨ ਸਾਲਾਂ ਤੱਕ ਘੱਟ ਰੱਖਣ ਦੇ ਫਾਇਦੇ ਵੇਖਣ ਨੂੰ ਮਿਲੇ। ਇਸ ਨਵੀਂ ਤਕਨੀਕ ਤਹਿਤ ਗੁਰਦਿਆਂ ਦੇ ਦੁਆਲੇ ਧਮਣੀਆਂ 'ਚ ਰੋਕਾਂ ਪਾਈਆਂ ਜਾਂਦੀਆਂ ਹਨ। ਜੋ ਦਿਮਾਗ ਅਤੇ ਗੁਰਦਿਆਂ ਨੂੰ ਬਲੱਡ ਪ੍ਰੈਸ਼ਰ ਵਧਣ ਦੇ ਸੰਕੇਤ ਭੇਜਦੀਆਂ ਹਨ। ਇਸ ਵਿਧੀ ਨਾਲ ਸੁਰੱਖਿਆ ਦੇ ਕੋਈ ਵੱਡੇ ਜਾਂ ਲੰਮਚਿਰੀ ਸਿੱਟੇ ਜੁੜੇ ਨਹੀਂ ਹੁੰਦੇ। ਰੋਕਾਂ ਪੈਦਾ ਕਰਨ ਦੀ ਇਹ ਵਿਧੀ ਸਰੀਰ ਦੇ ਥੋੜ੍ਹੇ ਜਿਹੇ ਹਿੱਸੇ ਨੂੰ ਸੁੰਨ ਕਰਕੇ ਕੀਤੀ ਜਾਂਦੀ ਹੈ। ਕੈਥੀਟਰ ਰਾਹੀਂ ਸਬੰਧਤ ਧਮਣੀ ਵਿੱਚ ਇਹ ਪਹੁੰਚਾ ਦਿੱਤੀ ਜਾਂਦੀ ਹੈ। ਇਸ ਦੇ ਸਿੱਟੇ ਵਜੋਂ ਮਲ ਧਮਣੀ ਸੁੰਨ ਹੋ ਜਾਂਦੀ ਹੈ ਜੋ ਗੁਰਦਿਆਂ ਨੂੰ ਖ਼ੂਨ ਆਦਿ ਸਪਲਾਈ ਕਰਦੀ ਹੈ। ਵਿਸ਼ਵ ਸਹਿਤ ਸੰਸਥਾ ਦੀ ਇਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ 'ਹਾਈ ਬਲੱਡ ਪ੍ਰੈਸ਼ਰ' ਤੋਂ ਪੀੜਤ 75 ਲੱਖ ਲੋਕ ਹਰ ਸਾਲ ਮੌਤ ਦੇ ਮੂੰਹ ਚਲੇ ਜਾਂਦੇ ਹਨ।



**ਉਮਰ ਦੀ ਸੀਮਾ ਨੂੰ ਵਧਾਉਂਦਾ ਹੈ ਤੇਜ਼ ਦਿਮਾਗ** : ਇਕ ਖੋਜ ਮੁਤਾਬਕ ਤੇਜ਼ ਦਿਮਾਗ ਦਾ ਅਰਥ ਹੈ -ਵਿਅਕਤੀ ਦੀ ਲੰਮੀ ਉਮਰ। ਇਸ ਖੋਜ 'ਚ 2200 ਵਿਅਕਤੀਆਂ ਦੀ ਦਿਮਾਗੀ ਸ਼ਕਤੀ ਦਾ ਅਧਿਐਨ ਕੀਤਾ ਗਿਆ। ਇਸ ਅਧਿਐਨ 'ਚ ਇਹਨਾਂ ਵਿਅਕਤੀਆਂ ਦਾ ਆਈ ਕਿਊ ਟੈਸਟ ਲਿਆ ਗਿਆ ਤੇ ਜਿਨ੍ਹਾਂ ਨੇ ਇਸ 'ਚ ਵਧੀਆ ਸਕੋਰ ਪ੍ਰਾਪਤ ਕੀਤਾ, ਉਨ੍ਹਾਂ ਦੀ ਉਮਰ ਹੱਦ ਵਧੇਰੇ ਪਾਈ ਗਈ, ਇਹੀ ਨਹੀਂ, ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਲੰਮੀ ਉਮਰ ਦਾ ਸਬੰਧ ਜੀਵਨ ਸ਼ੈਲੀ ਤੇ ਜੈਨੇਟਿਕਸ ਨਾਲ ਵੀ ਹੈ।

## ਮੌਤ ਦੀ ਦਰ ਨੂੰ ਵਧਾ ਰਹੀ ਸਿਗਰਟਨੋਸ਼ੀ

ਸਿਗਰਟ ਦੇ ਨੁਕਸਾਨਦਾਇਕ ਪ੍ਰਭਾਵਾਂ ਨੂੰ ਜਾਣਦੇ ਹੋਏ ਵੀ ਸਿਗਰੇਟ ਦਾ ਸੇਵਨ ਵਧਦਾ ਜਾ ਰਿਹਾ ਹੈ। ਇਸ ਦੀ ਵਧੇਰੇ ਵਰਤੋਂ ਕਰਕੇ ਸਿਗਰਟ ਦੇ ਨੁਕਸਾਨਦਾਇਕ ਪ੍ਰਭਾਵਾਂ ਕਰਕੇ ਮੌਤ ਦੀ ਦਰ ਵਧਦੀ ਜਾ ਰਹੀ ਹੈ। ਸਿਗਰਟ ਹੀ ਨਹੀਂ, ਬੀੜੀ ਪੀਣ ਵਾਲੇ ਵੀ ਇਸ ਖ਼ਤਰੇ ਤੋਂ ਬਚੇ ਨਹੀਂ ਹਨ, ਕਿਉਂਕਿ ਮਾਹਿਰਾਂ ਦਾ ਕਹਿਣਾ ਹੈ ਕਿ ਬੀੜੀ 'ਚ ਤੰਬਾਕੂ ਭਾਵੇਂ ਘੱਟ ਮਾਤਰਾ 'ਚ ਹੋਵੇ, ਪਰ ਟਾਰ ਤੇ ਨਿਕੋਟਿਨ ਦੀ ਮਾਤਰਾ ਵੱਧ ਹੁੰਦੀ ਹੈ। ਸਿਗਰਟ ਤੇ ਬੀੜੀ ਪੀਣ ਨਾਲ ਕੈਂਸਰ ਅਤੇ ਦਿਲ ਦੇ ਰੋਗ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।

## ਟੀ. ਵੀ. ਵੇਖਣ ਨਾਲ ਵਧਦਾ ਹੈ ਮਨੈਕਸ ਤੇ ਸਾਫਟਡ੍ਰਿੰਕਸ ਦਾ ਸੇਵਨ

ਬੋਸਟਨ ਯੂਨੀਵਰਸਿਟੀ ਦੇ ਮਾਹਿਰਾਂ ਨੇ ਹਾਲ ਹੀ ਵਿੱਚ ਇਕ ਖੋਜ ਕੀਤੀ ਹੈ, ਜਿਸ ਵਿੱਚ 91 ਪਰਿਵਾਰਾਂ ਦੇ ਖਾਣ-ਪੀਣ ਦੀਆਂ ਆਦਤਾਂ ਦਾ ਅਧਿਐਨ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਨੇ ਵੇਖਿਆ ਸੀ ਕਿ ਇਨ੍ਹਾਂ ਪਰਿਵਾਰਾਂ ਦੇ ਬੱਚਿਆਂ ਨੇ ਟੀ. ਵੀ. ਆਦਿ ਵੇਖਦੇ ਹੋਏ ਫ਼ਲਾਂ ਅਤੇ ਸਬਜ਼ੀਆਂ ਦਾ ਸੇਵਨ ਤਾਂ ਨਾ ਦੇ ਬਰਾਬਰ ਕੀਤਾ, ਜਦਕਿ ਪੀਜ਼ਾ/ਸਨੈਕਸ/ਸਾਫ਼ਟ ਡ੍ਰਿੰਕਸ ਦਾ ਸੇਵਨ ਵੱਧ ਕੀਤਾ। ਮਾਹਿਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਖਾਧ ਪਦਾਰਥਾਂ ਦੇ ਇਸ਼ਤਿਹਾਰਾਂ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦਾ ਵੱਧ ਸੇਵਨ ਕਰਦੇ ਹਨ। ਇਸ ਦਾ ਇਕ ਕਾਰਨ ਟੀ. ਵੀ. ਆਦਿ ਵਧੇਰੇ ਵੇਖਣਾ ਵੀ ਹੈ, ਕਿਉਂਕਿ ਟੀ. ਵੀ. ਵਧੇਰੇ ਵੇਖਣ ਦੇ ਲਾਲਚ 'ਚ ਪਰਿਵਾਰ ਦੇ ਮੈਂਬਰ ਜਲਦੀ ਤਿਆਰ ਕੀਤੇ ਜਾਂ ਪਹਿਲਾਂ ਤੋਂ ਤਿਆਰ ਕੀਤੇ ਖਾਧ ਪਦਾਰਥਾਂ ਦਾ ਸੇਵਨ ਕਰਦੇ ਹਨ ਤਾਂ ਕਿ ਉਹ ਆਰਾਮ ਨਾਲ ਟੀ. ਵੀ. ਵੇਖ ਸਕਣ। ਖਾਣਾ ਬਣਾਉਣ ਦੇ ਝੰਜਟ ਤੋਂ ਬਚਣ ਲਈ ਉਹ ਪੀਜ਼ਾ, ਸਨੈਕਸ ਤੇ ਕੋਲਡ ਡ੍ਰਿੰਕਸ ਦਾ ਵਧ ਸੇਵਨ ਕਰਦੇ ਹਨ।

## .... ਤੇ ਅੰਤ ਵਿੱਚ

ਤਕਰੀਬਨ 50 ਫੀਸਦੀ ਲੋਕ ਘੋਰ ਹਨੇਰੇ 'ਚ ਵੀ ਆਪਣੇ ਹੱਥਾਂ ਦੀ ਹਿਲਜੁਲ ਨੂੰ ਦੇਖ ਸਕਦੇ ਹਨ। ਇਹ ਗੱਲ ਇਕ ਨਵੀਂ ਖੋਜ ਵਿੱਚ ਸਾਹਮਣੇ ਆਈ ਹੈ। ਖੋਜਕਾਰਾਂ ਦਾ ਕਹਿਣਾ ਹੈ ਕਿ ਕੋਈ ਰੌਸ਼ਨੀ ਨਾ ਹੋਣ ਦੇ ਬਾਵਜੂਦ ਵੀ ਦਿਮਾਗ ਸਰੀਰ ਦੇ ਹਿੱਸਿਆਂ ਦਾ ਪਤਾ ਲਗਾਉਣ ਦੇ ਸਮਰੱਥ ਹੁੰਦਾ ਹੈ। ਮਾਹਿਰਾਂ ਦਾ ਕਹਿਣਾ ਹਨੇਰੇ 'ਚ ਵੀ ਦਿਮਾਗ ਪੂਰੀ ਤਰ੍ਹਾਂ ਗਤੀਸ਼ੀਲ ਰਹਿੰਦਾ ਹੈ।

# ਗਲਤ ਰਵਾਇਤਾਂ ਤਿਆਗੋ

ਮੇਵਾ ਸਿੰਘ ਹੇੜੀਕੇ

ਜਿਹੜੀਆਂ ਵੀ ਰਵਾਇਤਾਂ ਅੱਜ ਕੱਲ੍ਹ ਅਸੀਂ ਜਾਣੇ ਅਣਜਾਣੇ ਵਿਚ ਕਰੀ ਜਾ ਰਹੇ ਹਾਂ ਕਿਸੇ ਸਮੇਂ ਇਨ੍ਹਾਂ ਦੀ ਸਾਨੂੰ ਲੋੜ ਸੀ। ਆਪਣੇ ਬਜ਼ੁਰਗਾਂ ਨੇ ਇਹ ਆਪਣੇ ਕਿਸੇ ਮਕਸਦ ਦੀ ਪੂਰਤੀ ਵਾਸਤੇ ਹੀ ਚਲਾਈਆਂ ਸਨ।

**ਮਟੀਆਂ** : ਜਦੋਂ ਕਿਸਾਨਾਂ ਨੂੰ ਫਸਲਾਂ ਬੀਜਣ ਲਈ ਜੰਗਲ ਵੱਢਣੇ ਸ਼ੁਰੂ ਕੀਤੇ ਤਾਂ ਕੁਝ ਸਿਆਣੇ ਲੋਕਾਂ ਨੇ ਸੋਚਿਆ ਕਿ ਇਹਨਾਂ ਵਿਚੋਂ ਕੁਝ ਕੀਮਤੀ ਦਰਖਤ ਬਚਾ ਲੈਣੇ ਚਾਹੀਦੇ ਹਨ ਤਾਂ ਉਹਨਾਂ ਨੇ ਕੁਝ ਦਰੱਖਤਾਂ ਦੀ ਚੋਣ ਕੀਤੀ। ਜਿਨ੍ਹਾਂ ਵਿੱਚੋਂ ਬੇਰੀ, ਨਿੰਮ, ਪਿੱਪਲ, ਬੋਹੜ ਅਤੇ ਜੰਡ ਸਨ। ਇਨ੍ਹਾਂ ਛਾਂਦਾਰ ਦਰੱਖਤਾਂ ਦੀ ਚੋਣ ਕੀਤੀ ਗਈ। ਇਹ ਦਰੱਖਤ ਵੱਢਣ ਤੋਂ ਰੋਕਣ ਲਈ ਉਨ੍ਹਾਂ ਨੇ ਇਕ ਸਕੀਮ ਘੜ ਲਈ ਕਿ ਇਹਨਾਂ ਪੰਜਾਂ ਦੇ ਹੇਠਾਂ ਪੰਜ, ਸੱਤ ਇੱਟਾਂ ਰੱਖਕੇ ਉਪਰ ਕਲੀ ਕੀਤੀ ਜਾਵੇ। ਇਸਨੂੰ ਮਟੀ ਦਾ ਰੂਪ ਦੇ ਦਿੱਤਾ ਗਿਆ। ਇਹ ਪ੍ਰਚਾਰ ਕਰ ਦਿੱਤਾ ਗਿਆ ਕਿ ਇਹ ਦਰੱਖਤ ਤਲਾਕ ਦਿੱਤੇ ਗਏ ਹਨ ਭਾਵ ਪੱਕੇ ਹਨ। ਇਹਨਾਂ ਦਾ ਕੋਈ ਬੰਦਾ ਇਕ ਪੱਤਾ ਜਾਂ ਟਾਹਣੀ ਤੋੜੇਗਾ ਦਰਖਤ ਉਸਨੂੰ ਨੁਕਸਾਨ ਪਹੁੰਚਾਏਗਾ। ਸੋ ਇਸ ਤਰ੍ਹਾਂ ਉਨ੍ਹਾਂ ਲੋਕਾਂ ਨੇ ਇਹ ਪੰਜ ਦਰਖਤ ਉਸ ਸਮੇਂ ਲੋਕਾਂ ਤੋਂ ਵੱਢਣੋਂ ਬਚਾ ਲਏ ਗਏ।

**ਤੇਲ ਚੋਣਾ** : ਤੇਲ ਚੋਣ ਵਾਲੀ ਰਵਾਇਤ ਇਸ ਤਰ੍ਹਾਂ ਚੱਲੀ। ਅੱਜ ਤੋਂ ਤਕਰੀਬਨ ਸੌ ਕੁ ਸਾਲ ਪਹਿਲਾਂ ਜ਼ਿਆਦਾ ਕਰਕੇ ਲੋਕਾਂ ਦੇ ਘਰ ਕੱਚੇ ਹੀ ਹੁੰਦੇ ਸਨ। ਉਨ੍ਹਾਂ ਨੂੰ ਜਿਹੜੇ ਦਰਵਾਜ਼ੇ ਲੱਕੜੀ ਦੇ ਲੱਗੇ ਹੁੰਦੇ ਇਹ ਚੂਲਾਂ ਵਾਲੇ ਹੁੰਦੇ ਸਨ। ਦਰਵਾਜ਼ੇ ਦੇ ਦੋਵਾਂ ਥਮਲਿਆਂ ਨਾਲ ਦੋ ਮੋਟੇ ਮੋਟੇ ਕੀਲੇ ਗੱਡ ਲਏ ਜਾਂਦੇ ਸਨ ਜਿਹਨਾਂ ਦੇ ਉਪਰ ਦੋ ਕੁ ਇੰਚ ਦੇ ਟੋਏ ਕਰ ਲਏ ਜਾਂਦੇ ਸਨ। ਤਖਤਿਆਂ ਦੇ ਅੰਦਰ ਵਾਲੇ ਫੱਟ ਵਿਚੋਂ ਕੱਟ ਲਾ ਕੇ ਇਕ ਚੂਲ ਬਣਾ ਲਈ ਜਾਂਦੀ ਸੀ। ਇਹ ਚੂਲ ਵਾਲੇ ਤਖਤੇ ਟੋਇਆਂ ਉੱਪਰ ਰੱਖਕੇ ਦਰਵਾਜ਼ਾ ਖੁੱਲ੍ਹਦਾ ਅਤੇ ਬੰਦ ਹੋਣ ਲੱਗ ਜਾਂਦਾ ਸੀ। ਉਹ ਦਰਵਾਜੇ ਕਾਫੀ ਭਾਰੀ ਸਨ। ਜਿਹੜਾ ਟੋਆ ਥੱਲੇ ਉਪਰ ਹੁੰਦਾ ਸੀ ਉਸ ਵਿਚ ਤੇਲ ਭਰ ਦਿੱਤਾ ਜਾਂਦਾ ਸੀ ਤਾਂ ਕਿ ਇਹ ਖੋਲ੍ਹਣ ਅਤੇ ਬੰਦ ਕਰਨ ਸਮੇਂ ਆਵਾਜ਼ ਨਾ ਕਰਨ। ਉਨ੍ਹਾਂ ਦਿਨਾਂ ਵਿਚ ਜਦੋਂ ਕਿਸੇ ਦੇ ਕੋਈ ਮਹਿਮਾਨ ਘਰ ਵਿਚ ਆਉਂਦਾ ਜਾਂ ਵਿਆਹ ਸ਼ਾਦੀ ਦੇ ਸਮੇਂ ਤਾਂ ਤੇਲ ਜਰੂਰ ਹੀ ਚੋ ਦੇਣਾ। ਹੁਣ ਦਰਵਾਜੇ ਵੀ ਬਦਲ ਗਏ ਹਨ। ਹੁਣ ਤੇਲ ਚੋਣ ਦੀ ਲੋੜ ਨਹੀਂ ਹੈ।



**ਨਜ਼ਰ ਵੱਟੂ** : ਤੁਸੀਂ ਕਿਸੇ ਵੀ ਪਿੰਡ ਵਿਚ ਦੀ ਲੰਘ ਜਾਓ ਤੁਹਾਨੂੰ ਨਵੀਆਂ ਨਵੀਆਂ ਕੋਠੀਆਂ ਉਸਰੀਆਂ ਮਿਲਣਗੀਆਂ, ਕੁਝ ਉਸਾਰੀ ਅਧੀਨ ਹਨ। ਉਨ੍ਹਾਂ ਸਾਰੀਆਂ ਤੇ ਕਾਲੇ ਕਰਕੇ ਤਪਲੇ ਜਾਂ ਟੁੱਟੇ ਛਿੱਤਰ ਟੰਗੇ ਜ਼ਰੂਰ ਮਿਲਣਗੇ। ਜਿਹੜੀਆਂ ਦੁਕਾਨਾਂ ਤੋਂ ਅਸੀਂ ਇਮਾਰਤੀ ਸਮਾਨ ਦੀ ਖਰੀਦ ਕਰਦੇ ਹਾਂ ਇਹ ਪਹਿਲਾਂ ਹੀ ਨਜ਼ਰ ਵੱਟੂ ਬਣਾ ਕੇ ਰਖਦੇ ਹਨ। ਇਹ ਮੁਫ਼ਤ ਵਿਚ ਹੀ ਖਰੀਦਦਾਰ ਨੂੰ ਦੇ ਦਿੰਦੇ ਹਨ। ਸੋ ਨਜ਼ਰ ਲੱਗਣ ਵਾਲਾ ਭਰਮ ਵੀ ਕੱਢ ਦਿਉ। ਨਜ਼ਰ ਨਾਂ ਦੀ ਕੋਈ ਚੀਜ਼ ਨਹੀਂ ਹੈ।

**ਨਵੀਂ ਮਸ਼ੀਨਰੀ ਧਾਰਮਿਕ ਅਸਥਾਨਾਂ ਤੇ ਲੈ ਕੇ ਜਾਣਾ** : ਇਹ ਵੀ ਦੇਖਿਆ ਗਿਆ ਹੈ ਕਿ ਅਸੀਂ ਕਾਰ, ਟਰੱਕ, ਬੱਸ ਆਦਿ ਨਵੀਂ ਖਰੀਦ ਲੈਂਦੇ ਹਾਂ ਤਾਂ ਇਸਨੂੰ ਵਰਤਣ ਤੋਂ ਪਹਿਲਾਂ ਅਸੀਂ ਕਿਸੇ ਧਾਰਮਿਕ ਅਸਥਾਨ ਜਿਵੇਂ ਕਿ ਅੰਮ੍ਰਿਤਸਰ ਸਾਹਿਬ, ਹਜ਼ੂਰ ਸਾਹਿਬ, ਵੈਸ਼ਨੂੰ ਦੇਵੀ ਆਦਿ ਅਸਥਾਨਾਂ ਦੀ ਯਾਤਰਾ ਤੇ ਚੱਲ ਪੈਂਦੇ ਹਾਂ। ਅਪਣੇ ਰਿਸ਼ਤੇਦਾਰਾਂ ਤੋਂ ਇਲਾਵਾ ਹੋਰ ਜਾਣ ਪਹਿਚਾਣ ਵਾਲੇ ਲੋਕਾਂ ਨੂੰ ਵੀ ਨਾਲ ਲੈ ਲੈਂਦੇ ਹਾਂ। ਸਫਰ ਇਕ ਦਿਨ ਤੋਂ ਲੈ ਕੇ ਕਈ ਦਿਨਾਂ ਦਾ ਵੀ ਹੋ ਸਕਦਾ ਹੈ। ਮਸ਼ੀਨਰੀ ਨਵੀਂ ਹੁੰਦੀ ਹੈ। ਚਲਾਉਣ ਵਾਲਾ ਵੀ ਇਸਦਾ ਬਹੁਤਾ ਭੇਤੀ ਨਹੀਂ ਹੁੰਦਾ ਹੈ। ਸਾਰਿਆਂ ਦਾ ਮਨ ਉਸ ਸਮੇਂ ਮੌਜ ਮਸਤੀ ਵਾਲਾ ਹੁੰਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਐਕਸੀਡੈਂਟ ਦੀ ਸੰਭਾਵਨਾ ਜ਼ਿਆਦਾ ਰਹਿੰਦੀ ਹੈ।

**ਪੌਣੇ ਦਾ ਵਹਿਮ** : ਅਸੀਂ ਸੂਟ ਦਾ ਕੱਪੜਾ ਲੈਣ ਦੁਕਾਨ ਤੇ ਜਾਂਦੇ ਹਾਂ। ਤੁਹਾਡੇ ਸੂਟ ਨੂੰ ਕੱਪੜਾ ਪੌਣੇ ਪੰਜ ਮੀਟਰ ਜਾਂ ਪੌਣੇ ਛੇ ਮੀਟਰ ਲਗਦਾ ਹੈ। ਦੁਕਾਨਦਾਰ ਤੁਹਾਨੂੰ ਪੰਜ ਜਾਂ ਛੇ ਮੀਟਰ ਕੱਪੜਾ ਲੈਣ ਲਈ ਕਹੇਗਾ। ਪਰ ਤੁਸੀਂ ਪੌਣੇ ਪੰਜ ਜਾਂ ਪੌਣੇ ਛੇ ਮੀਟਰ ਕੱਪੜਾ ਹੀ ਲਵੋ। ਇਸ ਤਰ੍ਹਾਂ ਘੱਟ ਤੋਂ ਘੱਟ ਤੁਸੀਂ ਇਕ ਸੌ ਰੁਪਏ ਦੀ ਬਚਤ ਕਰ ਸਕਦੇ ਹੋ। ਪੌਣੇ, ਸਵਾਏ ਦਾ ਵੀ ਇਕ ਵਹਿਮ ਹੀ ਹੈ।

**11, 21, 31, 101 ਆਦਿ ਦਾ ਭਰਮ** : ਦਾਨ ਵੀ ਬਹੁਤ ਸੋਚ ਕੇ ਕਰਨਾ ਚਾਹੀਦਾ ਹੈ। ਜੇਕਰ ਇਕ ਘਰ ਵਾਲੇ ਕਿਸੇ ਧਾਰਮਿਕ ਅਸਥਾਨ ਤੇ ਕੁਛ ਚੜ੍ਹਾਵਾ ਦੇ ਆਏ ਤਾਂ ਦੂਸਰੇ ਘਰਾਂ ਵਾਲੇ ਵੀ ਰੀਸੋ ਰੀਸ ਦਾਨ ਕਰਨ ਤੁਰ ਪੈਂਦੇ ਹਨ। ਸਾਲ 'ਚ ਦੋ ਵਾਰ ਛੋਟੇ ਹਾਥੀ ਵਾਲੇ ਬੋਰੀਆ ਲੈ ਕੇ ਤੁਰ ਪੈਂਦੇ ਹਨ। ਇਹਨਾਂ ਤੋਂ ਬਚਣ ਦੀ ਖਾਸ ਲੋੜ ਹੈ। ਕਿਸੇ ਵੀ ਧਾਰਮਿਕ ਅਸਥਾਨ ਤੇ ਰਸੀਦ ਲਏ ਬਿਨਾਂ ਮਾਇਆ ਨਹੀਂ ਦੇਣੀ ਚਾਹੀਦੀ ਹੈ। ਜੇਕਰ ਲੋੜ ਪਏ ਤਾਂ ਕਿਸੇ ਹਿਸਾਬ 'ਚ 10, 20, 30 ਜਾਂ 100 ਵਿਚ ਹਿਸਾਬ ਕਰੋ। ਭਾਵ ਸਵਾਇਆ ਵਾਲਾ ਫਾਰਮੂਲਾ ਤਿਆਗ ਦਿਓ।

**ਸੰਖੇਪ 'ਚ ਗਲਤ ਰਵਾਇਤਾਂ ਇਹ ਹਨ** : ਤੇਲ ਚੋਣਾ, ਨਜਰ ਵੱਟੂ ਟੰਗਣਾ, ਮਸ਼ੀਨਰੀ ਦਾ ਮੱਥਾ ਟਿਕਵਾਉਣਾ, ਧਾਰਮਿਕ ਅਸਥਾਨਾਂ ਦੀਆਂ ਗੋਲਕਾਂ ਭਰੀ ਜਾਣਾ, ਸੁਖਾਂ ਸੁਖਣੀਆਂ, ਮਟੀਆਂ ਨੂੰ ਮੱਥਾ ਟੇਕਣਾ, ਗੁੱਗਾ-ਪੀਰ ਦੀਆਂ ਮਨੌਤਾਂ, ਨਗਾਂ ਵਾਲੀਆਂ ਅੰਗੂਠੀਆਂ ਖਰੀਦਣਾ, ਪੁੱਛਾ ਲੈਣੀਆਂ, ਕੋਈ ਕੰਮ ਹੋ ਜਾਣ ਮਗਰੋਂ ਲੱਡੂਆਂ ਦੇ ਡੱਬੇ ਧਾਰਮਿਕ ਅਸਥਾਨਾਂ ਤੇ ਦੇ ਕੇ ਆਉਣਾ, ਮੁਰਦਿਆਂ ਨੂੰ ਮੰਜੇ ਬਿਸਤਰੇ ਅਤੇ ਪੰਜ ਭਾਂਡੇ ਦੇਣੇ, ਬਜ਼ੁਰਗਾਂ ਦੀਆਂ ਬਰਸੀਆਂ ਮਨਾਉਣੀਆਂ, ਸੱਤ ਮਿਰਚਾਂ ਚੁੱਲ੍ਹੇ ਵਿਚ ਸੁੱਟਣੀਆਂ, ਜੋਤਾਂ 'ਚ ਦੇਸੀ ਘੀ ਫੂਕਣਾ, ਧੂਫਾਂ ਅਤੇ ਅਗਰਬੱਤੀਆਂ ਜਗਾਉਣੀਆਂ, ਬਲੀ ਵਾਸਤੇ ਮੁਰਗੇ ਅਤੇ ਬੱਕਰੇ ਦੇਣੇ, ਮਿਰਚਾਂ ਅਤੇ ਨਿੰਬੂ ਧਾਗੇ 'ਚ ਪਰੋ ਕੇ ਦਰਵਾਜੇ ਤੇ ਟੰਗਣਾ, ਮੰਗਲਵਾਰ ਅਤੇ ਸ਼ਨਿਚਰਵਾਰ ਨੂੰ ਢੌਂਸੀ ਨੂੰ ਤੇਲ ਪਾਉਣਾ, ਮੂੱਲ ਦੇ ਪਾਠ ਕਰਵਾਉਣੇ।

ਸੋ ਇਹ ਸਾਰੀਆਂ ਰਵਾਇਤਾਂ ਤਾਂ ਇਕ ਨਮੂਨੇ ਦੇ ਤੌਰ ਤੇ ਲਿਖੀਆਂ ਹਨ। ਇਨ੍ਹਾਂ ਤੋਂ ਬਿਨਾਂ ਹੋਰ ਵੀ ਬਹੁਤ ਹਨ। ਇਨ੍ਹਾਂ ਤੇ ਕਾਬੂ ਪਾਉਣ ਲਈ ਸਾਨੂੰ ਗਿਆਨ ਅਤੇ ਥੋੜ੍ਹੀ ਜਿਹੀ ਦਲੇਰੀ ਕਰਨ ਦੀ ਲੋੜ ਹੈ। ਧਰਮ-ਰਾਜ, ਜਮਦੂਤ, ਨਰਕ-ਸੁਰਗ, ਅਗਲਾ ਪਿਛਲਾ ਜਨਮ, ਰੱਬ, ਆਤਮਾ, ਇਨ੍ਹਾਂ ਦਾ ਅੱਜ ਤੱਕ ਕਿਸੇ ਨੂੰ ਕੋਈ ਸਬੂਤ ਨਹੀਂ ਮਿਲਿਆ, ਇਸ ਲਈ ਇਹਨਾਂ ਤੋਂ ਡਰਨ ਦੀ ਕੋਈ ਲੋੜ ਨਹੀਂ ਹੈ। ਬੰਦੇ ਦੇ ਮਰਨ ਤੋਂ ਬਾਦ ਉਸਦਾ ਕੋਈ ਵੀ ਵਜੂਦ ਬਾਕੀ ਨਹੀਂ ਰਹਿੰਦਾ ਹੈ।

# ਸੰਤ ਤੇ ਬਾਣੇ ਵਿੱਚ ਭੂ-ਮਾਫੀਆ

ਨਿਤਿਨ ਸਬਰੰਗੀ

ਹਰਿਦੁਆਰ ਵਿੱਚ ਪੰਡੇ ਪੁਰੋਹਿਤ ਧਰਮ ਦੀ ਓਟ ਲੈ ਕੇ ਸਰਕਾਰ ਵਿੱਚ ਬਣਾਏ ਰਸੂਖ (ਪਹੁੰਚ; ਮੇਲ ਮਿਲਾਪ) ਦੇ ਕਾਰਨ ਕਰੋੜਾਂ ਅਰਬਾਂ ਦੀ ਜਮੀਨ ਉੱਤੇ ਕਬਜ਼ੇ ਕਰੀ ਬੈਠੇ ਹਨ। ਦੂਜਿਆਂ ਨੂੰ ਤਿਆਗੀ ਬਣਨ ਅਤੇ ਸੁਖਾਂ ਤੋਂ ਵਾਂਝੇ ਰਹਿਣ ਦਾ ਉਪਦੇਸ਼ ਦੇਣ ਵਾਲੇ ਇਹਨਾਂ ਫਰਜ਼ੀ ਸੰਤਾਂ ਦਾ ਇਹ ਗੈਰਕਾਨੂੰਨੀ ਕਾਰੋਬਾਰ ਦੇਖ ਕੇ ਇਹੀ ਜਾਪਦਾ ਹੈ ਕਿ ਇਥੇ ਸੰਤ ਦੇ ਭੇਸ ਵਿੱਚ ਭੂਮਾਫ਼ੀਆ ਪਲ ਰਹੇ ਹਨ।

ਧਾਰਮਿਕ ਨਗਰੀ ਦੇ ਰੂਪ ਵਿੱਚ ਮਸ਼ਹੂਰ ਗੰਗਾ ਨਦੀ ਦੇ ਕਿਨਾਰੇ ਵਸੇ ਹਰਿਦੁਆਰਾ ਵਿੱਚ ਧਰਮ ਦੇ ਨਾਂ ਉੱਤੇ ਸਾਧੂ ਸੰਤ ਮਹਿਜ ਧੰਦਾ ਹੀ ਨਹੀਂ ਕਰਦੇ ਸਗੋਂ ਜਮੀਨਾਂ ਦੀ ਕੁਵਰਤੋਂ ਅਤੇ ਕਬਜ਼ੇ ਦਾ ਕੰਮ ਵੀ ਡਟ ਕੇ ਕਰਦੇ ਹਨ। ਉਹ ਅਜਿਹੇ ਰੋਹਬਦਾਬ ਵਾਲੇ ਵੀ ਨਹੀਂ ਕਿ ਹਥਿਆਰਾਂ ਅਤੇ ਲਾਠੀਆਂ ਦੇ ਜ਼ੋਰ ਉੱਤੇ ਜ਼ਮੀਨਾਂ ਉੱਤੇ ਕਬਜ਼ੇ ਕਰਦੇ ਹਨ। ਉਹ ਧਰਮ ਦੀ ਆੜ ਲੈ ਕੇ ਭਗਤਾਂ ਦੀ ਤਾਕਤ ਅਤੇ ਸੱਤਾ ਵਿੱਚ ਰਸੂਖ ਦੇ ਬਲ ਉੱਤੇ ਹੀ ਗੈਰ ਕਾਨੂੰਨੀ ਕੰਮ ਕਰਦੇ ਹਨ। ਗੰਗਾ ਦੀ ਛਾਤੀ ਵਿੱਚ ਛੇਕ ਕਰਕੇ ਉਸ ਦੀ ਸੈਂਕੜੇ ਏਕੜ ਜ਼ਮੀਨ ਨੂੰ ਉਹਨਾਂ ਨੇ ਕਬਜ਼ੇ ਵਿੱਚ ਕੀਤਾ ਹੋਇਆ ਹੈ। ਦੂਜਿਆਂ ਨੂੰ ਸੰਸਾਰਿਕ ਸੁਖਾਂ ਤੋਂ ਦੂਰ ਰਹਿਣ ਦੀ ਸਿੱਖਿਆ ਦੇਣ ਵਾਲੇ ਆਪ ਕੁਦਰਤੀ ਵਾਤਾਵਰਣ ਅਤੇ ਆਧੁਨਿਕ ਸਹੂਲਤਾਂ ਨਾਲ ਲੈਸ ਹੋ ਕੇ ਜੀਵਨ ਦਾ ਅਨੰਦ ਲੈ ਰਹੇ ਹਨ। ਕਾਇਦੇ ਕਾਨੂੰਨਾਂ ਨੂੰ ਸੂਲੀ ਉੱਤੇ ਲਟਕਾਉਣ ਦੇ ਹੁਨਰ ਦੇ ਇਹ ਬਾਜ਼ੀਗਰ ਵੀ ਹਨ। ਸੱਤਾਧਾਰੀ ਲੀਡਰ ਵੀ ਕਿਉਂਕਿ ਸੰਤਾਂ ਦੇ ਦਰਬਾਰ ਵਿੱਚ ਸਿਰ ਝੁਕਾਉਂਦੇ ਹਨ। ਇਸ ਲਈ ਸਰਕਾਰੀ ਤੰਤਰ ਬਾਬਿਆਂ ਦੇ ਵਿਰੁੱਧ ਕਾਰਵਾਈ ਕਰਨ ਦੀ ਹਿੰਮਤ ਨਹੀਂ ਜੁਟਾ ਪਾਉਂਦੇ। ਜੇਕਰ ਕੋਈ ਗੁਸਤਾਖੀ (ਮੂੰਹ ਫਟ, ਅੱਗੋਂ ਬੋਲਣ ਵਾਲਾ, ਜੋ ਕਹਿਣਾ ਨਾ ਮੰਨੇ) ਕਰ ਵੀ ਦੇਵੇ ਤਾਂ ਉਸ ਨੂੰ ਸਬਕ ਸਿਖਾਉਣ ਦਾ ਕੰਮ ਕੀਤਾ ਜਾਂਦਾ ਹੈ। ਧਰਮ ਦੇ ਨਾਂ ਉੱਤੇ ਧੰਦਾ ਕਰਨ ਵਾਲੇ (ਪ੍ਰਭਾਵਸ਼ਾਲੀ) ਵੀ ਅਜਿਹੀ ਉਦਾਹਰਣ ਕਾਇਮ ਕਰਦੇ ਹਨ ਕਿ ਹਰ ਕੋਈ ਹੈਰਾਨ ਹੋ ਜਾਂਦਾ ਹੈ। ਉਹਨਾਂ ਦੀਆਂ ਕਰਤੂਤਾਂ ਨੂੰ ਦੇਖ ਕੇ ਸੋਚ ਕੇ ਇਹ ਸੰਤੁਲਨ ਵੀ ਅਸਥਿਰ ਹੋ ਜਾਂਦਾ ਹੈ ਕਿ ਅਜਿਹੇ ਸੰਤਾਂ ਨੂੰ ਸੰਤ ਆਖੀਏ ਜਾਂ ਭੂ-ਮਾਫ਼ੀਆ ?



ਕਹਿੰਦੇ ਹਨ ਸੰਤ ਉਹ ਜੋ ਪਰਮ ਸੱਚ ਨੂੰ ਜਾਣ ਕੇ ਲੋਕ ਭਲਾਈ ਕਰੇ, ਪਰੰਤੂ ਕਲਯੁੱਗ ਦਾ ਸੱਚ ਇਹ ਹੈ ਕਿ ਉਹ ਹੁਣ ਆਪਣਾ ਮੁਨਾਫ਼ਾ ਪਹਿਲਾਂ ਕਰਦੇ ਹਨ। ਇਸ ਸੱਚਾਈ ਨਾਲ ਅਸੀਂ ਵੀ ਆਹਮਣੇ ਸਾਹਮਣੇ ਹੋਏ। ਧਰਮ ਦੇ ਰੱਥ ਉੱਤੇ ਸਵਾਰ ਹੋ ਕੇ ਜਮੀਨਾਂ ਉੱਤੇ ਕਬਜ਼ੇ ਕਰਨ, ਉਹਨਾਂ ਦਾ ਵਪਾਰ ਕਰਨ ਅਤੇ ਗੰਗਾ ਦੇ ਪਾਣੀ ਦੇ ਵਹਿਣ ਨੂੰ ਛੇੜਨ ਦੀ ਹੁਸ਼ਿਆਰੀ ਦੇਖਣ ਨੂੰ ਮਿਲੀ। ਗੰਗਾ ਦੇ ਕਿਨਾਰੇ ਸ਼ਾਨਦਾਰ ਇਮਾਰਤ ਵਾਲਾ ਪਰਮਾਰਥ ਆਸ਼ਰਮ ਬਣਿਆ ਹੈ। ਇਸ ਆਸ਼ਰਮ ਦੇ ਮੁੱਖੀ ਸਵਾਮੀ ਚਿੰਮਯਾਨੰਦ ਸਰਸਵਤੀ ਜੀ ਮਹਾਰਾਜ ਹਨ। ਉਹਨਾਂ ਦੇ ਸੈਂਕੜੇ ਦੇਸ਼ੀ ਵਿਦੇਸ਼ੀ ਭਗਤ ਹਨ। ਆਸ਼ਰਮ ਸਵਾਮੀ ਸ਼ੁਕਦੇਵਾਨੰਦ ਟਰੱਸਟ ਦੁਆਰਾ ਚਲਾਇਆ ਜਾਂਦਾ ਹੈ। ਉਂਜ ਤਾਂ ਆਸ਼ਰਮ ਦੇ ਕੋਲ ਕਰੋੜਾਂ ਦੀ ਜਾਇਜ਼ ਜਮੀਨ ਹੈ। ਜਿਸ ਉੱਤੇ ਆਸ਼ਰਮ ਬਣਿਆ ਹੈ, ਪਰੰਤੂ ਏਨੇ ਨਾਲ ਸ਼ਾਇਦ ਕੰਮ ਨਹੀਂ ਚੱਲਿਆ। ਗੰਗਾ ਦੀ ਵਹਿਣ ਨਾਲ ਜੁੜਦੀ ਸੈਂਕੜੇ ਏਕੜ ਰੇਤਲੀ ਜਮੀਨ ਖਾਲੀ ਪਈ ਸੀ। ਪਹਿਲਾਂ ਲੋਹੇ ਅਤੇ ਕੰਕਰੀਟ ਨਾਲ ਬਣਾਇਆ ਪੁਲ ਵਰਗਾ ਰਸਤਾ ਆਸ਼ਰਮ ਵੱਲੋਂ ਗੰਗਾ ਦੀ ਧਾਰ ਤੱਕ ਬਣਾ ਕੇ ਵੱਖਰਾ ਘਾਟ ਬਣਾ ਦਿੱਤਾ ਗਿਆ। ਇਸ ਥਾਂ ਦਾ ਨਾਮਕਰਣ (ਪਛਾਣ ਲਈ ਨਾ ਰੱਖਣ ਦੀ ਕਿਰਿਆ) ਕਰਕੇ 'ਸ੍ਰੀ ਧਰਮ ਗੰਗਾਘਾਟ' ਨਾਂ ਦੇ ਦਿੱਤਾ ਗਿਆ। ਆਸ਼ਰਮ ਦੇ ਨਾਲ ਹੀ ਆਧੁਨਿਕ ਸਹੂਲਤਾਂ ਵਾਲਾ ਇੱਕ ਨਿੱਜੀ ਪੱਕੀ ਵਿਸ਼ਰਾਮ ਥਾਂ ਵੀ ਬਣਾਈ ਗਈ ਹੈ ਜਿਸ ਦਾ ਨਾਂ ਗੰਗਾ ਧਰਮ ਕੁਟੀਰ ਰੱਖ ਦਿੱਤਾ ਗਿਆ ਹੈ। ਇਹ ਸਾਰੀ ਦੀ ਸਾਰੀ ਜਮੀਨ ਗੰਗਾ ਦੀ ਹੈ ਜਿਸ ਉੱਤੇ ਦੇਖਦੇ ਹੀ ਦੇਖਦੇ ਸੰਤ ਦੇ ਭੇਸ ਵਿੱਚ ਭੂ-ਮਾਫੀਆ ਨੇ ਕਬਜ਼ਾ ਕਰ ਲਿਆ। ਗੰਗਾ ਕਿਨਾਰੇ ਉੱਚੀਆਂ ਇਮਾਰਤਾਂ ਦੇ ਇਲਾਵਾ ਵਿਦੇਸ਼ੀਆਂ, ਪੂੰਜੀਪਤੀਆਂ ਅਤੇ ਵੀਆਈਪੀ ਭਗਤਾਂ ਦੇ ਠਹਿਰਨ ਦੇ ਲਈ ਵਿਦੇਸ਼ੀ ਅੰਦਾਜ਼ ਵਿੱਚ ਦਿਲਖਿਚ 3 ਕਾਟਿਜ (ਛੋਟੇ ਘਰ) ਬਣਾ ਦਿੱਤੇ ਗਏ। ਚੰਗੀ ਕਿਸਮ ਦੇ ਦਰੱਖਤ ਪੌਦੇ ਵੀ ਇਥੇ ਲਗਾਏ ਹਨ। ਖੇਡਣ ਕੁੱਦਣ ਅਤੇ ਖੁੱਲ੍ਹੇ ਤੌਰ 'ਤੇ ਬੈਠਣ ਦੇ ਲਈ ਮੈਦਾਨ ਵੀ ਛੱਡਿਆ ਗਿਆ। ਇਥੇ ਵੀਆਈਪੀ ਅਤੇ ਵਿਦੇਸ਼ੀ ਚੇਲੇ ਚਪਾਟੀਆਂ ਅਕਸਰ ਆ ਕੇ ਠਹਿਰਦੇ ਹਨ।

ਸਾਮਾਜਿਕ ਵਰਕਰ ਜੇ. ਪੀ. ਬਡੋਨੀ ਜੀ ਕਹਿੰਦੇ ਹਨ ਕਿ "ਇਹੀ ਗੰਗਾ ਦੀ ਦੁਹਾਈ ਸੱਭ ਤੋਂ ਵੱਧ ਦੇਂਦੇ ਹਨ। ਧਨਾਢ ਲੋਕਾਂ ਅਤੇ ਵਿਦੇਸ਼ੀਆਂ ਨੂੰ 6 ਹਜ਼ਾਰ ਰੁਪਏ ਰੋਜ਼ਾਨਾ ਦੇ ਹਿਸਾਬ ਨਾਲ ਕੌਟੇਜ ਕਿਰਾਏ ਉੱਤੇ ਦਿੱਤੀਆਂ ਜਾਂਦੀਆਂ ਹਨ।" ਇਹ ਥਾਂ ਆਸ਼ਰਮ ਦੇ ਬਿਲਕੁਲ ਪਿੱਛੇ ਵੱਲ ਨੂੰ ਗੰਗਾ ਦੇ ਕਿਨਾਰੇ ਉੱਤੇ ਹੈ। ਕੁਦਰਤੀ ਮਾਹੌਲ ਦੇ ਵਿੱਚ ਇਥੋਂ ਦੀ ਸੁੰਦਰਤਾ ਦੇਖਣਯੋਗ ਹੁੰਦੀ ਹੈ। ਇਸ ਗੈਰ ਕਾਨੂੰਨੀ ਉਸਾਰੀ ਦੀ ਆਗਿਆ ਸਰਕਾਰ ਤੋਂ ਲੈਣ ਦੀ ਜ਼ਰੂਰਤ ਸ਼ਾਇਦ ਇਸ ਲਈ ਨਹੀਂ ਸਮਝੀ ਗਈ ਕਿਉਂਕਿ ਉਹ ਮਿਲ ਹੀ ਨਹੀਂ ਸਕਦੀ। ਫੇਰ ਸਾਰੇ ਇਸ ਮਜ਼ਬੂਤ ਕਲਯੁੱਗੀ ਧਾਰਨਾ ਨੂੰ ਜਾਣਦੇ ਹਨ ਕਿ ਕੁੱਝ ਵੀ ਕਰੀਏ, ਕੋਈ ਦੇਖਣ ਵਾਲਾ ਨਹੀਂ ਹੈ। ਦੇਖ ਵੀ ਲਵੇਗਾ ਤਾਂ ਕੁਝ ਨਹੀਂ ਕਰ ਸਕੇਗਾ। ਇਥੇ ਕੌਣ ਆਉਂਦਾ ਜਾਂਦਾ ਹੈ, ਇਸ ਦਾ ਪਤਾ ਵੀ ਆਸ਼ਰਮ ਦੇ ਸਿਵਾਏ ਕਿਸੇ ਸਰਕਾਰੀ ਮਸ਼ੀਨਰੀ ਜਾਂ ਬਾਹਰੀ ਬੰਦੇ ਨੂੰ ਨਹੀਂ ਹੁੰਦਾ ਹੈ। ਗੰਗਾ ਦੀ ਹਿੱਕ ਉੱਤੇ ਗੈਰ ਕਾਨੂੰਨੀ ਜਾਗੀਰ ਦੇ ਆਪਣੇ ਆਪ ਨੂੰ ਮਾਲਕ ਸਮਝਣ ਵਾਲਿਆਂ ਨੂੰ ਝਟਕਾ ਕੇਦਾਰਨਾਥ ਵਿੱਚ ਆਈ ਮੁਸੀਬਤ ਦੇ ਬਾਦ ਗੰਗਾ ਨੇ ਪਾਣੀ ਦੇ ਉੱਛਾਲ ਆ ਕੇ ਦਿੱਤਾ। ਗੰਗਾ ਦਾ ਪਾਣੀ ਅਪਣੀ ਅਸਲ ਥਾਂ ਉੱਤੇ ਉੱਛਲ ਕੇ ਆ ਗਿਆ ਅਤੇ ਉਥੇ ਰੇਤ ਅਤੇ ਦਲਦਲੀ ਮਿੱਟੀ ਆ ਕੇ ਇਕੱਠੀ ਹੋ ਗਈ। ਖੈਰ, ਹੁਣ ਦੋਬਾਰਾ ਰੇਤ ਅਤੇ ਸਿਲਟ ਹਟਾ ਕੇ ਕਬਜ਼ੇ ਵਾਲੀ

ਥਾਂ ਨੂੰ ਸੁੰਦਰ ਬਣਾ ਲਿਆ ਜਾਵੇਗਾ।

ਆਸ਼ਰਮ ਦੇ ਅੰਦਰ ਦਾਖ਼ਲ ਹੋ ਕੇ ਕਬਜ਼ੇ ਵਾਲੀ ਥਾਂ ਤੱਕ ਪਹੁੰਚਣਾ ਅਸਾਨ ਨਹੀਂ ਹੈ ਕਿਉਂਕਿ ਹੁਣ ਕੁਝ ਭਗਤ ਲੋਕ ਉਥੇ ਦੱਬੀਆਂ ਆਪਣੀਆਂ ਕਾਰਾਂ ਨੂੰ ਕੱਢਣ ਦੀ ਕੋਸ਼ਿਸ਼ ਕਰ ਰਹੇ ਸਨ, ਇਸ ਲਈ ਅਸੀਂ ਵੀ ਉਥੇ ਪੁੱਜ ਗਏ। ਪਰੰਤੂ ਉਥੋਂ ਦੇ ਫੋਟੋ ਲੈਣ ਵਿੱਚ ਅਸੀਂ ਬਹੁਤ ਸਾਵਧਾਨੀ ਵਰਤੀ। ਅਸੀਂ ਸਵਾਮੀ ਜੀ ਤੋਂ ਉਹਨਾਂ ਦਾ ਪੱਖ ਜਾਨਣ ਦੀ ਕੋਸ਼ਿਸ਼ ਕੀਤੀ, ਪਰੰਤੂ ਪ੍ਰਸ਼ਾਸ਼ਨਿਕ ਕਮਰੇ ਵਿੱਚ ਬੈਠੇ ਉਨ੍ਹਾਂ ਦੇ ਕਾਰਿੰਦਿਆਂ ਨੇ ਦੱਸਿਆ ਕਿ ਉਹ ਆਰਾਮ ਕਰ ਰਹੇ ਹਨ, ਸਮਾਂ ਲੱਗ ਜਾਵੇਗਾ। ਸੱਚਾਈ ਤਾਂ ਉਹ ਹੀ ਜਾਣਦੇ ਹਨ ਪਰੰਤੂ ਆਸ਼ਰਮ ਦੁਆਰਾ ਗੰਗਾ ਉੱਤੇ ਪੱਕੀ ਉਸਾਰੀ ਨੂੰ ਡੇਗ ਕੇ ਜਮੀਨ ਕਦੋਂ ਆਸ਼ਰਮ ਦੇ ਪੰਜੇ ਤੋਂ ਕਬਜ਼ਾ ਮੁਕਤ ਹੋ ਸਕੇਗੀ, ਇਸ ਦੀ ਉਮੀਦ ਘੱਟ ਹੀ ਨਜ਼ਰ ਆਉਂਦੀ ਹੈ।

**ਪ੍ਰਭਾਵਸ਼ਾਲੀ ਮਹੰਤ ਦਾ ਬੋਲਬਾਲਾ** : ਧਰਮ ਦੀ ਆੜ ਵਿੱਚ ਅਤੇ ਰਸੂਖ ਦੇ ਜ਼ੋਰ ਉੱਤੇ ਕਿਵੇਂ ਗੰਗਾ ਦੀ ਜ਼ਮੀਨ ਉੱਤੇ ਕਬਜ਼ਾ ਕੀਤਾ ਜਾਂਦਾ ਹੈ, ਇਸਦੇ ਹੁਨਰ ਦੀ ਉਪਾਧੀ ਅਖਿਲ ਭਾਰਤੀਯ ਅਖਾੜਾ ਪਰਿਸ਼ਦ ਦੇ ਮਹਾਂਮੰਤਰੀ ਮਹੰਤ ਹਰਿਗਿਰੀ ਨੇ ਪ੍ਰਾਪਤ ਕੀਤੀ ਹੈ। ਹਰਿਗਿਰੀ ਅਖਾੜਾ ਦੇ ਸੰਚਾਲਕ ਵੀ ਹਨ। ਅਣਗਿਣਤ ਭਗਤਾਂ ਦੇ ਨਾਲ ਹੀ ਸੰਤ ਸਮਾਜ ਦੇ ਹੋਰ ਲੋਕਾਂ ਦੀ ਵੀ ਉਹਨਾਂ ਉੱਤੇ ਸ਼ਰਧਾ ਹੈ, ਪਰੰਤੂ ਉਹਨਾਂ ਨੇ ਅਜਿਹੀਆਂ ਕਰਤੂਤਾਂ ਨੂੰ ਅੰਜਾਮ ਦਿੱਤਾ। ਜਿਹਨਾਂ ਨੇ ਭੂ-ਮਾਫੀਆਵਾਂ ਨੂੰ ਵੀ ਪਿੱਛੇ ਛੱਡ ਦਿੱਤਾ। ਦਰਅਸਲ, ਸਾਲ 2010 ਵਿੱਚ ਹਰਿਦੁਆਰ ਵਿੱਚ ਕੁੰਭ ਮੇਲੇ ਦਾ ਪ੍ਰੋਗਰਾਮ ਕੀਤਾ ਗਿਆ। ਅਜਿਹੇ ਸਮੇਂ ਵਿੱਚ ਧਾਰਮਕ ਗਤੀਵਿਧੀਆਂ ਦੇ ਮੱਦੇਨਜ਼ਰ ਹੋਰਨਾਂ ਵਾਂਗ ਅਸਥਾਈ ਕੈਂਪ ਦੇ ਰੂਪ ਵਿੱਚ ਹਰਿਗਿਰੀ ਨੂੰ ਵੀ ਗੰਗਾ ਦੇ ਬਿਲਕੁਲ ਕਿਨਾਰੇ ਲਲਤਾਰੋ ਪੁਲ ਦੇ ਨੇੜੇ ਧੋਬੀਘਾਟ ਨੂੰ ਹਟਾ ਕੇ ਥਾਂ ਦੇ ਦਿੱਤੀ ਗਈ। ਕੁੰਭ ਦਾ ਇਸ਼ਨਾਨ ਚਲਦਾ ਰਿਹਾ। ਕਰੋੜਾਂ ਦੀ ਜਗਾਹ ਮੌਕੇ ਦੀ ਸੀ, ਇਸ ਲਈ ਹਰਿਗਿਰੀ ਨੇ ਮਜ਼ਬੂਤ ਡੇਰਾ ਜਮਾਉਣ ਦੀ ਠਾਨ ਲਈ। ਇਥੇ ਮੰਦਰ ਦੀ ਆੜ ਵਿਚ ਉਹਨਾਂ ਨੇ ਸੈਂਕੜੇ ਵਰਗ ਮੀਟਰ ਵਿੱਚ ਖੁੱਲ੍ਹੇਆਮ ਉਸਾਰੀ ਸ਼ੁਰੂ ਕਰ ਦਿੱਤੀ।

ਕੁੰਭ ਮੇਲੇ ਦੇ ਬਾਦ ਉਂਜ ਤਾਂ ਜਗਾਹ ਨੂੰ ਖਾਲੀ ਕੀਤਾ ਜਾਣਾ ਸੀ ਪਰੰਤੂ ਰਸੂਖ ਦੇ ਕਾਰਨ ਹਰਿਗਿਰੀ ਨੇ ਗੈਰਕਾਨੂੰਨੀ ਰੂਪ ਤੋਂ ਕੁਵਰਤੋਂ ਕਰਕੇ ਚਾਰ ਮੰਜ਼ਿਲਾਂ ਦਿੱਲਖਿੱਚ ਆਸ਼ਰਮ ਦੀ ਉਸਾਰੀ ਕਰ ਲਈ। ਉਸਾਰੀ ਦੇ ਵਿੱਚ ਕਿਉਂਕਿ ਇੱਕ ਪਿੱਪਲ ਰੁਕਾਵਟ ਪਾ ਰਿਹਾ ਸੀ, ਇਸ ਲਈ ਉਹਨਾਂ ਨੇ ਉਸ ਦੀਆਂ ਮਜ਼ਬੂਤ ਸ਼ਾਖਾਵਾਂ ਨੂੰ ਵਢਾ ਦਿੱਤਾ। ਏਨਾ ਹੀ ਨਹੀਂ, ਰਸੂਖ ਦੀ ਵਰਤੋਂ ਕਰ ਕੇ ਉਸਾਰੀ ਵਿੱਚ ਅੜਿੱਕਾ ਡਾਹ ਰਹੀ 11 ਹਜ਼ਾਰ ਵੋਲਟ ਦੀ ਬਿਜਲੀਲਾਈਨ ਨੂੰ ਵੀ ਹਟਵਾ ਕੇ ਗੰਗਾ ਦੇ ਉੱਪਰ ਤੋਂ ਕੱਢਣ ਲਈ ਵਿਭਾਗ ਨੂੰ ਮਜ਼ਬੂਰ ਕਰ ਦਿੱਤਾ। ਜੋ ਵਿਭਾਗ ਇਕ ਤਾਰ ਤੱਕ ਬਦਲਣ ਵਿੱਚ ਲੋਕਾਂ ਨੂੰ ਰੋਕਣ ਲਗਾ ਦਿੰਦਾ ਹੈ, ਉਸ ਨੇ ਖੰਭੇ ਲਗਾ ਕੇ ਮਹੰਤ ਦੀ ਇੱਛਾ ਅਨੁਸਾਰ ਲਾਈਨ ਖਿਚ ਦਿੱਤੀ। ਇਹ ਗੱਲ ਬਿਨਾਂ ਸੰਢ-ਗੰਢ ਅਤੇ ਦਬਾਅ ਦੇ ਸੰਭਵ ਨਹੀਂ ਦਿੱਸਦੀ ਹੈ। ਧੋਬੀ ਦਾ ਕੰਮ ਕਰਨ ਵਾਲੇ ਰਾਮ ਲਾਲ ਜੀ ਸਵਾਲ ਉਠਾਉਂਦੇ ਹਨ ਕਿ ਹੁਣ ਜੇ ਬਿਜਲੀ ਦੀ ਤਾਰ ਟੁੱਟ ਗਈ ਤਾਂ ਪਤਾ ਨਹੀਂ ਪਾਣੀ ਵਿੱਚ ਕਰੰਟ ਫੈਲਣ ਨਾਲ ਕਿੰਨੇ ਲੋਕ ਮਰਨਗੇ।

ਇਕ ਆਰ. ਟੀ. ਆਈ. ਵਰਕਰ ਜੇ. ਪੀ. ਬਡੋਨੀ ਨੇ ਇਸ ਉੱਤੇ ਸਵਾਲ ਉਠਾਉਂਦੇ ਹੋਏ ਸ਼ਿਕਾਇਤ ਕੀਤੀ। ਜਦ ਜ਼ਿਲ੍ਹਾ ਅਧਿਕਾਰੀ ਸਚਿਨ ਕੁਰਵੇ ਨੇ ਕਾਰਵਾਈ ਕਰਨ ਦਾ ਪੱਕਾ ਇਰਾਦਾ ਕੀਤਾ ਤਾਂ ਉਹਨਾਂ ਨੂੰ ਭਾਰੀ ਦਬਾਅ ਦਾ ਸਾਹਮਣਾ ਕਰਨਾ ਪਿਆ। ਕਿਉਂਕਿ ਉਹ ਇੱਕ ਵੱਡੇ ਮਹੰਤ ਦੇ ਵਿਰੁੱਧ ਕਾਰਵਾਈ ਕਰਨ ਦੀ ਹਿੰਮਤ ਜੁਟਾ ਰਹੇ ਸਨ। ਦਬਾਅ ਨੂੰ ਇਕ ਪਾਸੇ ਕਰਕੇ ਜਾਂਚ ਹੋਈ ਤਾਂ ਜਾਲ ਸਾਜੀ ਤੋਂ ਪਰਦਾ ਉੱਠ ਗਿਆ। ਜਾਂਚ ਤੋਂ ਪਤਾ ਚੱਲਿਆ ਹੈ ਕਿ ਜਮੀਨ ਨੂੰ ਪੂਰੀ ਤਰ੍ਹਾਂ ਕਬਜ਼ੇ ਹੇਠ ਲਿਆਉਣ ਦੇ ਲਈ ਹਰਿਗਿਰੀ ਨੇ ਮਜ਼ਬੂਤ ਹੱਥਕੰਡਾ ਅਪਨਾਇਆ ਹੈ। ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਦੇ ਵਿੱਚ ਆਪਸੀ ਜਾਇਦਾਦਾਂ ਦਾ ਝਗੜਾ ਸੀ। ਇਸ ਦਾ ਹਰਿਗਿਰੀ ਨੇ ਲਾਹਾ ਉਠਾਇਆ। ਜਿਥੇ ਉਸਾਰੀ ਹੋਈ, ਗੰਗਾ ਦੀ ਉਹ ਜਮੀਨ ਸਿੰਚਾਈ ਵਿਭਾਗ ਦੇ ਅਧੀਨ ਆਉਂਦੀ ਸੀ। ਇਸ ਜ਼ਮੀਨ ਨੂੰ ਇਕ ਸਥਾਨਕ ਲੀਡਰ ਅਤੇ ਪੱਤਰਕਾਰ ਨਾਲ ਮਿਲ ਕੇ ਆਪਣੇ ਨਾਂ ਕਰਾ ਲਿਆ ਗਿਆ। ਅਰਬਾਂ ਦੀ ਇਸ ਜਮੀਨ ਉੱਤੇ ਆਸ਼ਰਮ ਦੇ ਇਲਾਵਾ ਕਮਰਿਆਂ ਦੇ ਸੈੱਟ ਬਣਾ ਕੇ ਵੇਚਣ ਦੀ ਸਕੀਮ ਸੀ। ਇਸ ਦੌਰਾਨ ਅਦਾਲਤ ਦਾ ਇੱਕ ਹੁਕਮ ਆਇਆ। ਜਿਸ ਵਿੱਚ ਗੰਗਾ ਕਿਨਾਰੇ 200 ਮੀਟਰ ਦੇ ਘੇਰੇ ਵਿੱਚ ਬਣੀਆਂ ਗੈਰ ਕਾਨੂੰਨੀ ਉਸਾਰੀਆਂ ਨੂੰ ਡੇਗਣ ਦੀ ਗੱਲ ਕੀਤੀ ਗਈ। ਜਾਂਚ ਵਿੱਚ ਜਾਲਸਾਜੀ ਦਾ ਸਾਰਾ ਭੇਦ ਖੁੱਲ੍ਹ ਗਿਆ। ਇਸ ਦੇ ਬਾਦ ਤਹਿਸੀਲ ਪ੍ਰਸ਼ਾਸ਼ਨ ਵੱਲੋਂ ਹਰਿਗਿਰੀ, ਪੱਤਰਕਾਰ ਗੋਪਾਲ ਰਾਵਤ ਅਤੇ ਲੀਡਰ ਪਾਰਸ ਕੁਮਾਰ ਜੈਨ ਦੇ ਖਿਲਾਫ ਹਰਿਦੁਆਰ ਥਾਣੇ ਵਿੱਚ ਧਾਰਾ-420 ਅਤੇ 120 ਦੇ ਤਹਿਤ ਧੋਖਾਧੜੀ ਅਤੇ ਅਪਰਾਧਿਕ ਸ਼ੜਯੰਤਰ ਰਚਣ ਦਾ ਮੁਕੱਦਮਾ ਦਰਜ ਕਰਾ ਦਿੱਤਾ ਗਿਆ। ਚਾਰ ਮੰਜ਼ਿਲਾਂ ਗੈਰ ਕਾਨੂੰਨੀ ਸ਼ਾਨਦਾਰ ਆਸ਼ਰਮ ਨੂੰ ਵੀ ਭਾਰੀ ਵਿਰੋਧ ਦੇ ਵਿੱਚ ਜੇਸੀਬੀ ਮਸ਼ੀਨਾਂ ਲਗਾ ਕੇ ਢਹਿ ਢੇਰੀ ਕਰਾ ਦਿੱਤਾ ਗਿਆ। ਪ੍ਰਸ਼ਾਸ਼ਨ ਦੇ ਸਖਤ ਰੁਖ ਦੇ ਸਾਹਮਣੇ ਹਰਿਗਿਰੀ ਨੂੰ ਮਜ਼ਬੂਰਨ ਅਪਣਾ ਬਿਸਤਰਾ ਗੋਲ ਕਰਨਾ ਪਿਆ। ਜ਼ਿਲ੍ਹਾ ਅਧਿਕਾਰੀ ਨੇ ਆਪਣੇ ਕਰਤੱਬ ਦਾ ਸਹੀ ਪਾਲਣ ਕੀਤਾ। ਗੈਰ ਕਾਨੂੰਨੀ ਉਸਾਰੀ ਨੂੰ ਨਸ਼ਟ ਕਰਨ ਦੇ ਦੌਰਾਨ ਆਸ਼ਰਮ ਵਿੱਚ ਰੱਖੀਆਂ ਮੂਰਤੀਆਂ ਨੂੰ ਹਟਾ ਦਿੱਤਾ ਗਿਆ, ਪਰੰਤੂ ਸੰਤ ਸਮਾਜ ਦੇ ਲੋਕਾਂ ਨੇ ਇਸਨੂੰ ਹਿੰਦੂ ਧਰਮ ਉੱਤੇ ਹਮਲਾ ਦੱਸ ਕੇ ਸਖਤ ਵਿਰੋਧ ਕੀਤਾ ਅਤੇ ਧਾਰਮਿਕ ਰੰਗ ਦੇ ਕੇ ਮੂਰਤੀਆਂ ਤੋੜਨ ਦਾ ਦੋਸ਼ ਲਗਾਇਆ। ਸਰਕਾਰ ਵਿੱਚ ਸ਼ਿਕਾਇਤ ਵੀ ਕੀਤੀ। ਕਿਹਾ ਜਾਂਦਾ ਹੈ ਕਿ ਰਾਜਨੀਤੀ ਵਿੱਚ ਹਰਿਗਿਰੀ ਦੀ ਪਕੜ ਹੀ ਅਜਿਹੀ ਸੀ ਕਿ ਕੁਝ ਸਮੇਂ ਬਾਦ ਹੀ ਜ਼ਿਲ੍ਹਾ ਅਧਿਕਾਰੀ ਨੂੰ ਅਹੁੱਦੇ ਤੋਂ ਹਟਾ ਦਿੱਤਾ ਗਿਆ। ਇਸ ਦੇ ਬਾਦ ਹੌਂਸਲੇ ਏਨੇ ਬੁਲੰਦ ਹੋਏ ਕਿ ਪੁਲਿਸ ਨਾਮਜਦ ਦੋਸ਼ੀਆਂ ਵਿਚੋਂ ਕਿਸੇ ਨੂੰ ਗ੍ਰਿਫ਼ਤਾਰ ਕਰਨ ਹਿੰਮਤ ਵੀ ਨਹੀਂ ਜੁਟਾ ਸਕੀ। ਤੋੜੇ ਗਏ ਗੈਰ ਕਾਨੂੰਨੀ ਨਿਰਮਾਣ ਦਾ ਮਲਬਾ ਅੱਜ ਵੀ ਮੌਕੇ ਉੱਤੇ ਪਿਆ ਹੈ, ਪਰੰਤੂ ਤਬਾਦਲਿਆਂ/ਬਦਲੀਆਂ ਦੇ ਡਰ ਤੋਂ ਅਧਿਕਾਰੀ ਹੁਣ ਮਲਬਾ ਹਟਾਉਣ ਦੀ ਹਿੰਮਤ ਵੀ ਨਹੀਂ ਕਰ ਪਾ ਰਹੇ ਹਨ।

ਇਸ ਮਾਮਲੇ ਵਿੱਚ ਹਟਾਏ ਗਏ ਜ਼ਿਲ੍ਹਾ ਅਧਿਕਾਰੀ ਸਚਿਨ ਕੁਰਵੇ ਜੀ ਕਹਿੰਦੇ ਹਨ, "ਅਸੀਂ ਸਰਕਾਰੀ ਕੰਮ ਹੀ ਕੀਤਾ। ਆਸ਼ਰਮ ਨੂੰ ਗੈਰ ਕਾਨੂੰਨੀ ਰੂਪ ਤੋਂ ਬਣਾਇਆ ਗਿਆ ਸੀ। ਮੂਰਤੀਆਂ ਉੱਤੇ ਬੇਵਜ੍ਹਾ ਹੀ ਹੱਲਾ ਗੁੱਲਾ ਹੋਇਆ ਹੈ। ਉਹਨਾਂ ਨੂੰ ਅਸੀਂ ਪਹਿਲਾਂ ਹੀ ਸੁਰੱਖਿਅਤ ਕੱਢਵਾ ਲਿਆ ਸੀ।" ਕੀ ਉਹਨਾਂ ਨੂੰ ਮਹੰਤ ਦੇ ਆਸ਼ਰਮ ਦੇ ਖਿਲਾਫ ਕਾਰਵਾਈ ਕਰਨ ਦੀ ਸਜ਼ਾ ਤਬਦਾਲੇ ਦੇ ਰੂਪ ਵਿੱਚ ਮਿਲੀ ਹੈ, ਇਸ ਸਵਾਲ ਉੱਤੇ ਉਹ ਕੁਝ ਵੀ ਬੋਲਣ ਤੋਂ ਨਾਂਹ ਕਰ ਗਏ।

**ਸਰਕਾਰੀ ਜਮੀਨਾਂ ਦੀ ਲੁੱਟ** : ਗੰਗਾ ਕਿਨਾਰਿਆਂ ਦੇ ਇਲਾਵਾ ਸਿੰਚਾਈ ਅਤੇ ਵਣ ਵਿਭਾਗ ਦੀਆਂ ਜਮੀਨਾਂ ਉੱਤੇ ਕਬਜ਼ਿਆਂ ਦੇ ਮਾਮਲੇ ਵਿੱਚ ਵੱਡਾਪਣ ਦੀ ਇੱਛਿਆ ਰੱਖਣ ਵਾਲੇ ਸਾਧੂ, ਮਹੰਤਾਂ, ਸੰਤਾਂ, ਬਾਬਿਆਂ ਨੇ ਉੱਚਾ ਦਰਜਾ ਪ੍ਰਾਪਤ ਕੀਤਾ ਹੋਇਆ ਹੈ। ਬਾਬਾਗਿਰੀ ਦੀ ਓਟ ਵਿੱਚ ਕਰੋੜਾਂ ਦਾ ਇਹ ਵਪਾਰ ਸ਼ਰੇਆਮ ਹੁੰਦਾ ਹੈ। ਸ਼ਹਿਰ ਅਤੇ ਉਸ ਦੇ ਨੇੜੇ ਤੇੜੇ 4 ਹਜ਼ਾਰ ਤੋਂ ਵੱਧ ਆਸ਼ਰਮ, ਮੱਠ, ਅਖਾੜੇ ਅਤੇ ਧਰਮਸ਼ਾਲਾਵਾਂ ਹਨ। ਹਰਿਦੁਆਰ ਦੀ ਅਰਬਾਂ ਦੀ ਸਰਕਾਰੀ ਜਮੀਨਾਂ ਉੱਤੇ ਕੁਵਰਤੋਂ ਅਤੇ ਕਬਜ਼ੇ ਕਰਨ ਦੇ ਲਈ ਅਜਿਹੇ ਲੋਕ ਤਥਾਕਥਿਤ ਭਗਵਾਨ ਦਾ ਆਸਰਾ ਸੱਭ ਤੋਂ ਪਹਿਲਾਂ ਲੈਂਦੇ ਹਨ। ਇਹ ਉਹਨਾਂ ਦੀ ਮਜ਼ਬੂਰੀ ਅਤੇ ਜ਼ਰੂਰਤ ਦੋਵੇਂ ਹਨ। 'ਰਾਮ ਨਾਮ ਜਪਣਾ, ਪਰਾਇਆ ਮਾਲ ਅਪਣਾ' ਦੀ ਤਰਜ

ਉੱਤੇ ਉਹ ਪਹਿਲਾਂ ਮੰਦਰ ਬਣਾਉਂਦੇ ਹਨ ਅਤੇ ਫੇਰ ਧਾਰਮਕ ਸੰਸਥਾ, ਆਸ਼ਰਮ ਅਤੇ ਮੱਠ ਦੇ ਰੂਪ ਵਿੱਚ ਕਬਜ਼ਾ ਕਰ ਲੈਂਦੇ ਹਨ। ਇੱਕ ਵਾਰ ਮੰਦਰ ਬਣਾਉਂਦੇ ਸਾਰ ਮਾਮਲਾ ਧਾਰਮਕ ਹੋ ਜਾਂਦਾ ਹੈ। ਦਰਜਨਾਂ ਕਬਜ਼ੇ ਹਟਵਾਉਣ ਦੀ ਹਿੰਮਤ ਪ੍ਰਸ਼ਾਸ਼ਨ ਨਹੀਂ ਕਰ ਪਾਉਂਦਾ। ਕਿਉਂਕਿ ਧਾਰਮਕ ਸ਼ਰਧਾ ਉੱਤ ਸੱਟ ਮਾਰਨ ਦੀ ਗੱਲ ਪ੍ਰਚਾਰੀ ਜਾਂਦੀ ਹੈ।

ਹਰ ਦੀ ਪੌੜੀ ਦੇ ਇਲਾਵਾ ਬੈਰਾਗੀ ਕੈਂਪ, ਗਿਰਲਾਘਾਟ, ਚੰਡੀਘਾਟ, ਲਾਲਜੀ ਵਾਲਾ ਅਤੇ ਭੈਰੋਂਘਾਟ ਇਲਾਕੇ ਵਿੱਚ ਵੀ ਦਰਜਨਾਂ ਗੈਰ ਕਾਨੂੰਨੀ ਕਬਜੇ ਹਨ। ਰੋਚਕ ਗੱਲ ਇਹ ਵੀ ਹੈ ਕਿ ਕਈ ਬਾਬਿਆਂ ਨੇ ਆਸ਼ਰਮਾਂ ਦੇ ਨਾਂ ਉੱਤੇ ਕਬਜ਼ੇ ਕਰ ਕੇ ਜਮੀਨਾਂ ਲੋਕਾਂ ਨੂੰ ਵੇਚ ਦਿੱਤੀਆਂ ਹਨ। ਉਹ ਆਸ਼ਰਮਾਂ, ਧਾਰਮਸ਼ਾਲਾਵਾਂ ਵਿੱਚ ਫਾਈਵਸਟਾਰ ਸਹੂਲਤਾਂ ਦੇ ਕੇ ਅਪਾਰਟਮੈਂਟ (ਕਮਰਿਆਂ ਦਾ ਸੈੱਟ) ਬਣਾ ਕੇ ਵੇਚਦੇ ਹਨ। ਕੋਈ ਬਾਬਾ ਇਥੇ ਆਸ਼ਰਮ ਬਣਾ ਕੇ ਰਹਿ ਰਿਹਾ ਹੈ ਤਾਂ ਕੋਈ ਮੰਦਰ ਬਣਾ ਕੇ ਧਰਮ ਦੀ ਦੁਕਾਨ ਚਲਾ ਰਿਹਾ ਹੈ। ਨਿੱਜੀ ਭਗਤਾਂ ਦੀ ਫੌਜ ਦੇ ਇਲਾਵਾ ਇਹਨਾਂ ਬਾਬਿਆਂ ਦੇ ਨਾਂ ਹੋਰ ਪ੍ਰਦੇਸ਼ਾਂ ਤੋਂ ਲੱਖਾਂ ਲੋਕ ਗੰਗਾ ਇਸ਼ਨਾਨ, ਦਾਨ ਅਤੇ ਮੰਦਰਾਂ ਵਿੱਚ ਮੱਥਾ ਕੇ ਕੇ ਪੁੰਨ ਕਮਾਉਣ ਦੇ ਲਈ ਆਉਂਦੇ ਹਨ। ਇਹ ਬਾਬਿਆਂ ਦੇ ਜੀਵਨ ਚਲਾਉਣ/ਸੰਚਾਲਨ ਦੇ ਪ੍ਰਮੁੱਖ ਸਰੋਤ/ਸੋਮੇ ਹਨ। ਸਰਕਾਰੀ ਜਮੀਨਾਂ ਦੀ ਲੁੱਟ ਦਾ ਅਜਿਹਾ ਨਜ਼ਾਰਾ ਸ਼ਾਇਦ ਹੀ ਕਿਧਰੇ ਦੇਖਣ ਨੂੰ ਮਿਲੇ। ਅਜਿਹੀਆਂ ਥਾਵਾਂ ਉੱਤੇ ਫੋਟੋ ਖਿੱਚਣ ਉੱਤੇ ਬਾਬੇ ਲੋਕ ਅਤੇ ਉਨ੍ਹਾਂ ਦੇ ਭਗਤ ਸਖ਼ਤ ਇਤਰਾਜ਼ ਕਰਦੇ ਹਨ ਅਤੇ ਗੁੱਸੇ ਵਾਲੀਆਂ ਨਜ਼ਰਾਂ ਨਾਲ ਦੇਖਦੇ ਹਨ। ਗੰਗਾ ਦੇ ਕਿਨਾਰਿਆਂ ਉੱਤੇ ਉਸ ਜਗਾਹ ਨੂੰ ਵੀ ਨਹੀਂ ਬਖਸ਼ਿਆ ਜਾ ਰਿਹਾ ਜਿਥੇ ਗੰਗਾ ਵਗਦੀ ਹੈ। ਗੰਗਾ ਵਿੱਚ ਪਾਣੀ ਘੱਟ ਹੋ ਕੇ ਧਾਰ ਪਿਛੇ ਗਈ ਨਹੀਂ ਕਿ ਹੋ ਗਿਆ ਕਬਜ਼ਾ। ਕੁੰਭ ਮੇਲੇ ਦੇ ਬਾਦ ਕਬਜ਼ੇ ਹੋਰ ਵੀ ਵੱਧ ਗਏ। ਸਿੰਚਾਈ ਵਿਭਾਗ ਅਤੇ ਪ੍ਰਸ਼ਾਸ਼ਨ ਗੇਂਦ ਇੱਕ ਦੂਸਰੇ ਦੇ ਪਾਲੇ ਵਿੱਚ ਸੁੱਟਦੇ ਹਨ। ਸਿੰਚਾਈ ਵਿਭਾਗ ਨੇ ਕਬਜ਼ਾਧਾਰੀਆਂ ਦੀ ਸੂਚੀ ਬਣਾ ਕੇ ਪ੍ਰਸ਼ਾਸ਼ਨ ਨੂੰ ਦਿੱਤੀ ਜੋ ਧੂੜ ਫੱਕ ਰਹੀ ਹੈ। ਸਰਕਾਰੀ ਵਿਭਾਗ ਕੁਝ ਕੇਸਾਂ/ਮਾਮਲਿਆਂ ਵਿੱਚ ਕਬਜ਼ਾ ਹਟਵਾਉਣ ਦੀ ਬਜਾਏ ਗੁੰਢਤੁੱਪ ਕਰ ਕੇ ਉਸਨੂੰ ਹੱਲਾਸ਼ੇਰੀ ਦੇਣ ਦਾ ਕੰਮ ਕਰਦੇ ਹਨ। ਫ਼ਰਕ ਕਰਨਾ ਮੁਸ਼ਕਲ ਹੈ ਕਿ ਇਹ ਉਨ੍ਹਾਂ ਦੀ ਮਜ਼ਬੂਰੀ ਹੈ ਜਾਂ ਕੰਮ ਦੇ ਪ੍ਰਤੀ ਈਮਾਨਦਾਰੀ? ਏਨਾ ਤੈਅ ਹੈ ਕਿ ਜੇਕਰ ਨਿਰਪੱਖਤਾ ਨਾਲ ਉੱਚ ਪੱਧਰੀ ਜਾਂਚ ਕਰਾਈ ਜਾਵੇ ਤਾਂ ਕਈ ਚਿਹਰਿਆਂ ਤੋਂ ਨਕਾਬ ਉਤਰ ਜਾਵੇਗਾ।

**ਸੱਭ ਲੀਡਰ ਸਿਰ ਝੁਕਾਉ** : ਹਰਿਦੁਆਰਾ ਦੇ ਸੰਤ ਮਹਾਤਮਾ ਰਾਜਨੀਤੀ ਵਿੱਚ ਡੂੰਘੀ ਪਕੜ ਰੱਖਦੇ ਹਨ। ਮੁੱਖ ਮੰਤਰੀ, ਰਾਜਪਾਲ ਅਤੇ ਹੋਰ ਸੱਤਾ ਦੇ ਅਹੁੱਦੇਦਾਰ ਵੱਡੇ ਸੰਤਾਂ ਦੇ ਭਗਤਾਂ ਦੀ ਸ਼ਰੇਣੀ ਵਿੱਚ ਆਉਂਦੇ ਹਨ। ਸੰਤਾਂ, ਰਾਜਨੀਤੀ ਅਤੇ ਪ੍ਰਸ਼ਾਸ਼ਨ ਦਾ ਗੂੜ੍ਹਾ ਗੱਠਜੋੜ ਹੈ। ਜਦ ਆਸ਼ਰਮਾਂ ਵਿੱਚ ਵੀਆਈਪੀ ਆਉਂਦੇ ਹਨ ਤਾਂ ਪ੍ਰਬੰਧ ਕਰਨ ਵਿੱਚ ਲੱਗੇ ਸਰਕਾਰੀ ਕਾਰਿੰਦਿਆਂ ਨੂੰ ਸੰਤਾਂ ਦੀ ਤਾਕਤ ਦਾ ਅਹਿਸਾਸ ਹੋ ਜਾਂਦਾ ਹੈ। ਇਕੋ ਸਥਾਨਕ ਕਹਾਵਤ ਵੀ ਬਣ ਗਈ ਹੈ ਕਿ 'ਲੀਡਰ ਆ ਕੇ ਪੈਰ ਛੂੰਹਦੇ ਹਨ ਇਸ ਲਈ ਸੰਤਾਂ ਉੱਤੇ ਕੋਈ ਨਿਯਮ ਲਾਗੂ ਨਹੀਂ ਹੁੰਦਾ।' ਜਗਤ ਗੁਰੂ ਸ਼ੰਕਰਾਚਾਰਿਆ ਸਵਾਮੀ ਸਵਰੂਪਨੰਦ ਦਾ ਅਹੁੱਦਾ ਉਂਜ ਤਾਂ ਬਹੁਤ ਉੱਚਾ ਹੈ ਪਰੰਤੂ ਆਪਣੇ ਆਸ਼ਰਮ ਵਿੱਚ ਉਹ ਗੈਰਕਾਨੂੰਨੀ ਉਸਾਰੀ ਕਰਨ ਦੇ ਦੋਸ਼ੀ ਹਨ। ਕੀ ਉਹਨਾਂ ਨੂੰ ਅਜਿਹਾ ਕਰਨਾ ਚਾਹੀਦਾ ਹੈ? ਇਸ ਦਾ ਜਵਾਬ ਤਾਂ ਇਕ ਸੜਕਛਾਪ ਸਾਧੂ ਗਿਆਨਚੰਦ ਵੀ ਨਾਂਹ ਦੇ ਰੂਪ ਵਿੱਹ ਹੀ ਦੇਂਦਾ ਹੈ। ਇਸ ਦੇ ਇਲਾਵਾ ਸੰਤ ਆਸਾਰਾਮ ਬਾਪੂ ਦੇ ਹਰਿਪੁਰ ਕਲਾ ਸਥਿਤ ਆਸ਼ਰਮ ਨੂੰ ਵੀ ਗੈਰ ਕਾਨੂੰਨੀ ਉਸਾਰੀ ਦਾ ਨੋਟਿਸ ਜਾਰੀ ਕੀਤਾ ਗਿਆ ਹੈ। ਉਹਨਾਂ ਵਾਂਗ ਹੀ 40 ਤੋਂ ਜ਼ਿਆਦਾ ਅਜਿਹੇ ਸੰਤ ਹਨ ਜਿਹਨਾਂ ਨੇ ਗੈਰ ਕਾਨੂੰਨੀ ਉਸਾਰੀਆਂ ਕੀਤੀਆਂ ਹਨ।



ਅਜਿਹੀਆਂ ਉਸਾਰੀਆਂ ਨੂੰ ਰੋਕਣ ਦੀ ਜ਼ੁੰਮੇਵਾਰੀ ਹਰਿਦੁਆਰਾ ਵਿਕਾਸ ਪ੍ਰਾਧਿਕਰਣ ਦੀ ਹੈ। ਉਹ ਕਾਰਵਾਈ ਕਿਉਂ ਨਹੀਂ ਕਰਦਾ, ਇਸ ਦਾ ਜਵਾਬ ਜਾਣਨ ਦੇ ਲਈ ਜਦ ਪ੍ਰਾਧਿਕਰਣ ਦੇ ਉਪ ਮੁੱਖੀ ਰੰਜੀਤ ਕੁਮਾਰ ਨਾਲ ਸੰਪਰਕ ਕੀਤਾ, ਤਾਂ ਉਹਨਾਂ ਨੇ ਇਹ ਕਹਿ ਕੇ ਗੱਲ ਖਤਮ ਕਰ ਦਿੱਤਾ ਕਿ 'ਅਸੀਂ ਪਿਛਲੇ ਦਿਨੀਂ ਅਜਿਹੇ ਲੋਕਾਂ ਨੂੰ ਨੋਟਿਸ ਦਿੱਤੇ ਹਨ'। ਜੇ ਸਥਾਨਕ ਲੋਕਾਂ ਦੀ ਮੰਨੀਏ ਤਾਂ ਇਸ ਤੋਂ ਵੱਧ ਕੋਈ ਵਿਭਾਗ ਕੁਝ ਕਰ ਵੀ ਨਹੀਂ ਸਕਦਾ। ਮਹੰਤ ਹਰਿਗਿਰੀ ਦੇ ਨਜਾਇਜ਼ ਆਸ਼ਰਮ ਨੂੰ ਡੇਗਣ ਦੇ ਬਾਦ ਆਪ ਰਾਜਪਾਲ ਅਜੀਜ ਕੁਰੈਸ਼ੀ ਜੀ ਇਕ ਪ੍ਰੋਗਰਾਮ ਵਿੱਚ ਉਸੇ ਥਾਂ ਉੱਤੇ ਆਏ। ਸਥਾਨਕ ਪ੍ਰਸ਼ਾਸ਼ਨ ਨੇ ਖੁਫ਼ੀਆ ਰਿਪੋਰਟ ਦੇ ਆਧਾਰ ਉੱਤੇ ਉਹਨਾਂ ਨੂੰ ਨਾ ਆਉਣ ਦੀ ਸਲਾਹ ਦਿੱਤੀ। ਪਰੰਤੂ ਉਹ ਮਹੰਤ ਹਰਿਗਿਰੀ ਦੇ ਕੋਲ ਫੇਰ ਵੀ ਆਏ। ਇਹ ਬਿਆਨ ਦੇ ਕੇ ਵੀ ਉਹਨਾਂ ਨੇ ਮਹੰਤ ਦੇ ਰਸੂਖ ਨੂੰ ਦਰਸਾ ਦਿੱਤਾ ਕਿ ਉਹਨਾਂ ਨੂੰ ਪ੍ਰਸ਼ਾਸ਼ਨ ਨੇ ਆਉਣ ਤੋਂ ਮਨ੍ਹਾ ਕੀਤਾ ਸੀ, ਪਰੰਤੂ ਉਹ ਫੇਰ ਵੀ ਆਏ ਹਨ। ਕਬਜ਼ੇਧਾਰੀ ਇਸ ਲਈ ਵੀ ਬੇਫਿਕਰ ਰਹਿੰਦੇ ਹਨ ਕਿ ਉਨ੍ਹਾਂ ਦੇ ਰਿਸ਼ਤੇ ਸਿੱਧੇ ਵੱਡੇ ਲੀਡਰਾਂ ਨਾਲ ਹੁੰਦੇ ਹਨ। ਉਹਨਾਂ ਨੂੰ ਇਹ ਘੁਮੰਡ ਹੈ ਕਿ ਉਹਨਾਂ ਦਾ ਕੋਈ ਕੁਝ ਵਿਗਾੜ ਨਹੀਂ ਸਕਦਾ। ਨਿਯਮ ਆਮ ਆਦਮੀ ਦੇ ਲਈ ਹੁੰਦੇ ਹਨ ਉਹਨਾਂ ਦੇ ਲਈ ਨਹੀਂ। ਆਪਣੇ ਪ੍ਰਭਾਵ ਨੂੰ ਹੋਰ ਵੀ ਜ਼ਿਆਦਾ ਕਾਇਮ ਕਰਨ ਦੇ ਲਈ ਉਹ ਪ੍ਰੋਗਰਾਮਾਂ ਵਿੱਚ ਲੀਡਰਾਂ ਨੂੰ ਬੁਲਵਾਉਂਦੇ ਹਨ। ਇਸ ਲਈ ਅਧਿਕਾਰੀਆਂ ਨੂੰ ਹੱਥ ਬੰਨ੍ਹ ਕੇ ਨੌਕਰੀ ਕਰਨਾ ਮਜ਼ਬੂਰੀ ਹੈ। ਅਜਿਹੀ ਹਾਲਤ ਵਿੱਚ ਕੋਈ ਸਰਕਾਰੀ ਕਰਮਚਾਰੀ ਸੰਤਾਂ ਦੇ ਗੈਰ ਕਾਨੂੰਨੀ ਨਿਰਮਾਣ ਅਤੇ ਉਹਨਾਂ ਦੀ ਮਨਮਰਜੀ ਉੱਤੇ ਕਾਰਵਾਈ ਕਰਨਾ ਤਾਂ ਦੂਰ ਦੀ ਗੱਲ ਹੈ, ਇਸ ਬਾਰੇ ਵਿੱਚ ਸੋਚਣਾ ਵੀ ਉੱਚਿਤ ਨਹੀਂ ਸਮਝਦਾ। ਇਹ ਧਾਰਨਾ ਹੈ ਕਿ ਛੋਟਾ ਕਦਮ ਚੁੱਕਣ ਉੱਤੇ ਵੀ ਉਹ ਉਲਟਾ ਝਗੜੇ ਵਿੱਚ ਫਸ ਜਾਣਗੇ।

**ਜ਼ਮੀਨਾਂ ਨੂੰ ਲੈ ਕੇ ਹੱਤਿਆਵਾਂ** : ਸੰਤ ਸਮਾਜ ਭਗਤਾਂ ਨੂੰ ਅਹਿੰਸਾ ਦਾ ਪਾਠ ਤਾਂ ਪੜ੍ਹਾਉਂਦਾ ਹੈ ਜਦ ਕਿ ਜਮੀਨਾਂ, ਆਸ਼ਰਮਾਂ ਵਿੱਚ ਹੋਣ ਵਾਲੀ ਬੰਦਰਵੰਡ, ਕਬਜ਼ੇ ਅਤੇ ਕਰੋੜਾਂ ਦੇ ਗੈਰਕਾਨੂੰਨੀ ਵਪਾਰ ਦੇ ਲਈ ਹੀ ਸੰਤ ਅਤੇ ਬਾਬੇ ਲੋਕ ਹਿੰਸਾ ਦਾ ਸ਼ਿਕਾਰ ਹੋ ਜਾਂਦੇ ਹਨ। ਲੜਾਈ ਸੜਕਾਂ ਉੱਤੇ ਆਉਣ ਦੇ ਇਲਾਵਾ ਹੱਤਿਆਵਾਂ ਤੱਕ ਹੋ ਜਾਂਦੀਆਂ ਹਨ। ਹੱਤਿਆਵਾਂ ਦੇ ਮੁਕੱਦਮੇ ਵੀ ਦਰਜ ਹੁੰਦੇ ਹਨ। ਪਰੰਤੂ ਮਾਮਲੇ ਰਹੱਸਮਈ ਹੁੰਦੇ ਹਨ ਇਸ ਲਈ ਕਾਤਲ ਪਕੜ ਵਿੱਚ ਨਹੀਂ ਆਉਂਦੇ। ਸਿਰਫ ਹਰਿਦੁਆਰ ਵਿੱਚ ਹੀ ਮਹਜ 3 ਸਾਲਾਂ ਵਿੱਚ 20 ਤੋਂ ਵੱਧ ਸੰਤਾਂ, ਬਾਬਿਆਂ ਦੀਆਂ ਹੱਤਿਆਵਾ ਕਰ ਦਿੱਤੀਆਂ ਗਈਆਂ ਹਨ। ਮਾਮਲੇ ਕਰੋੜਾਂ ਦੀ ਜਾਇਦਾਦ ਨਾਲ ਜੁੜੇ ਹੁੰਦੇ ਹਨ। ਮਹੰਤ ਬਾਲ ਸਵਾਮੀ, ਯੋਗਾਨੰਦ ਮਹਾਰਾਜ, ਗੋਵਰਧਨ ਦਾਸ ਅਤੇ ਪ੍ਰੇਮਾਨੰਦ ਨੂੰ ਗੋਲੀਆਂ ਦਾ ਸ਼ਿਕਾਰ ਬਣਾਇਆ ਗਿਆ। ਇਕ ਸਾਲ ਪਹਿਲਾਂ ਮਹਾਂਨਿਰਵਾਣੀ ਅਖਾੜੇ ਦੇ ਮਹੰਤ ਸੁਧੀਰ ਗਿਰੀ

ਦੀ ਅਣਪਛਾਤੇ ਹਮਲਾਵਰਾਂ ਨੇ ਉਸ ਸਮੇਂ ਜ਼ਬਰਦਸਤ ਗੋਲੀਆਂ ਵਰਸਾ ਕੇ ਹੱਤਿਆ ਕਰ ਦਿੱਤੀ। ਜਦ ਉਹ ਕਾਰ ਦੁਆਰਾ ਆਪਣੇ ਆਸ਼ਰਮ ਜਾ ਰਹੇ ਸਨ। ਇਸ ਵਿੱਚ ਕੋਈ ਧਾਰਮਕ ਦੁਸ਼ਮਣੀ ਨਾ ਹੋ ਕੇ ਮਾਇਆ/ਧਨ ਦਾ ਚੱਕਰ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਉਹ ਕੁਝ ਸੰਤਾਂ, ਭੂ-ਮਾਫੀਆਵਾਂ ਦੀ ਪੋਲ ਖੋਲ੍ਹਣ ਵਾਲੇ ਸਨ। ਸੋ; ਕਹਿ ਸਕਦੇ ਹਾਂ ਕਿ ਜਮੀਨਾਂ ਦਾ ਲਾਲਚ ਸੰਤਾਂ ਦੀ ਜਾਨ ਉੱਤੇ ਖ਼ਤਰਾ ਬਣ ਕੇ ਮੰਡਰਾ ਰਿਹਾ ਹੈ। ਜਮੀਨ ਨਾਲ ਜੁੜੇ ਕਈ ਕੇਸਾਂ ਵਿੱਚ ਸਾਧੂ ਮਹੰਤਾਂ ਨੂੰ ਆਪਣੀ ਜਾਨ ਗੰਵਾਉਣੀ ਪਈ ਹੈ।

**ਵੱਧ ਚੇਲੇ ਤਾਂ ਵੱਡਾ ਬਾਬਾ :** ਹਰਿਦੁਆਰਾ ਵਿੱਚ ਮੁੱਖ ਮਾਰਗ ਤੋਂ ਲੈ ਕੇ ਅੰਦਰ ਤੱਕ ਦਰਜਨਾਂ ਹੋਰਡਿੰਗਸ ਅਜਿਹੇ ਮਿਲਦੇ ਹਨ ਜਿਹਨਾਂ ਉੱਤੇ ਪ੍ਰੋਗਰਾਮਾਂ ਦਾ ਬਿਓਰਾ ਦਰਜ ਹੁੰਦਾ ਹੈ। ਸਤਿਸੰਗ ਸਮਾਗਮ ਹੁੰਦੇ ਤਾਂ ਧਰਮ ਦੇ ਨਾਂ ਉੱਤੇ ਹਨ, ਪਰੰਤੂ ਲੀਡਰਾਂ ਦੀ ਰੈਲੀ ਤੋਂ ਘੱਟ ਵੀ ਨਹੀਂ ਹੁੰਦੇ ਹਨ। ਜਿਹਨਾਂ ਵਿੱਚ ਉਹ ਵੱਧ ਤੋਂ ਵੱਧ ਭੀੜ ਜੁਟਾ ਕੇ/ਇਕੱਠੀ ਕਰਕੇ ਦੂਸਰੇ ਨੂੰ ਆਪਣੀ ਤਾਕਤ ਦਾ ਅਹਿਸਾਸ ਕਰਵਾਉਂਦੇ ਹਨ। ਵਿਧਾਨ ਸਭਾ ਅਤੇ ਸੰਸਦ ਦੇ ਕਾਰਜ ਕਾਲ ਵਾਂਗ ਇਥੇ ਵੀ ਸਤਿਸੰਗ ਕਾਰਜ ਕਾਲ ਚੱਲਦੇ ਹਨ ਜਿਸ ਵਿੱਚ ਹਜ਼ਾਰਾਂ ਭਗਤ ਆਉਂਦੇ ਹਨ। ਸੰਤਾਂ ਅਤੇ ਭਗਤਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ। ਅਸੀਂ ਆਸਾਰਾਮ ਬਾਪੂ ਦੇ 8 ਹੋਰਡਿੰਗ (ਇਸ਼ਤਿਹਾਰ ਲਈ ਵੱਡਾ ਬੋਰਡ) ਕਈ ਥਾਵਾਂ ਉੱਤੇ ਲੱਗੇ ਵੇਖੇ। ਬਾਬਾ ਮੁਸਕਾਨ ਦੇ ਨਾਲ ਭਿੰਨ ਭਿੰਨ ਪਹਿਰਾਵਿਆਂ ਵਿੱਚ ਸਨ। ਅਜਿਹੇ ਹੀ ਜ਼ਰੀਏ ਅਪਨਾ ਕੇ ਭੀੜ ਨੂੰ ਲੁਭਾਇਆ ਜਾਂਦਾ ਹੈ।

ਪਿਛਲੇ ਕੁਝ ਸਮੇਂ ਤੋਂ ਯੌਨ/ਲਿੰਗਕ ਸ਼ੋਸ਼ਣ ਦੇ ਦੋਸ਼ਾਂ ਦੇ ਕਾਰਨ ਜੇਲ ਦੀ ਹਵਾ ਖਾ ਰਹੇ ਆਸਾਰਾਮ ਦੀ ਬੇਸ਼ੁਮਾਰ ਜਾਇਦਾਦ ਦੇਸ਼ ਭਰ ਵਿੱਚ ਫੈਲੀ ਹੋਈ ਹੈ। ਹਾਲਤ ਇਹ ਹੈ ਕਿ ਪ੍ਰਵਚਨ ਦੇ ਬਹਾਨੇ ਜਿਥੇ ਵੀ ਪਹੁੰਚੇ ਉਥੇ ਹੀ ਜਮੀਨ ਹੜੱਪ ਕਰ ਲਈ। ਪਿਛਲੇ 20 ਸਾਲਾਂ ਵਿੱਚ ਇਸੇ ਤਰ੍ਹਾਂ ਆਸਾਰਾਮ ਡੇਢ ਹਜ਼ਾਰ ਕਰੋੜ ਤੋਂ ਵੱਧ ਕੀਮਤ ਦੀਆਂ ਜਾਇਦਾਦਾਂ ਦੇ ਮਾਲਕ ਬਣ ਬੈਠੇ ਹਨ। ਇੱਕ ਅਨੁਮਾਨ ਦੇ ਮੁਤਾਬਕ ਆਸਾਰਾਮ 223 ਏਕੜ ਜਮੀਨ ਦੇ ਆਪ ਮਾਲਕ ਹਨ ਅਤੇ ਕੁਝ ਜਮੀਨ ਉਹਨਾਂ ਦੇ ਟਰੱਸਟ ਅਤੇ ਨੇੜੇ ਦੇ ਰਿਸ਼ਤੇਦਾਰਾਂ ਦੇ ਨਾਂ ਉੱਤੇ ਖਰੀਦੀ ਗਈ ਹੈ। ਏਨਾ ਹੀ ਨਹੀਂ, ਲਗਭਗ 588 ਜਮੀਨ ਏਕੜ ਉੱਤੇ ਉਹਨਾਂ ਦਾ ਕਬਜਾ ਹੈ। ਉਹਨਾਂ ਦੇ 400 ਤੋਂ ਵੱਧ ਆਸ਼ਰਮ ਹਨ, ਜਿਹੜੇ ਜ਼ਿਆਦਾਤਰ ਝਗੜਿਆਂ ਵਿੱਚ ਹਨ। ਕੁੱਲ ਮਿਲਾ ਕੇ ਜੇ ਆਸਾਰਾਮ ਨੂੰ ਸੰਤ ਦੀ ਸ਼ਕਲ ਵਿੱਚ ਭੂਮਾਫੀਆ ਕਿਹਾ ਜਾਵੇ ਤਾਂ ਅੱਤਕਥਨੀ ਨਹੀਂ ਹੋਵੇਗੀ।

ਪੁਲਿਸ ਪ੍ਰਸ਼ਾਸ਼ਨ ਸੁਰੱਖਿਆ ਪ੍ਰਬੰਧ ਤਾਂ ਦੇਖਦਾ ਹੈ, ਪਰੰਤੂ ਕੋਈ ਦਖ਼ਲ ਦੇਣ ਦਾ ਹੱਕ ਉਸਨੂੰ ਨਹੀਂ ਹੁੰਦਾ। ਬਾਬਿਆਂ ਦੇ ਅਜਿਹੇ ਸਤਿਸੰਗ ਤੋਂ ਲੱਖਾਂ ਕਰੋੜਾਂ ਦੀ ਕਮਾਈ ਹੁੰਦੀ ਹੈ। ਹੁਣ ਜੇਕਰ ਭਗਤ ਦੇ ਨਾਲ ਕੋਈ ਹਾਦਸਾ ਹੋ ਜਾਵੇ, ਉਸਦੀ ਜ਼ੁੰਮੇਵਾਰੀ ਉਹਨਾਂ ਦੀ ਨਹੀਂ ਹੁੰਦੀ। ਇਹ ਸੋਚ ਲਵੋ, ਰੱਬ ਨੂੰ ਇਹੀ ਮੰਨਜ਼ੂਰ ਸੀ। ਸਤਿਸੰਗ ਖਤਮ ਹੋਣ ਉੱਤੇ ਗੰਦਗੀ ਅਤੇ ਕਚਰਾ ਇਕੱਠਾ ਕਰਨ ਦਾ ਕੰਮ ਨਗਰ ਨਿਗਮ ਦਾ ਰਹਿ ਜਾਂਦਾ ਹੈ। ਕਹਿੰਦੇ ਹਨ ਕਿਸੇ ਬਾਬੇ ਦੀ ਤਾਕਤ ਦਾ ਅੰਦਾਜ਼ਾ ਉਸ ਦੇ ਭਗਤਾਂ ਦੀ ਗਿਣਤੀ ਨੂੰ ਦੇਖ ਕੇ ਲਗਾਇਆ ਜਾਂਦਾ ਹੈ। ਲੀਡਰ ਵੀ ਰੈਲੀ ਵਿੱਚ ਵੱਧ ਤੋਂ ਵੱਧ ਭੀੜ ਜੁਟਾ ਕੇ ਆਪਣੀ ਤਾਕਤ ਦਾ ਅਹਿਸਾਸ ਕਰਵਾਉਂਦੇ ਹਨ। ਜ਼ਿਆਦਾਤਰ ਬਾਬੇ ਆਪਣੀ ਵਿਦੇਸ਼ੀ ਭਗਤਾਂ ਦੀ ਗਿਣਤੀ ਉੱਤੇ ਜ਼ਿਆਦਾ ਮਾਣ ਕਰਦੇ ਹਨ। ਸਾਲ ਵਿੱਚ ਉਹ ਘੁੰਮਣ ਵੀ ਜਾਂਦੇ ਹਨ। ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਹੋਏ ਲਾਠੀਚਾਰਜ ਦੇ ਬਾਦ ਬਾਬਾ ਰਾਮਦੇਵ ਹਮੇਸ਼ਾ ਚੀਖਦੇ ਹਨ ਕਿ ਦੇਸ਼ ਦੀ 120 ਕਰੋੜ ਜੰਤਾ ਉਹਨਾਂ ਦੇ ਨਾਲ ਹੈ, ਪਰੰਤੂ ਕੋਈ ਉਨ੍ਹਾਂ ਤੋਂ ਇਹ ਪੁੱਛੇ ਕਿ ਬਾਕੀ ਦੇ ਕੋਲ ਕੀ ਹੈ? ਬਾਬਿਆਂ ਦੀ ਲੀਲਾ ਨੂੰ ਉਹਨਾਂ ਦੇ ਭਗਤ ਧਰਮ ਦੇ ਪਰਦੇ ਤੋਂ ਜ਼ਿਆਦਾ ਜਾਣਨਾ ਵੀ ਨਹੀਂ ਚਾਹੁੰਦੇ।

**ਲਾਸ਼ਾਂ ਉੱਤੇ ਲੁੱਟਖੋਹ :** ਕੇਦਾਰਨਾਥ ਵਿੱਚ ਆਈ ਭਿਆਨਕ ਮੁਸੀਬਤ ਵਿੱਚ ਸੰਨਿਆਸ ਦੇ ਨਾਂ ਉੱਤੇ ਪਹਾੜਾਂ ਉੱਤੇ ਪਏ ਸਾਧੂ ਸੰਨਿਆਸੀਆਂ ਨੇ ਆਪਣਾ ਅਸਲੀ ਚਿਹਰਾ ਦਿਖਾਇਆ। ਅਜਿਹੇ ਪਖੰਡੀਆਂ ਨੇ ਮੁਸੀਬਤ ਆਉਣ ਦੇ ਬਾਦ ਮਰੇ ਹੋਏ ਲੋਕਾਂ ਦੀਆਂ ਜੇਬਾਂ ਵਿਚੋਂ ਨਕਦੀ ਲੁੱਟਣ ਦੇ ਨਾਲ ਹੀ ਉਨ੍ਹਾਂ ਦੇ ਦੁਆਰਾ ਪਹਿਨੇ ਗਏ ਗਹਿਣੇ ਵੀ ਲੁੱਟ ਲਏ। ਦਰਅਸਲ, ਜਦ ਮਿਲਿਟਰੀ ਦੇ ਜਵਾਨ ਹੈਲੀਕੌਪਟਰ ਦੇ ਜ਼ਰੀਏ ਲੋਕਾਂ ਨੂੰ ਬਚਾ ਰਹੇ ਸਨ, ਕਈ ਸਾਧੂ ਭਾਰੀ ਬੈਗਾਂ ਦੇ ਨਾਲ ਉਸ ਵਿੱਚ ਚੜ੍ਹਨ ਲੱਗੇ। ਵਜਨ ਦੇ ਕਾਰਨ ਕਰਕੇ ਸੈਨਿਕਾਂ ਨੇ ਸਾਮਾਨ ਰੱਖਣ ਤੋਂ ਮਨ੍ਹਾਂ ਕੀਤਾ ਪਰ ਉਹ ਨਹੀਂ ਮੰਨੇ ਤਾਂ ਸ਼ੱਕ ਹੋਣ ਉੱਤੇ ਤਲਾਸ਼ੀ ਲਈ ਗਈ। ਭਗਵੇਂ ਵਸਤਰਧਾਰੀਆਂ ਦੀ ਸੱਚਾਈ ਜਾਣ ਕੇ ਸੈਨਿਕ ਵੀ ਸ਼ਰਮਸਾਰ ਹੋ ਗਏ। ਉਹਨਾਂ ਦੇ ਪਾਸ ਤੋਂ ਸਵਾ ਕਰੋੜ ਰੁਪਏ ਦੀ ਨਕਦੀ ਅਤੇ ਬਹੁਤ ਸਾਰੇ ਗਹਿਣੇ ਬਰਾਮਦ ਹੋਏ। ਉਨ੍ਹਾਂ ਸਭਨਾਂ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ। ਉਹਨਾਂ ਨੇ ਇਹ ਸਭ ਭਗਤਾਂ ਦੇ ਇਲਾਵਾ ਬੈਂਕ ਦੇ ਲਾਕਰਾਂ ਤੋਂ ਕੱਢਿਆ ਸੀ। ਭਿਅੰਕਰ ਤਬਾਹੀ ਦੇ ਬਾਦ ਉਥੇ ਲਾਸ਼ਾਂ ਦੇ ਵਿੱਚ ਸਾਧੂ ਭੇਸਧਾਰੀ ਲੁੱਟ ਦੀ ਤਾਕ ਵਿੱਚ ਭਟਕ ਰਹੇ ਸਨ।

**ਧੰਨਵਾਦ ਸਹਿਤ ਮੈਗਜ਼ੀਨ : 'ਸਰਿਤਾ' ਅਕਤੂਬਰ (ਦੂਜਾ) 2013**


**ਆਪਣੇ ਬੱਚਿਆਂ ਦੀ ਸੋਚ ਨੂੰ ਵਿਗਿਆਨਕ ਬਣਾਉਣ ਲਈ ਡਾ. ਜਤਿੰਦਰਪਾਲ ਦੁਆਰਾ ਲਿਖੀਆਂ ਹੇਠ ਲਿਖੀਆਂ ਕਿਤਾਬਾਂ ਜ਼ਰੂਰ ਪੜ੍ਹਾਓ**




ਘਰ ਬੈਠੇ ਪੂਰਾ ਸੈੱਟ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744

# ਵਿਗਿਆਨਕ ਖ਼ਬਰਾਂ

## ਧੂੜ ਮਿੱਟੀ ਵਿੱਚ ਬਦਲਿਆ ਆਇਸਨ

ਆਇਸਨ ਦੀ ਉਡਾਨ 'ਤੇ ਨਜ਼ਰ ਰੱਖ ਰਹੇ ਅਮਰੀਕੀ ਨੇਵਲ ਖੋਜ ਲੈਬ ਦੇ ਕਾਰਲ ਬੈਟਮਸ ਨੇ ਦੱਸਿਆ ਕਿ, "ਉਸ ਸਮੇਂ ਅਜਿਹਾ ਲੱਗ ਰਿਹਾ ਸੀ ਕਿ ਕੁਝ ਵੀ ਨਹੀਂ ਬਚਿਆ।" ਅਮਰੀਕੀ ਸ਼ਹਿਰ ਸੈਨ ਫ਼ਰਾਂਸਿਸਕੋ ਵਿੱਚ ਇੱਕ ਸਮਾਗਮ ਵਿੱਚ ਉਨ੍ਹਾਂ ਨੇ ਕਿਹਾ, "ਮੈਂ ਤੁਹਾਡੇ ਸਭ ਤੋਂ ਮਾਫੀ ਚਾਹੁੰਦਾ ਹਾਂ, ਧੂਮਕੇਤੂ ਆਇਸਨ ਹੁਣ ਨਹੀਂ ਰਿਹਾ, ਪਰ ਉਸਦੀ ਯਾਦ ਹਮੇਸ਼ਾ ਰਹੇਗੀ।"

ਧੂਮਕੇਤੂ ਦਰਅਸਲ ਧੂੜ-ਮਿੱਟੀ ਅਤੇ ਬਰਫ਼ ਦੇ ਗੋਲੇ ਹੁੰਦੇ ਹਨ ਜਿਨ੍ਹਾਂ ਨੂੰ ਬੋਦੀ ਵਾਲੇ ਤਾਰੇ ਜਾਂ ਪੂਛਲ ਤਾਰੇ ਕਿਹਾ ਜਾਂਦਾ ਹੈ। ਇਸਦੀ ਖਾਸ ਗੱਲਬਾਤ ਇਹ ਹੁੰਦੀ ਹੈ ਕਿ ਕੁਝ ਸਾਲ ਬਾਅਦ ਇਨ੍ਹਾਂ ਨੂੰ ਫਿਰ ਤੋਂ ਦੇਖਿਆ ਜਾ ਸਕਦਾ ਹੈ। ਸਭ ਤੋਂ ਮਸ਼ਹੂਰ ਹੈ ਹੈਲੀਜ ਕਾਮੇਟ, ਜੋ ਕਰੀਬ 75 ਸਾਲ ਬਾਅਦ ਧਰਤੀ ਦੇ ਐਨਾਂ ਨੇੜੇ ਦੀ ਗੁਜਰਿਆ ਹੈ ਕਿ ਉਸ ਨੂੰ ਨੰਗੀਆਂ ਅੱਖਾਂ ਨਾਲ ਵੀ ਦੇਖਿਆ ਜਾ ਸਕਦਾ ਹੈ। ਆਮ ਤੌਰ 'ਤੇ ਬੋਦੀ ਵਾਲੇ ਤਾਰਿਆਂ ਨੂੰ ਦੇਖਣ ਦੇ ਲਈ ਦੂਰਬੀਨ ਦੀ ਜ਼ਰੂਰਤ ਪੈਂਦੀ ਹੈ। ਨਾਲ ਹੀ ਇਹ ਇੱਕ ਬਹੁਤ ਹੀ ਲੰਬੇ ਸਮੇਂ ਬਾਅਦ ਦਿਖਾਈ ਦਿੰਦੇ ਹਨ, ਜਦੋਂ ਕਿ ਇਹ ਸਮਾਂ ਕਈ ਸੈਂਕੜਿਆਂ ਸਾਲਾਂ ਵਿੱਚ ਵੀ ਹੋ ਸਕਦਾ ਹੈ।




ਬੋਦੀ ਵਾਲੇ ਤਾਰੇ ਆਇਸਨ ਪਿਛਲੇ ਦਿਨਾਂ ਵਿੱਚ ਸੁਰਖ਼ੀਆਂ ਵਿੱਚ ਬਣਿਆ ਰਿਹਾ ਹੈ ਕਿਉਂਕਿ ਇਹ ਸੂਰਜ ਦੇ ਬਹੁਤ ਹੀ ਨੇੜੇ ਦੀ ਗੁਜ਼ਰ ਰਿਹਾ ਸੀ। ਵਿਗਿਆਨਕ ਜਾਣਨਾ ਚਾਹੁੰਦੇ ਸੀ ਕਿ ਕੀ ਆਇਸਨ ਸੂਰਜ ਦੀ ਗਰਮੀ ਬਰਦਾਸ਼ਤ ਕਰ ਸਕੇਗਾ, ਇਸ ਬੋਦੀ ਵਾਲੇ ਤਾਰੇ ਦੇ ਅੰਦਰ ਕੀ ਮੌਜੂਦ ਹੈ ਅਤੇ ਇਹ ਗਰਮੀ ਨਾਲ ਕਿਵੇਂ ਬਦਲਦਾ ਹੈ। ਪਰ ਆਇਸਨ 'ਤੇ ਨਜ਼ਰ ਰੱਖਣ ਦੇ ਲਈ ਉਨ੍ਹਾਂ ਨੂੰ ਸਿਰਫ਼ ਦੋ ਹਫ਼ਤਿਆਂ ਦਾ ਸਮਾਂ ਮਿਲਿਆ। ਨਵੰਬਰ ਦੇ ਅੰਤ ਵਿੱਚ ਇਹ ਸੂਰਜ ਦੇ 12 ਲੱਖ ਕਿਲੋਮੀਟਰ ਕਰੀਬ ਪਹੁੰਚਿਆ ਅਤੇ ਸੁਆਹ ਹੋ ਗਿਆ ਅਤੇ ਫਿਰ ਇਸ ਬੋਦੀ ਵਾਲੇ ਤਾਰੇ ਨੂੰ ਮਰਿਆ ਹੋਇਆ ਘੋਸ਼ਿਤ ਕਰ ਦਿੱਤਾ ਗਿਆ। ਨਾਸਾ ਦੀ ਇੱਕ ਸਹਿਯੋਗੀ ਵੈੱਬਸਾਈਟ 'ਤੇ ਖਗੋਲਵਿਗਿਆਨੀ ਟੋਨੀ ਫਿਲਿਪਸ ਨੇ ਲਿਖਿਆ, "ਬੋਦੀ ਵਾਲਾ ਤਾਰਾ ਆਇਸਨ ਹੁਣ ਕੇਵਲ ਧੂੜ ਦਾ ਹੀ ਇੱਕ ਬਦਲ ਹੈ।" ਉਨ੍ਹਾਂ ਨੇ ਲਿਖਿਆ ਕਿ ਦਸੰਬਰ ਦੇ ਆਸਮਾਨ ਵਿੱਚ ਪੇਸ਼ੇਵਰ ਖਗੋਲ ਫੋਟੋਗ੍ਰਾਫਰ ਹੀ "ਆਇਸਨ ਦੀ ਆਤਮਾ" ਨੂੰ ਦੇਖ ਪਾਉਣਗੇ, "ਪਰ ਨੰਗੀਆਂ ਅੱਖਾਂ ਨਾਲ ਇਸਨੂੰ ਅਨੁਭਵ ਕਰਨ ਦਾ ਕੋਈ ਸਵਾਲ ਹੀ ਖੜ੍ਹਾ ਨਹੀਂ ਹੁੰਦਾ।"

## ਧਰਤੀ ਦੀ ਸਭ ਤੋਂ ਠੰਡੀ ਜਗ੍ਹਾ

ਅਮਰੀਕੀ ਪੁਲਾੜ ਏਜੰਸੀ ਨਾਸਾ ਨੂੰ ਸੈਟੇਲਾਇਟ ਡਾਟਾ ਦੇ ਵਿਸ਼ਲੇਸ਼ਣ ਦੇ ਬਾਅਦ ਪੂਰਵੀ ਅੰਟਾਰਕਟਿਕਾ ਦੀ ਇਸ ਜਗ੍ਹਾ ਦਾ ਪਤਾ ਚੱਲਿਆ। 6 ਤੋਂ 10 ਕਿਲੋਮੀਟਰ ਦੇ ਦਾਇਰੇ ਵਿੱਚ ਫੈਲੇ ਇਕ ਇਲਾਕੇ ਵਿੱਚ ਅਗਸਤ 2010 ਵਿੱਚ ਤਾਪਮਾਨ ਨਫੀ 94.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸ ਸਾਲ 31 ਜੁਲਾਈ ਵਿੱਚ ਵੀ ਉਥੇ ਤਾਪਮਾਨ ਨਫੀ 92.9 ਡਿਗਰੀ ਤੱਕ ਡਿੱਗਿਆ। ਇਸ ਨਾਲ ਪਹਿਲਾ ਸਭ ਤੋਂ ਠੰਡੇ ਤਾਪਮਾਨ ਦਾ ਰਿਕਾਰਡ ਨਫੀ 89.2 ਡਿਗਰੀ ਸੈਲਸੀਅਸ ਸੀ। ਅਮਰੀਕੀ ਸ਼ਹਿਰ ਸੈਨ ਫ੍ਰਾਂਸਿਸਕੋ ਵਿੱਚ ਅਮਰੀਕੀ ਪ੍ਰਿਥਵੀ ਯੂਨੀਅਨ ਦੀ ਬੈਠਕ ਵਿੱਚ ਵਿਗਿਆਨੀਆਂ ਨੇ ਇਹ ਦਾਅਵਾ ਕੀਤਾ। ਬਰਫ਼ ਵਿਗਿਆਨੀ ਟੇਡ ਸਕਾਮਬੋਸ ਦੇ ਮੁਤਾਬਿਕ, "ਇਹ ਕੁਝ ਅਜਿਹਾ ਹੈ ਜਿਵੇਂ ਤੁਸੀਂ ਗਰਮੀਆਂ ਵਿੱਚ ਕਿਸੇ ਦਿਨ ਮੰਗਲ ਨੂੰ ਦੇਖਿਆ ਹੋਵੇ। ਪੂਰੇ ਵਿਸ਼ਵਾਸ ਦੇ ਨਾਲ ਕਹਿ ਸਕਦਾ ਹਾਂ ਕਿ ਇਹ ਧਰਤੀ ਦੀ ਸਭ ਤੋਂ ਠੰਡੀ ਥਾਂ ਹੈ।" ਜਦੋਂਕਿ ਵਿਗਿਆਨੀਆਂ ਨੇ ਦਾਅਵੇ ਦੇ ਬਾਵਜੂਦ ਇਸ ਨੂੰ ਗਿਨੀਜ ਬੁਕ ਆਫ ਵਰਲਡ ਰਿਕਾਰਡਸ ਵਿੱਚ ਦਰਜ ਨਹੀਂ ਕੀਤਾ ਜਾ ਸਕਦਾ, ਕਿਉਂਕਿ ਅੰਕੜੇ ਉਪਗ੍ਰਹਿ (ਸੈਟੇਲਾਈਟ) ਦੇ ਹਨ। ਦੂਸਰੇ ਪਾਸੇ ਐਨੀ ਸਰਦੀ ਨੂੰ ਥਰਮਾਮੀਟਰ ਨਾਲ ਮਾਪਣਾ ਮੁਮਕਿਨ ਵੀ ਨਹੀਂ ਹੈ। ਸਕਾਮਬੋਸ ਕਹਿੰਦੇ ਹਨ, "ਮੈਂ ਅਸਲ ਵਿੱਚ ਇਹ ਨਹੀਂ ਜਾਣਦਾ ਕਿ ਉਥੇ ਕਿਹੋ ਜਿਹਾ ਮਹਿਸੂਸ ਹੁੰਦਾ ਹੋਵੇਗਾ ਅਤੇ ਪਰਮਾਤਮਾ ਦਾ ਬਹੁਤ ਧੰਨਵਾਦ ਕਿ ਮੈਂ ਕੁਝ ਮਹਿਸੂਸ ਕਰਨ ਲਈ ਉਥੇ ਜਾ ਵੀ ਨਹੀਂ ਰਿਹਾ ਹਾਂ।" ਪਰ ਐਨਾ ਤੈਅ ਹੈ ਕਿ ਇਸ ਠੰਡ ਵਿੱਚ ਜਿੰਦਾ ਰਹਿਣਾ ਨਾ ਮੁਮਕਿਨ ਹੈ। ਦੱਖਣੀ ਧਰੁਵ 'ਤੇ ਕੰਮ ਕਰਨ ਵਾਲੇ ਵਿਗਿਆਨਕ ਅਕਸਰ ਮਾਇਨਸ 73 ਡਿਗਰੀ ਸੈਲਸੀਅਸ ਦਾ ਕੁਝ ਸੈਕਿੰਡਾਂ ਦੇ ਲਈ ਸਾਹਮਣਾ ਕਰਦੇ ਹਨ, ਐਨੀ ਠੰਡ ਵਿੱਚ ਸਿਰਫ਼ ਤਿੰਨ ਮਿੰਟ ਜਿੰਦਾ ਰਿਹਾ ਜਾ ਸਕਦਾ ਹੈ।

ਬਾਹਰ ਨਿਕਲਣ 'ਤੇ ਵਿਗਿਆਨਕ ਸਨੋਰਕਲ ਨਾਮ ਦੀ ਤਕਨੀਕ ਦੇ ਸਹਾਰੇ ਸਾਹ ਲੈਂਦੇ ਹਨ। ਇਸਦੀ ਮਦਦ ਨਾਲ ਬਾਹਰ ਦੀ ਹਵਾ ਜੋ ਜੈਕੇਟ ਦੇ ਵਿੱਚੋਂ ਵਿੱਚ ਬਣੀ ਇਕ ਪਰਤ 'ਤੇ ਲਗਾਇਆ ਜਾਂਦਾ ਹੈ ਅਤੇ ਫਿਰ ਉਸ ਨੂੰ ਅੰਦਰ ਹੀ ਅੰਦਰ ਸਾਹ ਲੈਣ ਲਾਇਕ ਗਰਮ ਕੀਤਾ ਜਾਂਦਾ ਹੈ। ਨਾਸਾ ਦੇ ਪੂਰਵ ਵਿਗਿਆਨਕ ਅਤੇ ਕੋਲੋਰੈਡੋ ਯੂਨੀਵਰਸਿਟੀ ਦੇ ਵਾਲਿਦ ਅਬਦਾਲਤੀ ਕਹਿੰਦੇ ਹਨ, "ਇਹ ਦੱਸਣਾ ਹੈ ਕਿ ਧਰਤੀ 'ਤੇ ਕਿੰਨੀਆਂ ਅਜਿਹੀਆਂ ਥਾਂਵਾਂ ਹਨ ਕਿ ਜਿੱਥੇ ਅਸੀਂ ਖੋਜ ਵੀ ਨਹੀਂ ਕਰ ਸਕਦੇ।"

– ਜਸਪ੍ਰੀਤ ਕੌਰ ਸੋਹੀ



# ਭੁੱਲਕੜਪਣ ਨੂੰ ਦੂਰ ਕਰਨ ਦੀ ਠਾਣੀ ਜੀ8 ਨੇ



ਲੰਦਨ ਵਿੱਚ ਸੰਪਨ ਹੋਏ ਹੈਲਥ ਮੰਤਰੀਆਂ ਅਤੇ ਵਿਗਿਆਨੀਆਂ ਨੇ ਇੱਕ ਸੰਮੇਲਨ ਦੇ ਬਾਅਦ ਬ੍ਰਿਟੇਨ ਦੇ ਹੈਲਥ ਸਚਿਵ ਜੇਰੇਮੀ ਹੰਟ ਨੇ ਦੱਸਿਆ ਕਿ ਮਨੋਰੋਗ ਦੇ ਖਿਲਾਫ਼ ਇਸ ਮੁਹਿੰਮ ਵਿੱਚ ਇੱਕ ਵਿਸ਼ੇਸ਼ ਦੂਤ ਵੀ ਨਿਯੁਕਤ ਕੀਤਾ ਜਾਵੇਗਾ। ਇਹ ਦੂਤ ਨਾ ਸਿਰਫ਼ ਦੁਨੀਆ ਭਰ ’ਚੋਂ ਮਨੋਰੋਗ ’ਤੇ ਕੀਤੇ ਜਾ ਰਹੇ ਸਰਵਸ਼੍ਰੇਠ ਖੋਜ ਅਤੇ ਇਸ ਵਿੱਚ ਕਾਬਲ ਲੋਕਾਂ ਨੂੰ ਨਾਲ ਲਵੇਗਾ ਜਦੋਂਕਿ ਇਸ ’ਤੇ ਚਲ ਰਹੇ ਸੋਧ ਦੇ ਲਈ ਸਰਕਾਰਾਂ ਦੇ ਨਾਲ ਨਾਲ ਨਿੱਜੀ ਕੰਪਨੀਆਂ ਤੋਂ ਵੀ ਧੰਨ ਰਾਸ਼ੀ ਇਕੱਠੀ ਕਰੇਗਾ। ਬ੍ਰਿਟੇਨ ਦੇ ਸਿਹਤ ਸੈਕਟਰੀ ਜੇਰੇਮੀ ਹੰਟ ਦੇ ਮੁਤਾਬਿਕ, “ਹੁਣ ਇਸ ਖੋਜ ਵਿੱਚ ਬਹੁਤ ਘੱਟ ਰਾਸ਼ੀ ਲੱਗ ਰਹੀ ਹੈ। ਇਹ ਇੱਕ ਬਹੁਤ ਮਹੱਤਵਪੂਰਨ ਯੋਜਨਾ ਹੈ ਜਿਸ ਵਿੱਚ ਜੇਕਰ ਅਸੀਂ ਤਾਰਿਆਂ ਤੱਕ ਪਹੁੰਚਣ ਦੀ ਕੋਸ਼ਿਸ਼ ਨਹੀਂ ਕਰਦੇ ਹਾਂ ਤਾਂ ਚੰਦ ਤੱਕ ਵੀ ਨਹੀਂ ਪਹੁੰਚ ਸਕਾਂਗੇ।”

**ਹਰ ਚਾਰ ਸੈਕਿੰਡ ਵਿੱਚ ਨਵਾਂ ਮਰੀਜ਼** : ਮਨੋਰੋਗ ਦੀ ਸਥਿਤੀ ਵਿੱਚ ਰੋਗੀ ਦੀ ਪਹਿਚਾਨਣ ਦੀ ਸਮਰੱਥਾ ਘੱਟ ਹੋ ਜਾਂਦੀ ਹੈ ਜਿਸ ਨੂੰ ਆਮ ਤੌਰ ’ਤੇ ਅਲਜਾਇਮਰਸ ਨਾਮ ਦੀ ਬਿਮਾਰੀ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ। ਦੁਨੀਆ ਭਰ ਵਿੱਚ ਮਨੋਰੋਗ ਨਾਲ ਪੀੜਿਤ ਲੋਕਾਂ ਦੀ ਸੰਖਿਆ ਕਰੀਬ ਚਾਰ ਕਰੋੜ ਹੈ। ਵਿਸ਼ਵ ਸਿਹਤ ਸੰਗਠਨ, ਡਬਲਯੂਐਚਓ ਦੀ ਮੰਨੀਏ ਤਾਂ ਇਹ ਸੰਖਿਆ ਹਰ ਦੋ ਦਹਾਕੇ ਵਿੱਚ ਕਰੀਬ ਦੁੱਗਣੀ ਹੋਣ ਵਾਲੀ ਹੈ। ਬ੍ਰਿਟੇਨ ਦੇ ਪ੍ਰਧਾਨਮੰਤਰੀ ਡੇਵਿਡ ਕੈਮਰਨ ਨੇ ਸੰਮੇਲਨ ਵਿੱਚ ਕਿਹਾ ਕਿ ਹਰ ਚਾਰ ਸੈਕਿੰਡ ਵਿੱਚ ਮਨੋਰੋਗੀਆਂ ਦਾ ਇੱਕ ਨਵਾਂ ਮਾਮਲਾ ਸਾਹਮਣੇ ਆ ਰਿਹਾ ਹੈ। ਕੈਮਰਨ ਨੇ ਕਿਹਾ, “ਕਈ ਸਾਲ ਪਹਿਲਾ, ਮਲੇਰੀਆ, ਕੈਂਸਰ, ਐਚਆਈਵੀ ਅਤੇ ਏਡਜ਼ ਦਾ ਮੁਕਾਬਲਾ ਕਰਨ ਦੇ ਲਈ ਪੂਰਾ ਵਿਸ਼ਵ ਇੱਕ ਹੋ ਕੇ ਆਇਆ ਸੀ ਅਤੇ ਅੱਜ ਫਿਰ ਅਸੀਂ ਮਨੋਰੋਗ ਦੇ ਖਿਲਾਫ਼ ਇਕਜੁੱਟ ਹੋਏ ਹਾਂ।”

ਇਸ ਦ੍ਰਿੜ੍ਹ ਵਿਸ਼ਵਾਸ ਦੇ ਨਾਲ ਜੀ-8 ਸਮੂਹ ਨੇ ਖੋਜ ਦੀ ਧਨ ਰਾਸ਼ੀ ਵਿੱਚ ਉੱਘਾ ਵਿਕਾਸ ਕਰਨ ਅਤੇ ਸੂਚਨਾ ਅਤੇ ਰਿਸਰਚ ਦੇ ਆਸਾਨੀ ਨਾਲ ਆਦਾਨ ਪ੍ਰਦਾਨ ’ਤੇ ਆਪਸੀ ਸਹਿਮਤੀ ਬਣਾ ਲਈ ਹੈ। ਇਸ ਸਮੂਹ ਨੇ ਡਬਲਯੂਐਚਓ ਨਾਲ ਗੱਲ ਕਰਦੇ ਹੋਏ ਕਿਹਾ ਹੈ ਕਿ ਉਹ ਮਨੋਰੋਗ ਨੂੰ “ਵਿਸ਼ਵ ਸਿਹਤ ਦੇ ਲਈ ਵੱਧਦੇ ਖਤਰਿਆਂ” ਦੇ ਰੂਪ ਵਿੱਚ ਮਾਨਤਾ ਦੇਣ। ਨਾਲ ਹੀ ਜੀ-8 ਨੇ ਸਮਾਜ ਵਿੱਚ ਇਸ ਬਿਮਾਰੀ ਨਾਲ ਪੀੜਤ ਲੋਕਾਂ ਦੇ ਪ੍ਰਤੀ ਭੇਦਭਾਵ ਨੂੰ ਘੱਟ ਕਰਨ ਦੇ ਯਤਨ ਹੋਰ ਤੇਜ਼ ਕਰਨ ਦੀ ਅਪੀਲ ਕੀਤੀ ਹੈ।

**ਸਭ ਦਵਾਈਆਂ ਫੇਲ੍ਹ** : ਅਲਜਾਇਮਰਸ ਦੇ ਇਲਾਜ ਦੇ ਲਈ ਜੋ ਅੰਤਿਮ ਦਵਾਈ ਅਸਰਦਾਰ ਮੰਨੀ ਗਈ ਸੀ ਉਸ ਨੂੰ ਕਰੀਬ ਦਸ ਸਾਲ ਹੋ ਗਏ ਹਨ ਅਤੇ ਅੱਜ ਤੱਕ ਅਜਿਹਾ ਕੋਈ ਉਪਚਾਰ ਨਹੀਂ ਲੱਭਿਆ ਜਾ ਸਕਿਆ ਜਿਸ ਨਾਲ ਇਹ ਬਿਮਾਰੀ ਦੇ ਵੱਧਣ ਨੂੰ ਕਿਸੇ ਤਰ੍ਹਾਂ ਰੋਕਿਆ ਜਾ ਸਕੇ। ਹੁਣ ਮੌਜੂਦ ਦਵਾਈਆਂ ਸਿਰਫ਼ ਬਿਮਾਰੀ ਦੇ ਕੁਝ ਲੱਛਣਾਂ ’ਤੇ ਕਾਬੂ ਪਾਉਣ ਦਾ ਕੰਮ ਕਰਦੀਆਂ ਹਨ। ਅਮਰੀਕਾ ਦੀ ਮੈਨੂਫੈਕਚਰਸ ਸੰਸਥਾ ਦੇ ਮੁਤਾਬਿਕ ਪਿਛਲੇ 15 ਸਾਲ ਵਿੱਚ 100 ਤੋਂ ਵੀ ਜ਼ਿਆਦਾ ਅਜਿਹੀਆਂ ਦਵਾਈਆਂ ਖੋਜ਼ ਦੇ ਦੌਰਾਨ ਬਿਮਾਰੀ ਨੂੰ ਰੋਕਣ ਵਿੱਚ ਅਸਫਲ ਪਾਈਆਂ ਗਈਆਂ ਹਨ। ਫਿਰ ਵੀ ਬਹੁਤ ਸਾਰੀਆਂ ਵੱਡੀਆਂ ਦਵਾਈ ਕੰਪਨੀਆਂ ਦੁਨੀਆਂ ਭਰ ਵਿੱਚ ਇਸਦੀ ਮੰਗ ਨੂੰ ਦੇਖਦੇ ਹੋਏ ਸਹੀ ਇਲਾਜ ਖੋਜਣ ਵਿੱਚ ਲੱਗੀਆਂ ਹੋਈਆਂ ਹਨ ਜਿਨ੍ਹਾਂ ਨੂੰ ਵੇਚ ਕੇ ਇਹ ਕਈ ਕਰੋੜਾਂ ਦਾ ਕਾਰੋਬਾਰ ਕਰ ਸਕਣਗੀਆਂ। ਅਮਰੀਕਾ ਦੀ ਮਰਕ ਐਂਡ ਕੰਪਨੀ, ਅਲੀ ਲਿਲੀ, ਰੋਸ਼ੇ ਅਤੇ ਜਾਨਸਨ ਐਂਡ ਜਾਨਸਨ ਵੀ ਇਸਦੀ ਦਵਾਈ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।

**ਬੇਹੱਦ ਮਹਿੰਗੀ ਬਿਮਾਰੀ** : ਬ੍ਰਿਟੇਨ ਦੀ ਸਭ ਤੋਂ ਵੱਡੀ ਚੈਰੀਟੇਬਲ ਟਰੱਸਟ ਜਿਵੇਂ ਮਨੋਰੋਗ ਚੈਰਿਟੀ, ਅਲਜਾਈਮਰਸ ਸੁਸਾਇਟੀ ਨੇ ਵੀ ਮਨੋਰੋਗ ’ਤੇ ਖੋਜ ਦੇ ਲਈ ਆਉਣ ਵਾਲੇ ਦਸ ਸਾਲਾਂ ਵਿੱਚ 10 ਕਰੋੜ ਪੌਂਡ ਖਰਚ ਕਰਨ ਦਾ ਪ੍ਰਣ ਲਿਆ ਹੈ। ਬ੍ਰਿਟੇਨ ਨੇ ਇੱਕ ਹੋਰ ਘੋਸ਼ਣਾ ਵਿੱਚ ਦੱਸਿਆ ਕਿ ਦਵਾਈ ਕੰਪਨੀ ਗਲੈਕਸੋ ਸਮਿਥ ਕਲਾਇਨ ਵੀ ਦੇਸ਼ ਵਿੱਚ 20 ਕਰੋੜ ਪੌਂਡ ਸਿਹਤ ਸੰਬੰਧੀ ਖੋਜ ’ਤੇ ਖਰਚ ਕਰੇਗੀ। ਡਬਲਯੂਐਚਓ ਦੇ ਅੰਕੜੇ ਦੱਸਦੇ ਹਨ ਕਿ ਹਰ ਸਾਲ ਇਸ ਬਿਮਾਰੀ ਦੀ ਵਜ੍ਹਾ ਨਾਲ ਲਗਭਗ ਸੱਠ ਹਜ਼ਾਰ ਕਰੋੜ ਡਾਲਰ ਦਾ ਨੁਕਸਾਨ ਹੋ ਰਿਹਾ ਹੈ ਕਿ ਪੂਰੇ ਵਿਸ਼ਵ ਦੇ ਘਰੇਲੂ ਉਤਪਾਦ ਦਾ ਕਰੀਬ ਇੱਕ ਪ੍ਰਤੀਸ਼ਤ ਹੈ। ਜੀ-8 ਦੇ ਮੈਂਬਰ ਅਮਰੀਕਾ, ਕੈਨੇਡਾ, ਬ੍ਰਿਟੇਨ, ਫਰਾਂਸ, ਜਰਮਨੀ, ਇਟਲੀ, ਰੂਸ ਅਤੇ ਜਾਪਾਨ ਦੇ ਆਉਣ ਨਾਲ ਉਮੀਦ ਤਾਂ ਜਾਗੀ ਹੈ ਪਰ ਅਜੇ ਤਾਂ ਇਹ ਬਿਮਾਰੀ ਪੂਰੀ ਦੁਨੀਆਂ ਦੇ ਰੋਗੀਆਂ ਦੇ ਨਾਲ ਨਾਲ ਉਨ੍ਹਾਂ ਦੇ ਪਰਿਵਾਰ ਨੂੰ ਬਹੁਤ ਮਹਿੰਗੀ ਪੈ ਰਹੀ ਹੈ।

– ਸਰਬਜੀਤ ਕੌਰ ਸਹੋਤਾ



# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

## ਮਹੱਤਵਪੂਰਣ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ



- ਨੌਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ 20.00
- ...ਤੇ ਦੇਵ ਪੁਰਸ਼ ਹਾਰ ਗਏ 50.00
- ਦੇਵ ਦੈਂਤ ਤੇ ਰੂਹਾਂ 50.00
- ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ 40.00
- ਔਰਤਾਂ ਅਤੇ ਮਾਨਸਿਕ ਰੋਗ 30.00



- ਮਨੁੱਖ ਦੀ ਉਤਪਤੀ 100.00
- ਜੀਵ ਜੰਤੂਆਂ ਦੀ ਅਦਭੁੱਤ ਦੁਨੀਆਂ 80.00
- ਨਸ਼ੇ ਕਿਵੇਂ ਛੱਡੀਏ 70.00
- ਕਸਰਾਂ ਕਿਉਂ ਹੁੰਦੀਆਂ ਹਨ 40.00
- ਮਨੋ ਵਿਸ਼ਲੇਸ਼ਣ 80.00

## ਬੱਚਿਆਂ ਦੇ ਮਾਹਿਰ ਡਾ. ਹਰਸ਼ਿੰਦਰ ਕੌਰ ਜੀ ਦੀਆਂ ਲਿਖਿਆਂ ਕਿਤਾਬਾਂ



- ਬੱਚਿਆਂ ਬਾਰੇ ਗਿਆਨ, ਵਿਗਿਆਨ ਤੇ ਮਨਸਵਿਗਿਆਨ 100.00
- ਬਾਲ ਮਨਾਂ ਵਿੱਚ ਝਾਤ 120.00
- ਸਾਡੇ ਬੱਚੇ ਸਾਡੇ ਚਿਰਾਗ਼ 60.00
- ਬੱਚਿਆਂ ਦੀਆਂ ਮਨੋਵਿਗਿਆਨਿਕ ਸਮੱਸਿਆਵਾਂ ਤੇ ਇਲਾਜ 100.00



- ਬੱਚਿਆਂ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ 120.00
- ਸ਼ੂਗਰ ਰੋਗ 20.00
- ਬਲੱਡ ਪ੍ਰੈਸ਼ਰ ਨੂੰ ਕਾਬੂ ਹੇਠ ਰੱਖੋ 20.00
- ਸ਼ੂਗਰ ਰੋਗ ਅਸਾਨ ਹੈ ਜ਼ਿੰਦਗੀ 80.00

## ਪ੍ਰਸਿੱਧ ਵਿਗਿਆਨੀ ਡਾ. ਜਤਿੰਦਰਪਾਲ ਸਿੰਘ ਜੀ ਦੀਆਂ ਲਿਖੀਆਂ ਕਿਤਾਬਾਂ



- ਮਨੁੱਖ ਮਹਾਂਬਲੀ ਕਿਵੇਂ ਬਣਿਆ 100.00
- ਪ੍ਰਸਿੱਧ ਵਿਗਿਆਨਕ ਖੋਜਾਂ 50.00
- ਮਹਾਨ ਵਿਗਿਆਨੀ 70.00
- ਵਿਗਿਆਨ ਦੀ ਅਦਭੁੱਤ ਦੁਨੀਆਂ 80.00
- ਮਨੁੱਖੀ ਹੋਂਦ ਲਈ ਖ਼ਤਰਾ ਪ੍ਰਦੂਸ਼ਣ 80.00



- ਵਿਗਿਆਨ ਦੇ ਚਮਤਕਾਰ 70.00
- ਸਾਡਾ ਦੋਸਤ ਵਿਗਿਆਨ 80.00
- ਫੈਲ ਰਹੀ ਮਹਾਂਮਾਰੀ ਏਡਜ਼ 40.00
- ਪੁਲਾੜ ਯਾਤਰਾ 90.00
- ਮਨੁੱਖੀ ਸਰੀਰ ਦੇ ਰਹੱਸ 80.00



- ਤੰਦਰੁਸਤ ਕਿਵੇਂ ਰਹੀਏ 40.00
- ਡਾਕਟਰ ਦੀ ਸਲਾਹ 40.00
- ਰਿਸ਼ਤਿਆਂ ਦਾ ਕਾਤਲ 40.00
- ਸ਼ਹੀਦਾਂ ਦੀ ਵਿਰਾਸਤ 60.00



- ਦਫ਼ਤਰੀ ਵਰਤੋਂ ਕੰਪਿਊਟਰ ਕਿਵੇਂ ਸਿੱਖੀਏ/ 120/-
- ਆਓ ਕੰਪਿਊਟਰ ਡਿਜ਼ਾਇਨਿੰਗ ਸਿੱਖੀਏ/80/-
- ਕੰਪਿਊਟਰ ਸੰਬੰਧੀ ਸਵਾਲ-ਜਵਾਬ/80/-



- ਸ਼ਹੀਦ ਭਗਤ ਸਿੰਘ 60.00
- ਸ਼ਹੀਦਾਂ ਦੇ ਅੰਗ ਸੰਗ 60.00
- ਅਮਰ ਸ਼ਹੀਦਾਂ ਦੀਆਂ ਯਾਦਾਂ 50.00
- ਸ਼ਹੀਦੇ ਆਜ਼ਮ ਦੀ ਜੇਲ੍ਹ ਡਾਇਰੀ 80.00
- ਇਨਕਲਾਬ 80.00
- ਪਾਸ਼ ਦੀ ਚੋਣਵੀਂ ਕਵਿਤਾ 50.00
- ਦਿਲ ਦੀ ਵਿਗੜ ਰਹੀ ਸਿਹਤ 60.00
- ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ 40.00

ਸਾਡੇ ਪ੍ਰਕਾਸ਼ਨ ਦਾ ਪੂਰਾ ਸੂਚੀ ਪੱਤਰ ਮੰਗਵਾਉਣ ਲਈ ਜਾਂ ਘਰ ਬੈਠੇ ਹੀ ਫ਼ੋਨ 'ਤੇ ਕੋਈ ਵੀ ਕਿਤਾਬ ਮੰਗਵਾਉਣ ਲਈ ਸੰਪਰਕ ਕਰੋ:

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ-148101, ਫੋਨ : 01679-241744, 233244 ਫੈਕਸ : 01679- 241744
**ਈਮੇਲ:** tarksheel@gmail.com, Website: www.thepunjabi.com


ਜਨਰਲ ਨਾਲਿਜ
60.00


ਪੰਜਾਬ ਵਸੀਕਾ ਨਵੀਸੀ
250.00


ਕਚਹਿਰੀ ਸ਼ਬਦ-ਕੋਸ਼
150.00


ਸੂਚਨਾ ਦਾ ਅਧਿਕਾਰ ਕਾਨੂੰਨ 2005
30.00


ਆਓ ਕੰਪਿਊਟਰ ਸਿੱਖੀਏ
50.00


ਹਿਪਨੋਟਿਜ਼ਮ ਤੁਹਾਡੇ ਲਈ
25.00


ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ
60.00


ਹਿਪਨੋਟਿਜ਼ਮ ਕਿਵੇਂ ਸਿੱਖੀਏ
40.00


ਜੀਵਨ ਦੀਆਂ ਗਣਿਤਕ ਉਲਝਣਾਂ
70.00


ਤਰਕਸ਼ੀਲ ਦਿਮਾਗੀ ਕਸਰਤਾਂ
40.00


ਦਿਮਾਗੀ ਵਿਕਾਸ ਕਿਵੇਂ ਕਰੀਏ
40.00


ਅੰਕਾਂ ਦਾ ਜਾਦੂ
40.00


ਵਿਗਿਆਨਕ ਜਾਦੂਗਰ
30.00


ਤਰਕਸ਼ੀਲ ਜਾਦੂਗਰ
40.00


ਸਟੇਜ ਦੇ ਜਾਦੂ
40.00


ਚਮਤਕਾਰਾਂ ਦੇ ਰਹੱਸ
150.00


ਵਸਤੂ ਸ਼ਾਸਤਰ ਕੋਰਾ ਝੂਠ
40.00


ਰਜਨੀਸ਼ ਬੇਨਕਾਬ
30.00


ਸ਼ੰਕਾ ਨਵਿਰਤੀ
50.00


ਕਣ ਕਣ ਵਿੱਚ ਵਿਗਿਆਨ
20.00

## ਨਵੀਆਂ ਪ੍ਰਕਾਸ਼ਿਤ ਕਿਤਾਬਾਂ


ਜੀਵਨੀ ਸ਼ਹੀਦ ਭਗਤ ਸਿੰਘ/ਪ੍ਰੋ. ਵੜੈਚ
80.00


ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ
80.00


ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ
80.00


ਜਿਓਤਿਸ਼ ਦਾ ਐਕਸਰੇ /ਸੁਰੀਜਤ ਦੌਧਰ
80.00



### ਭਾਰਤੀ ਸਾਹਿਤ ਦੇ ਨਿਰਮਾਤਾ ਹਰਿਸ਼ੰਕਰ ਪਰਸਾਈ ਦੇ ਪ੍ਰਸਿੱਧ ਵਿਅੰਗਆਤਮਕ ਲੇਖ

**ਸੰਪਾਦਕ ਤੇ ਅਨੁਵਾਦਕ: ਡਾ. ਕਰਾਂਤੀ ਪਾਲ, ਮੁੱਲ : 100/-**



### ਜ਼ਮੀਨ ਦੀ ਪੈਮਾਇਸ਼ ਅਤੇ ਫੁਟਕਲ ਜਾਣਕਾਰੀ



**ਆਰ. ਕੇ. ਭਾਰਦਵਾਜ਼, ਮੁੱਲ : 150/-**

ਇਹ ਪੁਸਤਕ ਤੁਹਾਨੂੰ ਜ਼ਮੀਨ ਦੀ ਪੈਮਾਇਸ਼, ਮਾਪ ਦੀਆਂ ਇਕਾਈਆਂ, ਜ਼ਮੀਨ ਦੀ ਪੈਮਾਇਸ਼ ਦੇ ਸੰਦ ਅਤੇ ਉਨ੍ਹਾਂ ਦੀ ਵਰਤੋਂ ਜ਼ਮੀਨ, ਜਗ੍ਹਾ ਦਾ ਹਿੱਸਾ ਅਤੇ ਖੇਤਰਫ਼ਲ ਕੱਢਣਾ, ਜਮ੍ਹਾਂਬੰਦੀ, ਗਿਰਦਾਵਰੀ, ਇੰਤਕਾਲ ਤੋਂ ਇਲਾਵਾ ਰਿਕਾਰਡ, ਦਰਖਾਸਤਾਂ ਸਮੇਤ ਹੋਰ ਫੁਟਕਲ ਜਾਣਕਾਰੀ ਮੁਹੱਈਆ ਕਰਾਉਂਦੀ ਹੈ।

### ਪ੍ਰਸਿੱਧ ਕੁਟੇਸ਼ਨਾਂ



**ਸੰਗ੍ਰਹਿ ਕਰਤਾ - ਸਰਦਾਰਾ ਸਿੰਘ ਗਿੱਲ ਕੱਟੂ, ਮੁੱਲ : 120/-**

ਮਹਾਨ ਲੋਕਾਂ ਦੇ ਮਹਾਨ ਵਿਚਾਰ ਪੜ੍ਹਕੇ ਹੀ ਹਰ ਵਿਅਕਤੀ ਜ਼ਿੰਦਗੀ ਵਿੱਚ ਨਵੀਂ ਸੇਧ ਲੈ ਸਕਦਾ ਹੈ। ਵੱਡ ਆਕਾਰੀ ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਉਤੇ ਲੱਗਭੱਗ ਸੰਸਾਰ ਪ੍ਰਸਿੱਧ 2500 ਵਿਦਵਾਨਾਂ ਦੇ ਵਿਚਾਰ ਦਰਜ ਹਨ।

### ਆਮ ਰੋਗਾਂ ਦਾ ਸਸਤਾ ਘਰੇਲੂ ਇਲਾਜ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ - 80/-**

ਰੋਗ ਅਤੇ ਸਰੀਰ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਉਪਰੋਕਤ ਪੁਸਤਕ ਵਿੱਚ ਅਸੀਂ ਉਹ ਨੁਸਖ਼ੇ ਦਰਜ਼ ਕੀਤੇ ਹਨ ਜਿਨ੍ਹਾਂ ਲਈ ਲੋੜੀਂਦੀ ਸਮੱਗਰੀ ਸਾਨੂੰ ਸਸਤੀ ਅਤੇ ਸੌਖ ਨਾਲ ਮਿਲ ਸਕਦੀ ਹੈ। ਇਸ ਪੁਸਤਕ ਰਾਹੀਂ ਤੁਸੀਂ ਫ਼ਲ, ਸਬਜ਼ੀਆਂ, ਦਾਲਾਂ, ਮਸਾਲਿਆਂ ਅਤੇ ਜੜ੍ਹੀ-ਬੂਟੀਆਂ ਨਾਲ ਬਿਮਾਰੀਆਂ ਦੇ ਸਫ਼ਲ ਇਲਾਜ ਕਰਨ ਦੇ ਢੰਗ ਤਰੀਕੇ ਲੱਭ ਸਕਦੇ ਹੋ।

### ਜ਼ਾਇਕੇਦਾਰ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ : 80/-**

ਭੋਜਨ ਬਣਾਉਣਾ ਇੱਕ ਕਲਾ ਹੈ। ਇਸ ਪੁਸਤਕ ਰਾਹੀਂ ਤੁਸੀਂ 170 ਤਰ੍ਹਾਂ ਦੀਆਂ ਮਿਠਾਈਆਂ, ਸਬਜ਼ੀਆਂ ਅਤੇ ਹੋਰ ਸਵਾਦਿਸ਼ਟ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ ਸਿੱਖ ਸਕਦੇ ਹੋ। ਮਾਈਕ੍ਰੋਵੇਵ ਦੀ ਵਰਤੋਂ ਕਿਵੇਂ, ਖਾਣ-ਪੀਣ ਦੀਆਂ ਚੀਜ਼ਾਂ ਦੀ ਸੰਭਾਲ ਦੇ ਢੰਗ-ਤਰੀਕੇ ਵੀ ਤੁਸੀਂ ਇਸ ਕਿਤਾਬ ਵਿੱਚੋਂ ਪੜ੍ਹਕੇ ਅਪਣਾ ਸਕਦੇ ਹੋ।

### ਭਵਨ ਨਿਰਮਾਣ ਕਿਵੇਂ ਕਰੀਏ ?



**ਇੰਜ. ਰਾਜ ਕੁਮਾਰ ਅਗ-ਰਵਾਲ, ਮੁੱਲ : 120/-**

ਸੁੰਦਰ, ਮਜ਼ਬੂਤ ਅਤੇ ਭੁਚਾਲ ਨਿਰੋਧਕ ਘਰ ਕਿਵੇਂ ਤਿਆਰ ਕਰੀਏ, ਘਰ 'ਤੇ ਆਉਣ ਵਾਲੇ ਖਰਚ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ, ਘਰ ਨੂੰ ਸ਼ੋਰੇ ਤੋਂ ਕਿਵੇਂ ਬਚਾਈਏ, ਸਰੀਆ ਕਿਹੋ ਜਿਹਾ ਵਰਤੀਏ, ਸੀਮਿੰਟ ਕਿਵੇਂ ਦਾ ਹੋਵੇ ਅਤੇ ਲੱਕੜ ਦੀ ਚੋਣ ਕਿਵੇਂ ਕਰੀਏ ਆਦਿ ਜਾਣਕਾ-ਰੀਆਂ ਨਾਲ ਭਰਪੂਰ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ। ਆਈ. ਟੀ. ਆਈਆਂ ਵਿੱਚ ਪੜ੍ਹਦੇ ਵਿਦਿਆਰਥ ਜਾਂ ਜੋ ਕੋਈ ਹੋਰ ਵੀ ਵਿਅਕਤੀ ਨਵਾਂ ਘਰ ਬਣਾਉਣਾ ਚਾਹੁੰਦਾ ਹੈ ਉਹ ਇਸ ਕਿਤਾਬ ਤੋਂ ਫਾਇਦਾ ਉਠਾ ਸਕਦਾ ਹੈ।

# ਜ਼ਹਿਰੀਲੀਆਂ ਗੈਸਾਂ ਨਾਲ ਭਰਿਆ ਹੋਇਆ ਵਿਸ਼ਵ ਕੱਪ

ਬ੍ਰਾਜ਼ੀਲ ਇੱਕ ਵਿਸ਼ਾਲ ਦੇਸ਼ ਹੈ ਅਤੇ ਵਿਸ਼ਵ ਕੱਪ ਦੇ ਮੈਚ ਅਲੱਗ ਅਲੱਗ ਸ਼ਹਿਰਾਂ ਵਿੱਚ ਰੱਖੇ ਗਏ ਹਨ। ਦੇਸ਼ ਵਿਚ ਰੇਲ ਆਵਾਜਾਈ ਬਹੁਤੀ ਵਧੀਆ ਨਹੀਂ ਹੈ ਅਤੇ ਖਿਡਾਰੀਆਂ, ਟੀਮਾਂ ਅਤੇ ਪ੍ਰਸ਼ੰਸਕਾਂ ਨੂੰ ਹਵਾਈ ਯਾਤਰਾ ਦਾ ਸਹਾਰਾ ਲੈਣਾ ਹੋਵੇਗਾ। ਅੰਤਰਰਾਸ਼ਟਰੀ ਫੁੱਟਬਾਲ ਸੰਸਥਾ ਫੀਫਾ ਦਾ ਕਹਿਣਾ ਹੈ ਕਿ ਵਿਸ਼ਵ ਕੱਪ ਦੇ ਦੌਰਾਨ ਵਾਯੂ ਆਵਾਜਾਈ ਨਾਲ 27.2 ਲੱਖ ਮੀਟਰ ਟਨ ਕਾਰਬਨ ਡਾਇਆਕਸਾਈਡ ਨਿਕਲੇਗੀ, ਜੋ ਜ਼ਹਿਰੀਲੀ ਗੈਸ ਹੁੰਦੀ ਹੈ। ਅਮਰੀਕੀ ਵਾਤਾਵਰਣ ਸੁਰੱਖਿਆ ਏਜੰਸੀ ਦੇ ਮੁਤਾਬਿਕ ਇਸਦਾ ਮਤਲਬ ਇਹ ਹੋਵੇਗਾ ਕਿ ਇੱਕ ਮਹੀਨੇ ਦੇ ਵਿਸ਼ਵ ਕੱਪ ਵਿੱਚ ਐਨੀਆਂ ਜ਼ਹਿਰੀਲੀਆਂ ਗੈਸਾਂ ਨਿਕਲਣਗੀਆਂ, ਜਿੰਨੀਆਂ ਹਰ ਸਾਲ 5,60,000 ਕਾਰਾਂ ਤੋਂ ਨਿਕਲਦੀਆਂ ਹਨ। ਫੀਫਾ ਇਸਦੇ ਇੱਕ ਹਿੱਸੇ ਦੀ ਭਰਪਾਈ ਕਰੇਗਾ। ਯਾਨੀ ਉਹ ਦਰੱਖਤ ਲਗਾਏਗਾ, ਜਿਸ ਨਾਲ ਕਾਰਬਨ ਡਾਇਆਕਸਾਈਡ ਦੀ ਮਾਤਰਾ ਘੱਟ ਹੋਵੇ। ਫੀਫਾ ਦੇ ਕਾਰਪੋਰੇਸ ਸਮਾਜਿਕ ਜ਼ਿੰਮੇਦਾਰੀ ਵਿਭਾਗ ਦੇ ਰਾਸ਼ਟਰਪਤੀ ਫੇਡੇਰਿਕੋ ਅਡੀਸ਼ੀ ਦਾ ਕਹਿਣਾ ਹੈ ਕਿ ਉਹ ਇਸ ਕੰਮ ਵਿੱਚ ਲੱਖਾਂ ਡਾਲਰ ਖਰਚ ਕਰਨ ਵਾਲੇ ਹਨ।







**ਲੰਬਾ ਚੌੜਾ ਮੁਕਾਬਲਾ :** ਦੁਨੀਆ ਦੇ ਪੰਜਵੇਂ ਸਭ ਤੋਂ ਵੱਡੇ ਦੇਸ਼ ਵਿੱਚ 12 ਸ਼ਹਿਰਾਂ ਵਿੱਚ ਵਿਸ਼ਵ ਕੱਪ ਦੇ 64 ਮੁਕਾਬਲੇ ਹੋਣੇ ਹਨ। ਕਈ ਸਟੇਡੀਆਮਾਂ ਦੀ ਦੂਰੀ ਹਜ਼ਾਰਾਂ ਕਿਲੋਮੀਟਰ ਵਿੱਚ ਹੈ, ਖਿਡਾਰੀਆਂ ਅਤੇ ਟੀਮਾਂ ਦੇ ਇਲਾਵਾ ਖੇਡ ਪ੍ਰੇਮੀਆਂ ਦੇ ਲਈ ਵੀ ਸਿਰਫ਼ ਹਵਾਈ ਰਸਤਾ ਹੀ ਬਚਦਾ ਹੈ। ਅਡੀਸ਼ੀ ਨੇ ਦੱਸਿਆ ਕਿ ਕਰੀਬ 90 ਫੀਸਦੀ ਕਾਰਬਨ ਡਾਇਆਕਸਾਈਡ ਦੇ ਲਈ ਖੇਡ ਪ੍ਰੇਮੀ ਜ਼ਿੰਮੇਵਾਰ ਹੋਣਗੇ। ਮੈਚਾਂ ਕਰਕੇ ਕਰੀਬ ਢਾਈ ਲੱਖ ਟਨ ਕਾਰਬਨ ਡਾਇਅਕਸਾਈਡ ਸਿੱਧੇ ਫੀਫਾ ਦੀਆਂ ਗਤੀਵਿਧੀਆਂ ਨਾਲ ਨਿਕਲੇਗੀ। ਇਨ੍ਹਾਂ ਵਿੱਚ ਟੀਮਾਂ ਦੀ ਯਾਤਰਾ, ਰੈਫਰੀ, ਫੀਫਾ ਅਧਿਕਾਰੀਆਂ, ਹੋਟਲਾਂ ਅਤੇ ਸਟੇਡੀਆਮਾਂ ਨਾਲ ਨਿਕਲਣ ਵਾਲੀਆਂ ਜਹਿਰਲੀਆਂ ਗੈਸਾਂ ਹੋਣਗੀਆਂ। ਅਡੀਸ਼ੀ ਨੇ ਕਿਹਾ, "ਇਸ ਨਿਕਾਸ ਦੀ ਤਾਂ ਅਸੀਂ 100 ਫੀਸਦੀ ਭਰਪਾਈ ਕਰ ਦੇਵਾਂਗੇ।" ਇਹ ਕੰਮ ਬ੍ਰਾਜੀਲ ਵਿੱਚ ਜੰਗਲ ਲਗਾਉਣ ਦੇ ਲਈ ਆਰਥਿਕ ਮਦਦ, ਹਵਾ ਊਰਜਾ, ਪਣ ਬਿਜਲੀ ਕਾਰਖਾਨੇ ਅਤੇ ਦੂਸਰੇ ਪ੍ਰੋਜੈਕਟ ਹਨ। ਇਨ੍ਹਾਂ ਦਾ ਐਲਾਨ ਅਗਲੇ ਸਾਲ ਕੀਤਾ ਜਾਵੇਗਾ। ਅਡੀਸ਼ੀ ਕਹਿੰਦੇ ਹਨ ਕਿ ਫੀਫਾ ਇਸਦੇ ਲਈ ਕਰੀਬ 25 ਲੱਖ ਡਾਲਰ ਖਰਚ ਕਰੇਗਾ। ਸਮਝਿਆ ਜਾਂਦਾ ਹੈ ਕਿ ਵਿਸ਼ਵ ਕੱਪ ਵਿੱਚ ਅਰਬਾਂ ਡਾਲਰ ਦਾ ਮੁਨਾਫ਼ਾ ਹੋਵੇਗਾ ਅਤੇ ਇਹ ਰਾਸ਼ੀ ਉਸਦੀ ਤੁਲਨਾ ਵਿੱਚ ਕੁਝ ਵੀ ਨਹੀਂ ਹੈ।

**ਉਦਯੋਗਾਂ ਨਾਲੋਂ ਘੱਟ :** ਜਦੋਂਕਿ ਅਡੀਸ਼ੀ ਇਸਦਾ ਬਚਾਅ ਕਰਦੇ ਹਨ, "ਜੇਕਰ ਇਸਦੀ ਤੁਲਨਾ ਤੁਸੀਂ ਦੂਸਰੇ ਉਦਯੋਗਾਂ ਨਾਲ ਕਰੋਗੇ, ਤਾਂ ਇਹ ਕੁਝ ਵੀ ਨਹੀਂ ਹੈ।" ਫੋਰਡ ਮੋਟਰ ਕੰਪਨੀ ਦਾ ਅੰਦਾਜ਼ਾ ਹੈ ਕਿ ਦੁਨੀਆਂ ਭਰ ਵਿੱਚ ਉਨ੍ਹਾਂ ਦੀਆਂ ਕੰਪਨੀਆਂ ਨੇ 2012 ਵਿੱਚ 51 ਲੱਖ ਟਨ ਕਾਰਬਨ ਡਾਇਅਕਸਾਈਡ ਕੱਢੀ। ਅਨੁਮਾਨ ਦੇ ਮੁਤਾਬਿਕ ਔਸਤ ਅਮਰੀਕੀ ਘਰ ਤੋਂ ਹਰ ਸਾਲ 20 ਟਨ ਕਾਰਬਨ ਡਾਇਆਕਸਾਈਡ ਨਿਕਲਦੀ ਹੈ ਅਤੇ ਕੋਲੇ ਨਾਲ ਚੱਲਣ ਵਾਲੇ ਅਮਰੀਕੀ ਉਦਯੋਗਾਂ ਨਾਲ ਹਰ ਸਾਲ ਕਰੀਬ 35 ਲੱਖ ਟਨ ਕਾਰਬਨ ਡਾਇਅਕਸਾਈਡ।

ਫੀਫਾ ਦੀ ਦਲੀਲ ਹੈ ਕਿ 2010 ਦੇ ਦੱਖਣੀ ਅਫਰੀਕੀ ਵਿਸ਼ਵ ਕੱਪ ਦੇ ਦੌਰਾਨ ਵੀ ਕਾਫੀ ਨਿਕਾਸ ਹੋਇਆ ਹੈ ਅਤੇ 2018 ਦ ਰੂਸ ਵਿਸ਼ਵ ਕੱਪ ਵਿੱਚ ਵੀ ਕਾਫੀ ਹੋਵੇਗਾ। ਅਡੀਸ਼ੀ ਕਹਿੰਦੇ ਹਨ, "ਸਾਨੂੰ ਫੁੱਟਬਾਲ ਦਾ ਵਿਕਾਸ ਕਰਨਾ ਹੈ। ਇਸਦਾ ਮਤਲਬ ਲੋਕਾਂ ਨੂੰ ਦੁਨੀਆਂ ਭਰ ਵਿੱਚ ਆਉਣਾ ਜਾਣਾ ਹੋਵੇਗਾ। ਨਹੀਂ ਤਾਂ ਸਾਨੂੰ ਆਪਣਾ ਕੰਮ ਰੋਕ ਦੇਣਾ ਪਵੇਗਾ। ਪਰ ਮੈਂ ਇਹੀ ਸਮਝਦਾ ਹਾਂ ਕਿ ਇਹ ਸਭ ਦੇ ਹਿੱਤ ਲਈ ਹੈ।" ਉਹ ਕਹਿੰਦੇ ਹਨ ਕਿ ਕਈ ਵਾਰ ਇਹ ਸਵਾਲ ਉਠਦਾ ਹੈ ਕਿ ਕੀ "ਸਾਨੂੰ ਸੱਚ ਵਿੱਚ ਵਿਸ਼ਾਲ ਟੈਂਟ ਦੀ ਜ਼ਰੂਰਤ ਹੈ", ਪਰ ਉਨ੍ਹਾਂ ਦੇ ਮੁਤਾਬਿਕ, ਕਦੇ ਕਦੇ ਇਹ ਵੀ ਉਨਾਂ ਹੀ ਜ਼ਰੂਰੀ ਹੋ ਜਾਂਦਾ ਹੈ, ਜਿਨ੍ਹਾਂ ਵਾਤਾਵਰਣ ਬਚਾਅ।

## ਮੰਗਲ 'ਤੇ ਵਸਣ ਦੀ ਇੱਛਾ ਰੱਖਦੇ ਹਨ 20,000 ਭਾਰਤੀ

ਮੰਗਲ 'ਤੇ ਜਾਣ ਦੇ ਲਈ ਉਤਸੁਕ ਲੋਕਾਂ ਵਿੱਚ ਭਾਰਤੀ ਦੂਸਰੇ ਨੰਬਰ 'ਤੇ ਹਨ। ਚਾਹੇ ਮੰਗਲ 'ਤੇ ਜਾਣ ਦਾ ਮਤਲਬ ਕਦੇ ਵਾਪਸ ਨਾ ਆ ਸਕਣਾ ਹੈ ਪਰ ਫਿਰ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਭਾਰਤੀ ਇਸਦੇ ਲਈ ਤਿਆਰ ਹਨ। ਮੰਗਲ ਦੇ ਲਈ 2023 ਵਿੱਚ ਭੇਜੇ ਜਾਣ ਵਾਲੇ ਵਨ ਵੇ ਪ੍ਰਾਈਵੇਟ ਮਿਸ਼ਨ ਦਾ ਹਿਸਾ ਬਣਨ ਦੇ ਲਈ 2 ਲੱਖ ਤੋਂ ਜ਼ਿਆਦਾ ਲੋਕਾਂ ਨੇ ਅਪਲਾਈ ਕੀਤਾ ਹੈ, ਜਿਨ੍ਹਾਂ ਵਿੱਚ 20,000 ਤਾਂ ਭਾਰਤੀ ਹੀ ਹਨ। ਮਾਰਸ ਦੇ ਲਈ ਇਹ ਵਨ ਵੇ ਮਿਸ਼ਨ ਹੋਵੇਗਾ ਯਾਨੀ ਇਸ ਵਿੱਚ ਵਾਪਸ ਆਉਣ ਦੀ ਗੁਜਾਇਸ਼ ਨਹੀਂ ਹੋਵੇਗੀ ਅਤੇ ਇਸਦੇ ਲਈ ਚਾਰ ਮਹਿਲਾ-ਪੁਰਸ਼ਾਂ ਨੂੰ ਚੁਣਕੇ ਹਮੇਸ਼ਾ ਦੇ ਲਈ ਮਾਰਸ 'ਤੇ ਰਹਿਣ ਦੇ ਲਈ ਭੇਜਿਆ ਜਾਵੇਗਾ। ਇਸ ਮਿਸ਼ਨ ਦੇ ਲਈ ਅਪਲਾਈ ਕਰਨ ਦੇ ਲਈ ਪੰਜ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਦੁਨੀਆ ਭਰ ਤੋਂ 2 ਲੱਖ 2 ਹਜ਼ਾਰ 586 ਬਿਨੈ-ਪੱਤਰ ਆਏ ਸੀ ਜਿਨ੍ਹਾਂ ਵਿੱਚ 10% ਭਾਰਤੀਆਂ ਦੇ ਸੀ। ਮਾਰਸ ਵਨ ਨਾਮ ਦੇ ਇਸ ਮਿਸ਼ਨ ਦੀ ਫਾਉਂਡੇਸ਼ਨ ਦਾ ਕਹਿਣਾ ਹੈ ਕਿ 2018 ਵਿੱਚ ਇੱਕ ਮਾਨਵ ਰਹਿਤ ਮਿਸ਼ਨ ਵੀ ਮੰਗਲ 'ਤੇ ਭੇਜਿਆ ਜਾਣਾ ਹੈ ਜਿਸ ਦੇ ਲਈ ਲੀਡ ਸਪਲਾਇਰ ਜੁਟਾ ਲਏ ਗਏ ਹਨ। ਇਸ ਮਿਸ਼ਨ ਵਿੱਚ ਇੱਕ ਰੋਬਾਟਿਕ ਲੈਂਡਰ ਅਤੇ ਇੱਕ ਕਮਿਊਨੇਸ਼ਨ ਉਪਗ੍ਰਹਿ ਭੇਜਿਆ ਜਾਣਾ ਹੈ। ਇਸ ਡਚ ਕੰਪਨੀ ਦੇ ਮੁਤਾਬਿਕ, ਮਾਰਸ ਵਨ ਐਸਟ੍ਰੋਨਾਟ ਸਿਲੇਕਸ਼ਨ ਪ੍ਰੋਗਰਾਮ ਦਾ ਪਹਿਲਾ ਰਾਊਂਡ ਐਪਲੀਕੇਸ਼ਨ ਦੇ ਲਈ ਬੰਦ ਕਰ ਦਿੱਤਾ ਗਿਆ ਹੈ। ਇਸਦੇ ਲਈ 140 ਦੇਸ਼ਾਂ ਤੋਂ ਲੋਕਾਂ ਨੇ ਬਿਨੈ ਪੱਤਰ ਭੇਜੇ ਹਨ। ਸਭ ਤੋਂ ਜ਼ਿਆਦਾ 24% ਬਿਨੈ ਪੱਤਰ ਅਮਰੀਕਾ ਤੋਂ ਆਏ ਹਨ। ਦੂਸਰੇ ਨੰਬਰ 'ਤੇ ਭਾਰਤ ਅਤੇ ਤੀਸਰੇ ਨੰਬਰ 'ਤੇ ਚੀਨ (6%) ਰਿਹਾ। ਹੁਣ ਸਭ ਬਿਨੈ-ਪੱਤਰਾਂ ਵਿੱਚ ਮਾਰਸ ਵਨ ਸਿਲੈਕਸ਼ਨ ਕਮੇਟੀ ਦੋ ਸਾਲ ਤੱਕ ਚੱਲਣ ਵਾਲੇ ਤੀਸਰੇ ਰਾਊਂਡ ਵਿੱਚ ਮਾਰਸ ਵਾਸੀਆਂ ਨੂੰ ਚੁਣੇਗੀ।

**– ਸਿੰਦਰਪਾਲ ਕੌਰ ਸੋਹੀ**

# ਇੰਟਰਨੈਟ ਦੇ ਸਹਾਰੇ ਵੱਧਦਾ ਬੱਚਿਆਂ ਦਾ ਸੋਸ਼ਲ




ਐਂਟੀਵਾਇਰਸ ਬਣਾਉਣ ਵਾਲੀਆਂ ਕੰਪਨੀਆਂ ਮੈਕਐਫੀ ਦੁਆਰਾ ਕਰਾਏ ਗਏ ਇਸ ਨਿਰੀਖਣ ਵਿੱਚ ਮਾਤਾ-ਪਿਤਾ ਨੂੰ ਕਿਹਾ ਗਿਆ ਹੈ ਕਿ ਜੇਕਰ ਉਨ੍ਹਾਂ ਦਾ ਬੱਚਾ ਇੰਟਰਨੈਟ 'ਤੇ ਜ਼ਿਆਦਾ ਸਮਾਂ ਗੁਜਾਰਦਾ ਹੈ ਤਾਂ ਉਨ੍ਹਾਂ ਨੂੰ ਸਾਵਧਾਨ ਹੋ ਜਾਣਾ ਚਾਹੀਦਾ ਹੈ। ਕੋਲਕਾਤਾ, ਦਿੱਲੀ, ਮੁੰਬਈ, ਚੇਨਈ, ਬੈਂਗਲੋਰ, ਹੈਦਰਾਬਾਦ ਅਤੇ ਅਹਿਮਦਾਬਾਦ ਵਿੱਚ ਅੱਠ ਤੋਂ ਬਾਰਾਂ ਸਾਲ ਦੀ ਉਮਰ ਦੇ ਬੱਚਿਆਂ ਦੇ ਵਿੱਚ ਕੀਤੇ ਗਏ ਇਸ ਨਿਰੀਖਣ ਦੇ ਆਧਾਰ 'ਤੇ ਜਾਰੀ ਮੈਕਐਫੀਜ ਟ੍ਰਬੀਨ ਐਂਡ ਟੈਕਨੋਲੋਜੀ ਰਿਪੋਰਟ 2013 ਵਿੱਚ ਕਿਹਾ ਗਿਆ ਹੈ ਕਿ ਇੰਟਰਨੈਟ 'ਤੇ ਛੋਟੇ ਬੱਚਿਆਂ ਦੇ ਸ਼ਿਕਾਰੀ ਖੁੱਲ੍ਹੇਆਮ ਘੁੰਮ ਰਹੇ ਹਨ। ਉਹ ਲੋਕ ਅਜਿਹੇ ਬੱਚਿਆਂ ਨੂੰ ਬਹਿਲਾ-ਫੁਸਲਾ ਕੇ ਉਨ੍ਹਾਂ ਤੋਂ ਆਪਣਾ ਮਤਲਬ ਕੱਢਦੇ ਹਨ। ਇੰਟਰਨੈਟ 'ਤੇ ਦੋਸਤੀ ਵਧਾਉਣ ਦੇ ਬਾਅਦ ਉਨ੍ਹਾਂ ਦਾ ਯੌਨ ਸ਼ੋਸ਼ਣ ਕੀਤਾ ਜਾਂਦਾ ਹੈ ਅਤੇ ਕਈ ਮਾਮਲਿਆਂ ਵਿੱਚ ਇਸ ਦੇ ਜ਼ਰੀਏ ਅਗਵਾ ਵੀ ਕਰ ਲਿਆ ਜਾਂਦਾ ਹੈ। ਬੱਚਿਆਂ ਨੂੰ ਬਹਿਲਾ ਕੇ ਵੈਬ ਕੈਮਰੇ ਦੇ ਸਹਾਰੇ ਲਈਆਂ ਗਈਆਂ ਨੰਗੀਆਂ ਤਸਵੀਰਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਬਲੈਕਮੇਲ ਕਰਕੇ ਪੈਸੇ ਵਸੂਲਣ ਦੇ ਤਾਂ ਕਈ ਮਾਮਲੇ ਸਾਹਮਣੇ ਆ ਰਹੇ ਹਨ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇੰਟਰਨੈਟ ਦੇ ਵੱਧਦੇ ਖ਼ਤਰਿਆਂ ਦੇ ਪ੍ਰਤੀ ਕੋਲਕਾਤਾ ਦੇ ਲੋਕਾਂ ਵਿੱਚ ਜਾਗਰੂਕਤਾ ਸਭ ਤੋਂ ਘੱਟ ਹੈ। ਸੋਸ਼ਲ ਨੈਟਵਰਕਿੰਗ ਸਾਇਟ ਫੇਸਬੁਕ 'ਤੇ ਖਾਤਾ ਖੋਲਣ ਦੀ ਘੱਟ ਤੋਂ ਘੱਟ ਉਮਰ 13 ਸਾਲ ਹੈ ਪਰ 70 ਪ੍ਰਤੀਸ਼ਤ ਬੱਚੇ ਆਪਣੀ ਉਮਰ ਵਧਾ ਕੇ ਇਸਦੇ ਮੈਂਬਰ ਬਣ ਚੁੱਕੇ ਹਨ। ਮਹਾਨਗਰ ਦੇ ਇਸ ਉਮਰ ਵਰਗ ਦੇ 92 ਪ੍ਰਤੀਸ਼ਤ ਕਿਸ਼ੋਰ ਫੇਸਬੁਕ 'ਤੇ ਆਪਣੀਆਂ ਤਸਵੀਰਾਂ ਸ਼ੇਅਰ ਕਰਦੇ ਹਨ ਜਦੋਂਕਿ ਇਸ ਮਾਮਲੇ ਵਿੱਚ ਰਾਸ਼ਟਰੀ ਔਸਤ 88 ਪ੍ਰਤੀਸ਼ਤ ਹੈ। ਇਸ ਤਰ੍ਹਾਂ 25 ਪ੍ਰਤੀਸ਼ਤ ਬੱਚਿਆਂ ਨੇ ਅਜਨਬੀਆਂ ਨਾਲ ਦੋਸਤੀ ਕਰ ਰੱਖੀ ਹੈ। ਮਾਮਲਾ ਇਹ ਹੈ ਕਿ 70 ਪ੍ਰਤੀਸ਼ਤ ਬੱਚਿਆਂ ਨੇ ਕਿਹਾ ਕਿ ਉਨ੍ਹਾਂ ਦੇ ਮਾਤਾ-ਪਿਤਾ ਨੇ ਹੀ ਫੇਸਬੁਕ 'ਤੇ ਉਨ੍ਹਾਂ ਦਾ ਖਾਤਾ ਖੋਲ੍ਹਿਆ ਹੈ।

**ਵਿਗਿਆਨੀਆਂ ਦੀ ਸਲਾਹ** : ਇਸ ਉਮਰ ਵਰਗ ਦੇ ਬੱਚਿਆਂ ਵਿੱਚ ਫੇਸਬੁਕ ਸਭ ਤੋਂ ਲੋਕਪ੍ਰਿਯ ਹੈ। ਪਰ ਹੁਣ ਸਕਾਇਪ ਅਤੇ ਟਵਿੱਟਰ ਅਜਿਹੀਆਂ ਸਾਈਟਾਂ ਦੀ ਲੋਕਪ੍ਰਿਯਤਾ ਵੀ ਤੇਜ਼ੀ ਨਾਲ ਵੱਧ ਰਹੀ ਹੈ। ਬਾਲ ਮਨੋਵਿਗਿਆਨਕ ਸੋਮੇਨ ਮਹਾਪਾਤਰ ਕਹਿੰਦੇ ਹਨ, "ਮਾਤਾ-ਪਿਤਾ ਦੀ ਦਿੱਕਤ ਇਹ ਹੈ ਕਿ ਹੁਣ ਬੱਚਿਆਂ ਦੇ ਕੋਲ ਸਮਾਰਟ ਫੋਨ ਤੋਂ ਲੈ ਕੇ ਆਈਪੈਡ ਤੱਕ ਹੈ ਜਿਨ੍ਹਾਂ ਤੋਂ ਸ਼ੋਸ਼ਲ ਨੈਟਵਕਿੰਗ ਸਾਈਟਾਂ 'ਤੇ ਲਾਗਿਨ ਕੀਤਾ ਜਾ ਸਕਦਾ ਹੈ। ਬੱਚੇ ਇਨ੍ਹਾਂ ਉਪਕਰਨਾਂ ਦੀ ਸਹਾਇਤਾ ਨਾਲ ਚੌਬੀ ਘੰਟੇ ਇੰਟਰਨੈਟ ਨਾਲ ਜੁੜੇ ਰਹਿੰਦੇ ਹਨ।" ਮਾਨਸਿਕ ਰੋਗ ਵਿਗਿਆਨੀ ਮੀਰਾ ਸੇਨਗੁਪਤਾ ਕਹਿੰਦੀ ਹੈ, "ਬੱਚਿਆਂ ਦੇ ਵਿਅਕਤੀਤਵ 'ਤੇ ਆਨਲਾਈਨ ਦੁਨੀਆ ਦਾ ਅਸਰ ਤੇਜ਼ੀ ਨਾਲ ਵੱਧ ਰਿਹਾ ਹੈ ਪਰ ਇਸ ਅਸਰ ਨੂੰ ਸੁੱਰਖਿਅਤ ਬਣਾਉਣ ਵਿੱਚ ਮਾਂ-ਬਾਪ ਦੀ ਅਹਿਮ ਭੂਮਿਕਾ ਹੈ।" ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਾਂ ਬਾਪ ਅਤੇ ਬੱਚਿਆਂ ਦੇ ਵਿੱਚ ਲਗਾਤਾਰ ਆਪਸੀ ਬੋਲ ਚਾਲ ਬਰਕਰਾਰ ਰੱਖਣੀ ਜ਼ਰੂਰੀ ਹੈ। ਪਰ ਮਹਾਨਗਰਾਂ ਵਿੱਚ ਮਾਂ ਬਾਪ ਦੋਵੇ ਹੀ ਕੰਮਕਾਜੀ ਹੋਣ ਦੀ ਵਜ੍ਹਾ ਕਾਰਨ ਬੱਚਿਆਂ 'ਤੇ ਜ਼ਿਆਦਾ ਧਿਆਨ ਨਹੀਂ ਦੇ ਪਾਉਂਦੇ। ਅਜਿਹੇ ਵਿੱਚ ਮਿੱਤਰਾਂ ਜਾਂ ਕਿਸੇ ਜਾਣੂ ਦੇ ਕਹਿਣ 'ਤੇ ਬੱਚਿਆਂ ਨੂੰ ਬਹੁਤ ਘੱਟ ਉਮਰ ਵਿੱਚ ਹੀ ਇੰਟਰਨੈਟ ਉਤੇ ਪ੍ਰਾਪਤ ਜਾਣਕਾਰੀ ਦੀ ਆਦਤ ਲੱਗ ਜਾਂਦੀ ਹੈ। ਉਥੇ ਉਹ ਸ਼ਿਕਾਰੀਆਂ ਦੇ ਜਾਲ ਵਿੱਚ ਫਸ ਜਾਂਦੇ ਹਨ। ਰਿਪੋਰਟ ਦੇ ਮੁਤਾਬਿਕ ਮਹਾਂਨਗਰ ਦੇ ਬੱਚੇ ਤਿੰਨ ਤੋਂ ਚਾਰ ਅਜਿਹੇ ਉਪਕਰਣ ਰੱਖਦੇ ਹਨ ਜਿਨ੍ਹਾਂ ਦੇ ਜ਼ਰੀਏ ਇੰਟਰਨੈਟ ਨਾਲ ਜੁੜਿਆ ਜਾ ਸਕਦਾ ਹੈ। ਕੰਪਿਊਟਰ ਜਾਂ ਲੈਪਟਾਪ ਇਨ੍ਹਾਂ ਬੱਚਿਆਂ ਦੀ ਪਹਿਲੀ ਪਸੰਦ ਹੈ। ਉਥੇ ਉਨ੍ਹਾਂ 'ਤੇ ਨਜ਼ਰ ਰੱਖਣਾ ਆਸਾਨ ਹੈ। ਪਰ ਹੁਣ ਮੋਬਾਇਲ ਫੋਨ, ਸਮਾਰਟਫੋਨ, ਟੈਬਲੇਟ ਅਤੇ ਆਈਪੈਡ ਦੀ ਲੋਕਪ੍ਰਿਯਤਾ ਵੀ ਵੱਧ ਰਹੀ ਹੈ। ਉਨ੍ਹਾਂ 'ਤੇ ਨਜ਼ਰ ਰੱਖਣਾ ਮਾਂ-ਬਾਪ ਦੇ ਲਈ ਵੀ ਮੁਸ਼ਕਿਲ ਹੈ। ਲਗਭਗ 45 ਪ੍ਰਤੀਸ਼ਤ ਬੱਚੇ ਰਾਤ ਨੂੰ ਅੱਠ ਵਜੇ ਦੇ ਬਾਅਦ ਨੈਟ ਸਰਫਿੰਗ (ਇੰਟਰਨੈਟ ਉਤੇ ਪ੍ਰਾਪਤ ਜਾਣਕਾਰੀ) ਕਰਦੇ ਹਨ।

**ਸੁੱਰਖਿਆ ਜ਼ਰੂਰੀ** : ਮੈਕਐਫੀ ਇੰਡੀਆ ਦੇ ਇੰਜਨੀਅਰਿੰਗ ਵੇਂਕਟ ਕਿਸ਼ਨਾਪੁਰ ਕਹਿੰਦੇ ਹਨ, ਇੰਟਰਨੈਟ ਦੇ ਵੱਧਦੇ ਪ੍ਰਸਾਰ ਅਤੇ ਉਸ ਤੱਕ ਬੱਚਿਆਂ ਦੀ ਆਸਾਨ ਪਹੁੰਚ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਂ-ਬਾਪ ਵਿੱਚ ਜਾਗਰੂਕਤਾ ਵਧਾਉਣਾ ਜ਼ਰੂਰੀ ਹੈ। ਭਵਿੱਖੀ ਖਤਰਿਆਂ ਨੂੰ ਸਮਝਣ ਦੀ ਸਥਿਤੀ ਵਿੱਚ ਹੀ ਇਹ ਇਸ ਤੋਂ ਆਪਣੇ ਬੱਚਿਆਂ ਨੂੰ ਆਗਾਹ ਜਾਂ ਉਨ੍ਹਾਂ ਦੀ ਸੁੱਰਖਿਆ ਕਰ ਸਕਣਗੇ। ਵਿਗਿਆਨੀਆਂ ਦਾ ਕਹਿਣਾ ਹੈ ਕਿ ਬੱਚਿਆਂ ਦੇ ਯੌਨ ਸ਼ੋਸ਼ਣ ਜਾਂ ਬਲੈਕਮੇਲ ਦੇ ਮਾਮਲਿਆਂ ਦੀ ਸਭ ਤੋਂ ਵੱਡੀ ਦਿੱਕਤ ਇਹ ਹੈ ਕਿ ਪੁਲਿਸ ਹੁਣ ਤੱਕ ਗਤੀਸ਼ੀਲਤਾ ਵਿੱਚ ਨਹੀਂ ਆਉਂਦੀ ਜਦੋਂ ਤੱਕ ਪੀੜ੍ਹਤ ਰਿਪੋਰਟ ਦਰਜ ਨਾ ਕਰੇ। ਪਰ ਸ਼ਰਮ ਅਤੇ ਡਰ ਦੇ ਮਾਰੇ ਬੱਚੇ ਅਜਿਹੇ ਮਾਮਲਿਆਂ ਨੂੰ ਲੈ ਕੇ ਕਦੇ ਸਾਹਮਣੇ ਨਹੀਂ ਆਉਂਦੇ। ਸੰਯੁਕਤ ਰਾਸ਼ਟਰ ਦੇ ਇੱਕ ਅਧਿਐਨ ਦੇ ਮੁਤਾਬਿਕ ਕਿਸੇ ਵੀ ਸਮੇਂ ਕੰਪਿਊਟਰ 'ਤੇ ਬੱਚਿਆਂ ਨੂੰ ਆਪਣਾ ਸ਼ਿਕਾਰ ਬਣਾਉਣ ਵਾਲੇ ਲਗਭਗ ਸਾਢੇ ਸੱਤ ਲੱਖ ਲੋਕ ਮੌਕਾ ਲੱਭਦੇ ਰਹਿੰਦੇ ਹਨ। ਬੱਚਿਆਂ ਨੂੰ ਸ਼ਿਕਾਰ ਬਣਾਉਣ ਦੇ ਕਈ ਤਰੀਕੇ ਹੁੰਦੇ ਹਨ।

ਉਦਾਹਰਣ ਦੇ ਤੌਰ 'ਤੇ ਇੰਟਰਨੈਟ ਉਪਰ ਬੱਚਿਆਂ ਦੇ ਸੰਪਰਕ, ਵਿਹਾਰ ਅਤੇ ਉਸ 'ਤੇ ਨਿਯੰਤਰਣ ਕਾਇਮ ਕਰਕੇ ਉਨ੍ਹਾਂ ਤੋਂ ਆਪਣੀ ਯੌਨ ਇੱਛਾ ਪੂਰੀ ਕਰਨ ਦੇ ਲਈ ਇਸਤੇਮਾਲ ਕਰਨਾ। ਕਈ ਲੋਕ ਆਪਣੇ ਵੈਬਕੈਮਰੇ ਦੇ ਸਾਹਮਣੇ ਬੱਚਿਆਂ ਦੀਆਂ ਕਾਮਿਕ ਹਰਕਤਾਂ ਨੂੰ ਦੇਖ ਕੇ ਆਨੰਦ ਮਹਿਸੂਸ ਕਰਦੇ ਹਨ ਅਤੇ ਕੁਝ ਲੋਕ ਉਨ੍ਹਾਂ ਨੂੰ ਮਿਲਣ ਦੇ ਲਈ ਬੁਲਾਉਂਦੇ ਹਨ ਅਤੇ ਉਥੇ ਉਨ੍ਹਾਂ ਨੂੰ ਆਪਣੀ ਯੌਨ ਭਾਵਨਾ ਦਾ ਸ਼ਿਕਾਰ ਬਣਾਉਂਦੇ ਹਨ। ਤਮਾਮ ਕਾਨੂੰਨਾਂ ਦੇ ਬਾਵਜੂਦ ਨਵੇਂ ਕਿਸਮ ਦੀ ਇਹ ਬਾਲ ਠੱਗੀ ਤੇਜ਼ੀ ਨਾਲ ਵੱਧ ਰਹੀ ਹੈ। ਅਜਿਹੇ ਵਿੱਚ ਮਾਂ-ਬਾਪ ਆਪਣੇ ਬੱਚਿਆਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਕੇ ਹੀ ਉਨ੍ਹਾਂ ਨੂੰ ਗਲਤ ਹੱਥਾਂ ਵਿੱਚ ਫਸਣ ਤੋਂ ਬਚਾਅ ਸਕਦੇ ਹਨ। ਇਸ ਲਈ ਮਾਂ-ਬਾਪ ਨੂੰ ਨਵੀਆਂ ਤਕਨੀਕਾਂ ਦੀ ਜਾਣਕਾਰੀ ਜ਼ਰੂਰ ਹੋਣੀ ਚਾਹੀਦੀ ਹੈ। ਨਾਲ ਹੀ ਉਨ੍ਹਾਂ ਨੂੰ ਇਸ ਮੁੱਦੇ 'ਤੇ ਆਪਣੇ ਬੱਚਿਆਂ ਨਾਲ ਲਗਾਤਾਰ ਗੱਲਬਾਤ ਕਰਦੇ ਵੀ ਰਹਿਣਾ ਚਾਹੀਦਾ ਹੈ।



**- ਸਿੰਦਰਪਾਲ ਕੌਰ ਸੋਹੀ**

# ਸ਼ੰਕਾ ਨਵਿਰਤੀ

**? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤਰਕਸ਼ੀਲ ਰੱਬ ਨੂੰ ਨਹੀਂ ਮੰਨਦੇ। ਕਿਸੇ ਧਾਰਮਿਕ ਸਥਾਨ ਨੂੰ ਨਹੀਂ ਮੰਨਦੇ। ਠੀਕ ਹੈ ਜੇ ਕੋਈ ਰੱਬ ਨੂੰ ਨਹੀਂ ਮੰਨਦਾ ਪਰ ਕੀ ਉਹ ਗੁਰਦੁਆਰੇ ਜਾਣ ਨੂੰ ਇੱਕ ਪੰਜਾਬੀ ਸੱਭਿਆਚਾਰ ਮੰਨ ਕੇ ਜਾ ਸਕਦਾ ਹੈ।**

* ਤਰਕਸ਼ੀਲ ਵਿਚਾਰਧਾਰਾ ਅਤੇ ਧਾਰਮਿਕ ਵਿਚਾਰਧਾਰਾ ਵਿੱਚ ਮੁੱਖ ਅੰਤਰ ਇਹ ਹੁੰਦਾ ਹੈ ਕਿ ਧਾਰਮਿਕ ਵਿਅਕਤੀ ਪਵਿੱਤਰ ਮੂਰਤੀਆਂ, ਪਵਿੱਤਰ ਗ੍ਰੰਥਾਂ ਤੇ ਪਵਿੱਤਰ ਅਸਥਾਨਾਂ ਵਿੱਚ ਅਟੁੱਟ ਵਿਸ਼ਵਾਸ ਰੱਖਦੇ ਹਨ। ਇਸ ਦੇ ਉਲਟ ਤਰਕਸ਼ੀਲ ਸਿਰਫ਼ ਇਨਸਾਨੀਅਤ ਵਿੱਚ ਵਿਸ਼ਵਾਸ ਰੱਖਦੇ ਹਨ। ਇਸ ਲਈ ਤਰਕਸ਼ੀਲਾਂ ਲਈ ਤਾਂ ਹਰ ਕਸੌਟੀ ਸਿਰਫ਼ ਤੇ ਸਿਰਫ਼ ਮਾਨਵਤਾ ਦੀ ਭਲਾਈ ਹੀ ਹੁੰਦੀ ਹੈ। ਜੋ ਕਾਜ ਮਾਨਵਤਾ ਦੇ ਪੱਖ ਵਿੱਚ ਜਾਂਦਾ ਹੈ ਉਹ ਹੀ ਕੰਮ ਉਨ੍ਹਾਂ ਨੇ ਕਰਨਾ ਹੁੰਦਾ ਹੈ ਪਰ ਜਿਹੜਾ ਕੰਮ ਮਾਨਵਤਾ ਦੀ ਭਲਾਈ ਵਿੱਚ ਨਹੀਂ ਜਾਂਦਾ ਅਜਿਹੇ ਕੰਮ ਵਿੱਚ ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਹੁੰਦੀ। ਪਿੰਡਾਂ ਵਿੱਚ ਗੁਰਦੁਆਰੇ ਅੱਜਕੱਲ੍ਹ ਸੱਭਿਆਚਾਰ ਦਾ ਕੇਂਦਰ ਬਣੇ ਹੋਏ ਹਨ। ਬਹੁਤ ਸਾਰੀਆਂ ਲੋਕ ਭਲਾਈ ਦੀਆਂ ਸਕੀਮਾਂ ਵੀ ਗੁਰਦੁਆਰਿਆਂ ਵਿੱਚ ਉਲੀਕੀਆਂ ਜਾਂਦੀਆਂ ਹਨ। ਸੋ ਅਜਿਹੀਆਂ ਮਾਨਵ ਭਲਾਈ ਸਕੀਮਾਂ ਵਿੱਚ ਤਰਕਸ਼ੀਲਾਂ ਦੀ ਸ਼ਮੂਲੀਅਤ ਵੀ ਜ਼ਰੂਰੀ ਹੋਣੀ ਚਾਹੀਦੀ ਹੈ। ਗੁਰਦੁਆਰੇ ਜਾਂ ਮੰਦਰ ਕਲਾ ਦੇ ਪੱਖੋਂ ਵੀ ਅਹਿਮ ਹੁੰਦੇ ਹਨ। ਕਿਉਂਕਿ ਬਹੁਤ ਸਾਰੇ ਧਾਰਮਿਕ ਵਿਅਕਤੀ ਆਪਣੇ ਧਾਰਮਿਕ ਵਿਸ਼ਵਾਸਾਂ ਕਰਕੇ ਅਥਾਹ ਪੈਸਾ ਇਨ੍ਹਾਂ ’ਤੇ ਖਰਚ ਕਰਦੇ ਹਨ। ਇਸ ਲਈ ਇਨ੍ਹਾਂ ਕਲਾਕ੍ਰਿਤੀਆਂ ਦੀ ਕਲਾ ਵੇਖਣ ਲਈ ਵੀ ਇਨ੍ਹਾਂ ਸਥਾਨਾਂ ’ਤੇ ਜਾਇਆ ਜਾ ਸਕਦਾ ਹੈ।



**? ਮੰਨ ਲਓ ਕਿ ਤੁਸੀਂ ਪ੍ਰਧਾਨ ਮੰਤਰੀ ਬਣ ਗਏ ਫੇਰ ਕੀ-ਕੀ ਕੰਮ ਕਰੋਗੇ?**

* ਕੋਈ ਵੀ ਤਰਕਸ਼ੀਲ ਉਸ ਸਮੇਂ ਤੱਕ ਪ੍ਰਧਾਨ ਮੰਤਰੀ ਨਹੀਂ ਬਣੇਗਾ ਜਦ ਤੱਕ ਉਸ ਦੀ ਜਥੇਬੰਦੀ ਜਾਂ ਪਾਰਟੀ ਲੋਕਾਂ ਵਿੱਚ ਆਪਣਾ ਅਧਾਰ ਨਹੀਂ ਬਣਾ ਲਵੇਗੀ। ਆਪਣੀ ਸਿਆਸੀ ਜਥੇਬੰਦੀ ਜਾਂ ਪਾਰਟੀ ਰਾਹੀਂ ਸਭ ਤੋਂ ਪਹਿਲਾਂ ਤਾਂ ਲੋਕਾਂ ਦੇ ਵਿੱਚ ਕੰਮ ਨਾ ਕਰਨ ਦੀ ਪ੍ਰਵਿਰਤੀ ਖਤਮ ਕੀਤੀ ਜਾਵੇਗੀ, ਉਸ ਤੋਂ ਬਾਅਦ ਬੇਈਮਾਨੀ, ਭ੍ਰਿਸ਼ਟਾਚਾਰ, ਰਿਸ਼ਵਤ ਖੋਰੀ ਖਤਮ ਕਰਨ ਬਾਰੇ ਮੁਹਿੰਮਾਂ ਲਾਮਬੰਦ ਕੀਤੀਆਂ ਜਾਣਗੀਆਂ, ਕ੍ਰਿਤੀਆਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਗਰੀਬ ਵਿੱਚ ਹੀ, ਸਾਫ਼ ਸੁਥਰੀ, ਸਿਹਤਮੰਦ ਅਤੇ ਸਤਿਕਾਰਯੋਗ ਜ਼ਿੰਦਗੀ ਜਿਉਣਾ ਸਿਖਾਉਣ ਲਈ ਮੁਹਿੰਮ ਵਿੱਢੀ ਜਾਵੇਗੀ। ਸਮੁੱਚੀ ਦੁਨੀਆਂ ਵਿੱਚੋਂ ਸਰਹੱਦਾਂ ਅਤੇ ਹਥਿਆਰ ਖਤਮ ਕਰਵਾਉਣ ਲਈ ਯਤਨ ਕੀਤੇ ਜਾਣਗੇ। ਆਬਾਦੀ ਨੂੰ ਕਾਬੂ ਵਿੱਚ ਰੱਖਣ ਲਈ ਪ੍ਰਚਾਰ ਦੇ ਨਾਲ ਸਖ਼ਤ ਕਾਨੂੰਨਾਂ ਦਾ ਸਹਾਰਾ ਵੀ ਲਿਆ ਜਾਵੇਗਾ। ਸਮੁੱਚੇ ਲੋਕਾਂ ਨੂੰ ਰੁਜ਼ਗਾਰ ਦਿਵਾਉਣ ਦੇ ਯਤਨ ਕੀਤੇ ਜਾਣਗੇ। ਪ੍ਰਜੀਵੀਆਂ ਤੇ ਵਿਹਲੜਾਂ ਨੂੰ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਵੇਗਾ।

**? ਖੁਸ਼ੀ/ਗਮੀ ਵੇਲੇ ਹੰਝੂ ਕਿਉਂ ਆਉਂਦੇ ਹਨ?**

* ਹੰਝੂ lacrimal glands (ਹੰਝੂ ਗ੍ਰੰਥੀਆਂ) ਦੁਆਰਾ ਛੱਡਿਆ ਗਿਆ ਨਮਕੀਨ ਤਰਲ ਪਦਾਰਥ ਹੁੰਦਾ ਹੈ। ਹੰਝੂ ਗ੍ਰੰਥੀਆਂ ਸਾਡੀਆਂ ਅੱਖਾਂ ਦੇ ਉਪਰਲੇ ਬਾਹਰਲੇ ਪਾਸੇ ਹੁੰਦੀਆਂ ਹਨ ਜੋ ਆਮ ਹਾਲਤਾਂ ਵਿੱਚ ਵੀ ਇੱਕ ਤਰਲ ਛੱਡਦੀਆਂ ਰਹਿੰਦੀਆਂ ਹਨ ਜੋ ਅੱਖਾਂ ਝਪਕਣ ਨਾਲ ਅੱਖਾਂ ਦੀ ਬਾਹਰੀ ਝਿੱਲੀ ਉੱਪਰ ਫੈਲ ਜਾਂਦਾ ਹੈ। ਇਸਦੇ ਨਿਮਨਲਿਖਤ ਕੰਮ ਹੁੰਦੇ ਹਨ:-

1. ਇਸ ਦੇ ਵਿੱਚ ਐਨਜ਼ਾਈਮ ਹੁੰਦਾ ਹੈ ਜੋ ਕੁਝ ਜੀਵਾਣੂਆਂ ਨੂੰ ਮਾਰਨ ਵਿੱਚ ਸਹਾਈ ਹੁੰਦਾ ਹੈ ਅਤੇ ਇੰਝ ਅੱਖਾਂ ਨੂੰ ਤੰਦਰੁਸਤ ਰੱਖਣ ਵਿੱਚ ਮੱਦਦ ਕਰਦਾ ਹੈ।
2. ਇਹ ਅੱਖਾਂ ਦੀ ਸਤ੍ਹਾ ਨੂੰ ਗਿੱਲਾ ਰੱਖਦਾ ਹੈ ਤਾਂ ਕਿ ਅੱਖਾਂ ਆਸਾਨੀ ਨਾਲ ਅਲੱਗ-ਅਲੱਗ ਦਿਸ਼ਾ ’ਚ ਘੁੰਮ ਸਕਣ।
3. ਇਹ ਕਾਰਨੀਆਂ ਨੂੰ ਖੁਰਾਕ ਦਿੰਦਾ ਹੈ ਕਿਉਂਕਿ ਕਾਰਨੀਆਂ ਵਿੱਚ ਖੂਨ ਦੀਆਂ ਨਸਾਂ ਨਾ ਹੋਣ ਕਰਕੇ ਇਹ ਖੂਨ ਤੋਂ ਸਿੱਧੇ ਤਰ੍ਹਾਂ ਖੁਰਾਕ ਪ੍ਰਾਪਤ ਨਹੀਂ ਕਰ ਸਕਦੀ।
4. ਇਹ ਅੱਖਾਂ ਤੋਂ ਧੂੜ ਆਦਿ ਨੂੰ ਧੋਣ ਦਾ ਕੰਮ ਕਰਦਾ ਹੈ।

ਹੰਝੂ ਗਰੰਥੀਆਂ ਦੁਆਰਾ ਛੱਡਿਆ ਗਿਆ ਵਾਧੂ ਤਰਲ Inferior ਤੇ Superior Lacrinal Canals ਅਤੇ Nasolacrinal duct ਦੀ ਸਹਾਇਤਾ ਨਾਲ ਨੱਕ ਰਾਹੀਂ ਵਹਿ ਜਾਂਦਾ ਹੈ। ਬਾਹਰੀ ਕਣਾਂ ਜਾਂ ਕੁਝ ਗੈਸਾਂ ਨਾਲ ਜਲਨ ਹੋਣ ਕਰਕੇ/ਤੀਬਰ ਉਤੇਜਨਾ ਕਰਕੇ (ਜਿਵੇਂ ਕਿ ਅਚਾਨਕ ਖੁਸ਼ੀ ਜਾਂ ਗਮੀ ਦੀ ਖ਼ਬਰ ਸੁਣਕੇ)/ ਬਿਨਾਂ ਅੱਖ ਝਪਕੇ ਲਗਾਤਾਰ ਦੇਖਣ ਨਾਲ ਹੰਝੂ ਗ੍ਰੰਥੀਆਂ ਦੇ ਆਸ-ਪਾਸ ਦੀਆਂ ਮਾਸ ਪੇਸ਼ੀਆਂ ਕਸੀਆਂ ਜਾਂਦੀਆਂ ਹਨ ਅਤੇ ਇਸ ਨਾਲ ਇਨ੍ਹਾਂ ਗ੍ਰੰਥੀਆਂ ’ਤੇ ਆਮ ਨਾਲੋਂ ਜ਼ਿਆਦਾ ਦਬਾ ਪੈਣ ਕਰਕੇ ਵੱਧ ਮਾਤਰਾ ’ਚ ਤਰਲ ਨਿਕਲਦਾ ਹੈ, ਜਿਸਨੂੰ ਹੰਝੂ ਕਹਿੰਦੇ ਹਨ।

ਉਪਰੋਕਤ ਸਥਿਤੀਆਂ ਵਿੱਚ ਹੰਝੂ ਵਗਣ ਤੋਂ ਇਲਾਵਾ ਸਰੀਰ ’ਚ ਕੁਝ ਹੋਰ ਵੀ ਗ੍ਰੰਥੀਆਂ ਦੇ ਤਰਲ ਨੂੰ ਅੱਖਾਂ ਤੋਂ ਬਾਹਰ ਡਿੱਗਣ ਤੋਂ ਰੋਕਣ ਵਾਸਤੇ lib glands ਇੱਕ ਤੇਲ ਛੱਡਦੀਆਂ ਹਨ, ਜੋ ਪਲਕਾਂ ਦੇ ਕਿਨਾਰਿਆਂ ਤੇ ਜੰਮ ਜਾਂਦਾ ਹੈ।

**? ਮਨੁੱਖ ਨੂੰ ਬਾਂਦਰ ਤੋਂ ਮਨੁੱਖ ਬਣਨ ਲਈ ਕਿਹੜੇ-ਕਿਹੜੇ ਪੜਾਵਾਂ ਵਿੱਚੋਂ ਲੰਘਣਾ ਪਿਆ ਅਤੇ ਇਸ ਦੌਰਾਨ ਉਸਨੂੰ ਕਿੰਨਾ ਸਮਾਂ ਲੱਗਿਆ?**

ਡਾਇਨਾਸੋਰ ਧਰਤੀ ਤੋਂ ਸਾਢੇ ਛੇ ਕਰੋੜ ਵਰ੍ਹੇ ਪਹਿਲਾਂ ਅਲੋਪ ਗਏ। ਇਸ ਤੋਂ ਬਾਅਦ ਪਸ਼ੂ-ਪੰਛੀ ਹੋਂਦ ਵਿੱਚ ਆਉਣ ਲੱਗ ਪਏ। ਸਾਢੇ ਚਾਰ ਕਰੋੜ ਵਰ੍ਹੇ ਪਹਿਲਾਂ ਬਾਂਦਰਾਂ ਦੀਆਂ ਨਸਲਾਂ ਧਰਤੀ ਦੇ ਉੱਪਰ ਮੌਜੂਦ ਸਨ। ਇਹ ਆਮ ਤੌਰ ’ਤੇ ਦਰੱਖਤਾਂ ਉਪਰ ਰਹਿਣ ਵਾਲੇ ਫਲੋਹਾਰੀ ਜੀਵ ਸਨ। ਹੌਲੀ-ਹੌਲੀ ਜੰਗਲਾਂ ਦੀ ਘਾਟ ਕਾਰਨ ਇਨ੍ਹਾਂ ਲਈ ਜੰਗਲਾਂ ਨੂੰ ਅਲਵਿਦਾ ਕਹਿਣੀ ਪੈ ਗਈ। ਇਨ੍ਹਾਂ ਵਿਚੋਂ ਪੂਛ ਰਹਿਤ ਬਾਂਦਰਾਂ ਦੀਆਂ ਕੁਝ ਕਿਸਮਾਂ ਨੇ ਆਪਣੇ ਆਪ ਨੂੰ ਦੋਹਾਂ ਪੈਰਾਂ ਉੱਤੇ ਚੱਲਣ ਦੇ ਸਮਰੱਥ ਬਣਾ ਲਿਆ। ਲਗਭਗ ਇੱਕ ਕਰੋੜ ਸੱਠ ਲੱਖ ਵਰ੍ਹੇ ਪਹਿਲਾਂ ਇਸ ਤਰ੍ਹਾਂ ਮਨੁੱਖ ਹੋਂਦ ਵਿੱਚ ਆ ਗਿਆ।

**? ਮਾਤਾ-ਪਿਤਾ ਦੇ ਦੋ ਬੱਚਿਆਂ ਵਿੱਚੋਂ ਇੱਕ ਚੁਸਤ ਤੇ ਦੂਜਾ ਸੁਸਤ ਕਿਉਂ ਹੁੰਦਾ ਹੈ?**

* ਬੱਚੇ ਦੇ ਗੁਣ ਦੋ ਕਾਰਨਾਂ ਕਰਕੇ ਹੁੰਦੇ ਹਨ। ਇੱਕ ਉਸਨੂੰ ਵਿਰਾਸਤ ਵਿੱਚ ਮਿਲੇ ਗੁਣਾਂ ਕਰਕੇ, ਦੂਜਾ ਉਸਨੂੰ ਪਾਲਣ-ਪੋਸ਼ਣ ਸਮੇਂ ਪ੍ਰਾਪਤ ਮਾਹੌਲ ਵਿੱਚੋਂ ਮਿਲਦੇ ਹਨ। ਮਾਂ ਪਿਓ ਜਾਂ ਦਾਦਾ-ਦਾਦੀ ਜਾਂ ਨਾਨਾ-ਨਾਨੀ ਜਾਂ ਇਸ ਤੋਂ ਵੀ ਅਗਲੀਆਂ ਪੀੜ੍ਹੀਆਂ ਦੇ ਸਾਰੇ ਗੁਣ ਬੱਚਿਆਂ ਵਿੱਚ ਅਨੁਵੰਸਿਕ ਕਾਰਨਾਂ ਕਰਕੇ ਆ ਜਾਂਦੇ ਹਨ। ਇਨ੍ਹਾਂ ਵਿੱਚੋਂ ਕੁਝ ਗੁਣ ਪ੍ਰਭਾਵੀ ਹੋ ਜਾਂਦੇ ਹਨ ਬਾਕੀ ਸੁੱਤੇ ਪਏ ਰਹਿੰਦੇ ਹਨ। ਕਿਸੇ ਸਮੇਂ ’ਤੇ ਆ ਕੇ ਉਨ੍ਹਾਂ ਗੁਣਾਂ ਦਾ ਪ੍ਰਗਟਾਅ ਵੀ ਹੋ ਜਾਂਦਾ ਹੈ ਜੋ

ਸੁੱਤੇ ਸਨ। ਜਿਵੇਂ ਇੱਕ ਮਾਂ-ਪਿਉ ਦੋਵੇਂ ਗੋਰੇ ਰੰਗ ਦੇ ਹੁੰਦੇ ਹਨ। ਪਰ ਉਨ੍ਹਾਂ ਦੇ ਪੈਦਾ ਹੋਏ ਬੱਚੇ ਦਾ ਰੰਗ ਕਾਲਾ ਹੈ। ਇਹ ਇਸ ਲਈ ਹੁੰਦਾ ਹੈ ਕਿ ਉਸਦੀਆਂ ਪਹਿਲੀਆਂ ਪੀੜ੍ਹੀਆਂ ਵਿੱਚੋਂ ਕਿਸੇ ਦਾਦਾ-ਦਾਦੀ, ਨਾਨਾ-ਨਾਨੀ, ਜਾਂ ਪੜਦਾਦਾ ਜਾਂ ਪੜਨਾਨੀ ਕੋਈ ਨਾ ਕੋਈ ਕਾਲੇ ਰੰਗ ਦਾ ਜ਼ਰੂਰ ਹੋਵੇਗਾ। ਇਸ ਲਈ ਮਾਂ-ਪਿਉ ਦੇ ਦੋ ਬੱਚਿਆਂ ਵਿੱਚੋਂ ਇੱਕ ਦਾ ਸੁਸਤ ਹੋ ਜਾਣਾ ਤੇ ਦੂਜੇ ਦਾ ਚੁਸਤ ਹੋ ਜਾਣਾ ਸੰਭਵ ਹੋ ਹੀ ਸਕਦਾ ਹੈ।

**? ਕੀ ਸਾਡੇ ਦਿਮਾਗ ਨੂੰ ਵੀ ਕੰਮ ਕਰਨ ਲਈ ਕਰੰਟ ਦੀ ਜ਼ਰੂਰਤ ਹੁੰਦੀ ਹੈ?**

* ਸਰੀਰ ਵਿੱਚ ਬਹੁਤ ਸਾਰੇ ਰਸਾਇਣਿਕ ਪਦਾਰਥ ਹੁੰਦੇ ਹਨ। ਇਨ੍ਹਾਂ ਰਸਾਇਣਿਕ ਪਦਾਰਥਾਂ ਵਿੱਚ ਰਸਾਇਣਿਕ ਕਿਰਿਆਵਾਂ ਹੁੰਦੀਆਂ ਰਹਿੰਦੀਆਂ ਹਨ। ਜਿਵੇਂ ਟਰੈਕਟਰਾਂ ਜਾਂ ਬੱਸਾਂ ਵਾਲੀਆਂ ਬੈਟਰੀਆਂ ਵਿੱਚ ਤੇਜ਼ਾਬ ਅਤੇ ਜਿਸਤ ਦੀਆਂ ਪਲੇਟਾਂ ਪਾਈਆਂ ਹੁੰਦੀਆਂ ਹਨ। ਇਨ੍ਹਾਂ ਦੀ ਰਸਾਇਣਿਕ ਕਿਰਿਆ ਨਾਲ ਬਿਜਲੀ ਪੈਦਾ ਹੁੰਦੀ ਹੈ। ਇਸੇ ਤਰ੍ਹਾਂ ਹੀ ਸਰੀਰ ਵਿੱਚ ਵੀ ਬਿਜਲੀ ਤਰੰਗਾਂ ਪੈਦਾ ਹੁੰਦੀਆਂ ਹਨ। ਇਨ੍ਹਾਂ ਦਾ ਮੁੱਖ ਕੰਮ ਸਰੀਰ ਦੇ ਵੱਖ-ਵੱਖ ਅੰਗਾਂ ਦਾ ਦਿਮਾਗ ਨਾਲ ਤਾਲਮੇਲ ਰੱਖਣਾ ਹੁੰਦਾ ਹੈ।

**? ਕੀ ਜ਼ਿਆਦਾ ਖਾਣਾ ਖਾਣ ਨਾਲ ਆਦਮੀ ਤੰਦਰੁਸਤ ਹੋ ਜਾਂਦਾ ਹੈ। ਇੱਕ ਮਨੁੱਖ ਨੂੰ ਤਕਰੀਬਨ ਕਿੰਨਾ ਭੋਜਨ ਖਾਣਾ ਚਾਹੀਦਾ ਹੈ।**

* ਮਨੁੱਖ ਦਾ ਸਰੀਰ ਇੱਕ ਗੁਬਾਰੇ ਦੀ ਤਰ੍ਹਾਂ ਹੁੰਦਾ ਹੈ। ਜਿਵੇਂ ਗੁਬਾਰੇ ਵਿੱਚ ਜਿੰਨੀ ਵੱਧ ਹਵਾ ਭਰੀ ਜਾਵੇਗੀ ਉਹ ਫੁਲਦਾ ਜਾਵੇਗਾ। ਇਸ ਤਰ੍ਹਾਂ ਜੇ ਸਰੀਰ ਵਿੱਚ ਖੁਰਾਕ ਜ਼ਿਆਦਾ ਭਰਦੀ ਰਹੇਗੀ ਤਾਂ ਉਹ ਵੀ ਫੁਲਦਾ ਰਹੇਗਾ ਪਰ ਜੇ ਤੁਹਾਡਾ ਭਾਰ ਤੁਹਾਡੀ ਉਚਾਈ ਵਾਲੇ ਵਿਅਕਤੀ ਜਿੰਨਾ ਹੋਣਾ ਚਾਹੀਦਾ ਹੈ ਜਾਂ ਉਸ ਤੋਂ ਵੱਧ ਹੈ ਤਾਂ ਜ਼ਰੂਰ ਹੀ ਤੁਹਾਨੂੰ ਆਪਣੇ ਭੋਜਨ ਨੂੰ ਘਟਾ ਦੇਣਾ ਚਾਹੀਦਾ ਹੈ। ਖੰਡ ਤੇ ਘਿਉ ਵਿੱਚ ਊਰਜਾ ਦੀ ਮਾਤਰਾ ਬਾਕੀ ਪਦਾਰਥਾਂ ਨਾਲੋਂ ਤਿੰਨ ਗੁਣਾਂ ਵੱਧ ਹੁੰਦੀ ਹੈ। ਇਸ ਲਈ ਖੰਡ ਤੇ ਘਿਉ ਜਾਂ ਇਨ੍ਹਾਂ ਤੋਂ ਬਣੀਆਂ ਵਸਤੂਆਂ ਦਾ ਸੇਵਨ ਘੱਟ ਤੋਂ ਘੱਟ ਕਰ ਦੇਣਾ ਚਾਹੀਦਾ ਹੈ। ਬਹੁਤੇ ਪੰਜਾਬੀ ਆਪਣੀ ਲੋੜ ਨਾਲੋਂ ਵੱਧ ਖੁਰਾਕ ਖਾ ਰਹੇ ਹਨ। ਇਸ ਲਈ ਜੇ ਤੁਹਾਡੀ ਉਮਰ 30 ਸਾਲ ਤੋਂ ਵੱਧ ਹੈ ਤਾਂ ਤੁਹਾਨੂੰ ਜ਼ਰੂਰ ਹੀ ਆਪਣੇ ਭੋਜਨ ਤੇ ਕੰਟਰੋਲ ਕਰਨਾ ਚਾਹੀਦਾ ਹੈ।

**? ਮੇਰਾ ਰਾਤ ਨੂੰ ਸੁੱਤੇ ਪਏ ਦਾ ਪਿਸ਼ਾਬ ਨਿਕਲ ਜਾਂਦਾ ਹੈ ਅਤੇ ਮੈਨੂੰ ਪਤਾ ਬਿਲਕੁਲ ਨਹੀਂ ਲੱਗਦਾ।**

* ਸਾਡਾ ਮਨ ਸਰੀਰ ਦਾ ਨਾਂ ਸੌਣ ਵਾਲਾ ਅੰਗ ਹੈ, ਜਦੋਂ ਸਾਡਾ ਮਸਾਨਾ ਪਿਸ਼ਾਬ ਨਾਲ ਭਰ ਜਾਂਦਾ ਹੈ ਤਾਂ ਮਨ ਇਸਨੂੰ ਖਾਲੀ ਕਰਨ ਦਾ ਹੁਕਮ ਦਿੰਦਾ ਹੈ। ਬਹੁਤੀਆਂ ਹਾਲਤਾਂ 'ਚ ਤਾਂ ਵਿਅਕਤੀ ਬਾਥਰੂਮ ਵਿਚ ਜਾ ਕੇ ਮਸਾਨੇ ਨੂੰ ਖਾਲੀ ਕਰਨ ਦਾ ਯਤਨ ਕਰਦੇ ਹਨ। ਪਰ ਤੁਹਾਡੀ ਸਥਿਤੀ ਵਿਚ ਇਹ ਕੰਮ ਤੁਸੀਂ ਬਿਸਤਰੇ 'ਤੇ ਹੀ ਕਰ ਦਿੰਦੇ ਹੋ। ਸੋ, ਯਤਨ ਕਰੋ ਕਿ ਰਾਤ ਨੂੰ ਸੌਣ ਤੋਂ ਪਹਿਲਾਂ ਘੱਟ ਤੋਂ ਘੱਟ ਪਾਣੀ ਪੀਤਾ ਜਾਵੇ। ਮਨ ਵਿੱਚ ਇਹ ਵਾਰ-ਵਾਰ ਤਹਿ ਕਰ ਲਵੋ ਕਿ ਜਦੋਂ ਵੀ ਮੇਰਾ ਮਸਾਨਾ ਭਰ ਜਾਵੇਗਾ, ਮੈਂ ਬਾਥਰੂਮ ਵਿੱਚ ਜਾ ਕੇ ਪਿਸ਼ਾਬ ਕਰਾਂਗਾ, ਇਸ ਤਰ੍ਹਾਂ ਤੁਸੀਂ ਦ੍ਰਿੜ ਇੱਛਾ ਸ਼ਕਤੀ ਨਾਲ ਇਸ ਸੱਮਸਿਆ ਤੇ ਕਾਬੂ ਪਾ ਸਕਦੇ ਹੋ।

**? ਸਾਡੇ ਪਿੰਡ ਦੇ ਇੱਕ ਸੱਜਣ ਏਡਜ਼ ਦਾ ਇਲਾਜ ਕਰਨ ਦਾ ਦਾਅਵਾ ਕਰਦੇ ਹਨ। ਦੇਸ਼ ਸੇਵਕ ਵਿੱਚ ਇਸ਼ਤਿਹਾਰ ਵੀ ਦਿੱਤੇ ਹਨ। ਕੀ ਇਹ ਸੰਭਵ ਹੈ।**

* ਹਿੰਦੋਸਤਾਨ ਵਿੱਚ ਬਹੁਤ ਸਾਰੇ ਨੀਮ-ਹਕੀਮ ਅਜਿਹੇ ਹਨ ਜਿਹੜੇ ਅਕਸਰ ਅਜਿਹੀਆਂ ਗੱਲਾਂ ਬਾਰੇ ਵਧਾ-ਚੜ੍ਹਾ ਕੇ ਆਪਣੇ ਬਿਆਨ ਦਿੰਦੇ ਹੀ ਰਹਿੰਦੇ ਹਨ। ਕੋਈ ਵੀ ਅਜਿਹੀ ਲਾ-ਇਲਾਜ ਬੀਮਾਰੀ ਹੋਵੇ ਤਾਂ ਸੈਂਕੜਿਆਂ ਦੀ ਗਿਣਤੀ ਵਿੱਚ ਇੱਥੋਂ ਦੇ ਭੱਦਰ-ਪੁਰਸ਼ ਆਪਣੇ ਦਾਅਵੇ ਕਰਨ ਲੱਗ ਜਾਂਦੇ ਹਨ। ਉਨ੍ਹਾਂ ਦਾ ਮੰਤਵ ਇਨ੍ਹਾਂ ਦਾ ਇਲਾਜ ਕਰਨਾ ਨਹੀਂ ਹੁੰਦਾ ਸਗੋਂ ਕੁਝ ਭੋਲੇ-ਭਾਲੇ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾ ਕੇ ਉਨ੍ਹਾਂ ਦੀ ਆਰਥਿਕ ਲੁੱਟ ਕਰਨਾ ਹੁੰਦਾ ਹੈ। ਪੰਜਾਬ ਵਿੱਚ ਹੀ ਤੁਹਾਨੂੰ ਹੋਮਿਓਪੈਥੀ ਦੇ ਅਜਿਹੇ ਹਜ਼ਾਰਾਂ ਡਾਕਟਰ ਮਿਲ ਜਾਣਗੇ ਜਿਹੜੇ ਹਿੱਕ ਠੋਕ ਕੇ ਕਹਿਣਗੇ ਕਿ ਮੇਰੀ ਦਵਾਈ ਸ਼ੂਗਰ ਨੂੰ ਜੜ੍ਹੋਂ ਖਤਮ ਕਰ ਸਕਦੀ ਹੈ। ਮੈਂ ਅਜਿਹੇ ਹੋਮਿਓਪੈਥਾਂ ਨੂੰ ਚੁਣੌਤੀ ਦਿੰਦਾ ਹਾਂ ਕਿ ਮੈਂ ਉਨ੍ਹਾਂ ਸਾਹਮਣੇ ਦਸ ਸ਼ੂਗਰ ਦੇ ਮਰੀਜ਼ ਪੇਸ਼ ਕਰ ਸਕਦਾ ਹਾਂ ਜਿਹੜੇ ਉਨ੍ਹਾਂ ਦੀਆਂ ਹਦਾਇਤਾਂ ਅਨੁਸਾਰ ਦਵਾਈ ਲੈਣਗੇ। ਜੇ ਉਨ੍ਹਾਂ ਵਿੱਚੋਂ ਉਹ ਪੰਜ ਮਰੀਜ਼ਾਂ ਨੂੰ ਵੀ ਠੀਕ ਕਰ ਦੇਣਗੇ ਤਾਂ ਮੈਂ 5 ਲੱਖ ਰੁਪਏ ਦਾ ਇਨਾਮ ਆਪਣੀ ਜੇਬ ਵਿੱਚੋਂ ਦੇ ਦੇਵਾਂਗਾ। ਪਰ ਚੁਣੌਤੀ ਕਬੂਲਣ ਵਾਲੇ ਨੂੰ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾ ਕਰਵਾਉਣਾ ਪਵੇਗਾ ਅਤੇ ਪ੍ਰਯੋਗ 'ਤੇ ਆਉਣ ਵਾਲੇ ਖਰਚੇ ਲਈ ਹਾਰਨ ਵਾਲੀ ਧਿਰ ਜੁੰਮੇਵਾਰ ਹੋਵੇਗੀ।

**? ਸੁਣਨ ਵਿੱਚ ਆਇਆ ਹੈ ਕਿ ਧਰਤੀ ਦੇ ਥੱਲੇ ਬੌਣੇ ਲੋਕ ਰਹਿੰਦੇ ਹਨ। ਕਈ ਲੋਕਾਂ ਤੋਂ ਸੁਣਿਆ ਹੈ ਕਿ ਅਸੀਂ ਟੋਆ ਪੁੱਟ ਰਹੇ ਸੀ ਕਿ ਥੱਲਿਓਂ ਬੌਣਾ ਨਿਕਲਿਆ ਕੀ ਇਹ ਸੱਚ ਹੈ?**

* ਕੁੱਝ ਕਿਲੋਮੀਟਰਾਂ ਤੱਕ ਧਰਤੀ ਦੀ ਖੁਦਾਈ ਕਰਨ 'ਤੇ ਕਿਤੇ ਅਜਿਹੀ ਮਨੁੱਖੀ ਨਸਲ ਨਹੀਂ ਮਿਲੀ ਜਿਸ ਦਾ ਆਕਾਰ 5-10 ਇੰਚ ਹੋਵੇ। ਪਰ ਅਜਿਹੇ ਜੀਵਾਣੂਆਂ ਦੀਆਂ ਕਿਸਮਾਂ ਮਿਲੀਆਂ ਹਨ ਜਿਹੜੇ ਕਈ ਕਿਲੋਮੀਟਰ ਡੂੰਘਾਈ ਤੱਕ ਗਰਮ ਵਾਤਾਵਰਣ ਵਿੱਚ ਵੀ ਜਿਉਂਦੇ ਸਨ। ਇਹ ਗੱਲ ਮਨੁੱਖੀ ਸੁਭਾਅ ਵਿੱਚ ਪਈ ਹੈ ਕਿ ਉਹ ਕੁਝ ਅਜਿਹੀਆਂ ਗੱਲਾਂ ਦਾ ਦਾਅਵਾ ਵੀ ਕਰ ਦਿੰਦੇ ਹਨ ਜਿਹੜੀਆਂ ਉਨ੍ਹਾਂ ਨੇ ਖੁਦ ਅੱਖਾਂ ਨਾਲ ਨਹੀਂ ਦੇਖੀਆਂ ਹੁੰਦੀਆਂ। ਤਰਕਸ਼ੀਲ ਸੁਸਾਇਟੀ (ਰਜਿ.) ਅਜਿਹੇ ਵਿਅਕਤੀਆਂ ਨੂੰ ਇੱਕ ਕਰੋੜ ਰੁਪਏ ਦਾ ਇਨਾਮ ਦੇਣ ਲਈ ਤਿਆਰ ਹੈ ਜਿਹੜਾ ਧਰਤੀ ਦੀ ਡੂੰਘਾਈ ਤੋਂ ਮਿਲੇ ਇੱਕ ਗਿੱਠ-ਮੁਠੀਏ ਨੂੰ ਪੇਸ਼ ਕਰ ਸਕਦਾ ਹੋਵੇ।

**? ਭੂਤਾਂ ਪ੍ਰੇਤਾਂ ਦੀ ਅਣਹੋਂਦ ਬਾਰੇ ਵਧੀਆ ਉਦਾਹਰਣਾਂ ਦੇ ਕੇ ਦੱਸਣਾ ਤਾਂ ਕਿ ਅਸੀਂ ਇਹ ਕਹਿ ਸਕੀਏ ਕਿ ਭੂਤ-ਪ੍ਰੇਤ ਬਿਲਕੁਲ ਨਹੀਂ ਹਨ।**

* ਕਿਸੇ ਵੀ ਵਿਅਕਤੀ ਦੇ ਆਵਾਜ਼ ਪੈਦਾ ਕਰਨ ਲਈ ਗਲੇ, ਜੀਭ ਅਤੇ ਬੁੱਲ੍ਹਾਂ ਦਾ ਹੋਣਾ ਜ਼ਰੂਰੀ ਹੈ। ਫੇਫੜਿਆਂ ਰਾਹੀਂ ਹਵਾ ਗਲੇ ਨਾਲ ਟਕਰਾਉਣ ਦੀ ਵੀ ਲੋੜ ਹੈ। ਇਸ ਲਈ ਭੂਤਾਂ ਪ੍ਰੇਤਾਂ ਦੇ ਗੱਲ ਕਰਨ ਲਈ ਇਹ ਸਾਰੇ ਅੰਗ ਅਤਿਅੰਤ ਜ਼ਰੂਰੀ ਹਨ। ਇਹ ਅੰਗ ਸਿਰਫ਼ ਜਿਉਂਦੇ ਸਰੀਰ ਵਿੱਚ ਹੀ ਹੋ ਸਕਦੇ ਹਨ। ਇਸੇ ਤਰ੍ਹਾਂ ਕਿਸੇ ਚੀਜ਼ ਨੂੰ ਚੁੱਕਣ ਜਾਂ ਸੁੱਟਣ ਲਈ ਹੱਥਾਂ ਦੀ, ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਪੈਰਾਂ ਦੀ ਜ਼ਰੂਰਤ ਹੁੰਦੀ ਹੈ। ਇਹ ਸਾਰੀਆਂ ਚੀਜ਼ਾਂ ਜਿਉਂਦੇ ਸਰੀਰ ਵਿੱਚ ਹੋ ਸਕਦੀਆਂ ਹਨ। ਬਗੈਰ ਸਰੀਰ ਤੋਂ ਇਨ੍ਹਾਂ ਦਾ ਰਹਿਣਾ ਅਸੰਭਵ ਹੈ।

**? ਕਸਰਾਂ ਕੀ ਹੁੰਦੀਆਂ ਹਨ। ਇਹ ਡਾਕਟਰ ਕੋਲੋਂ ਠੀਕ ਨਹੀਂ ਹੁੰਦੀਆਂ ਤੇ ਸਾਧਾਂ ਕੋਲੋਂ ਚੌਂਕੀ ਭਰਨ ਨਾਲ ਠੀਕ ਹੋ ਜਾਂਦੀਆਂ ਹਨ।**

* ਇਹ ਇਕ ਮਨੋਵਿਗਿਆਨਕ ਬਿਮਾਰੀ ਹੈ ਜਿਹੜੀ ਸਿਰਫ਼ ਉਨ੍ਹਾਂ ਵਿਅਕਤੀਆਂ ਨੂੰ ਹੁੰਦੀ ਹੈ ਜਿਹੜੇ ਭੂਤਾਂ-ਪ੍ਰੇਤਾਂ ਵਿੱਚ ਵਿਸ਼ਵਾਸ ਕਰਦੇ ਹਨ। ਇਹ ਸਿਰਫ਼ ਉਸ ਸਮੇਂ ਹੁੰਦੀ ਹੈ ਜਦੋਂ ਕੋਈ ਵਿਅਕਤੀ ਕਿਸੇ ਉਲਝਣ ਵਿੱਚ ਫਸ ਜਾਂਦਾ ਹੈ। ਡਾਕਟਰਾਂ ਤੋਂ ਇਹ ਠੀਕ ਇਸ ਲਈ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਕੋਲ ਅਜਿਹੇ ਮਰੀਜ਼ਾਂ ਦਾ ਭੂਤਾਂ-ਪ੍ਰੇਤਾਂ ਵਿਚੋਂ ਵਿਸ਼ਵਾਸ ਖਤਮ ਕਰਨ ਦਾ ਸਮਾਂ ਨਹੀਂ ਹੁੰਦਾ।

ਤਰਕਸ਼ੀਲ ਆਪਣੀਆਂ ਦਲੀਲਾਂ ਰਾਹੀਂ ਅਤੇ ਆਪਣੇ ਦੁਆਰਾ ਹੱਲ ਕੀਤੇ ਕੇਸਾਂ ਦੀਆਂ ਉਦਾਹਰਣਾਂ ਦੇ ਕੇ ਇਨ੍ਹਾਂ ਲੋਕਾਂ ਦਾ ਵਿਸ਼ਵਾਸ ਭੂਤਾਂ-ਪ੍ਰੇਤਾਂ ਵਿਚੋਂ ਖਤਮ ਕਰ ਦਿੰਦੇ ਹਨ ਅਤੇ ਨਾਲ ਹੀ ਉਨ੍ਹਾਂ ਦੀਆਂ ਸੱਮਸਿਆਵਾਂ ਲੱਭ ਕੇ ਕੋਈ ਯੋਗ ਹੱਲ ਕਰ ਦਿੰਦੇ ਹਨ। ਇਹ ਕਸਰਾਂ ਅਸਥਾਈ ਹੁੰਦੀਆਂ ਹਨ। ਸਾਧਾਂ ਸੰਤਾਂ ਦੀਆਂ ਚੌਂਕੀਆਂ ਨਾਲ ਕੁਝ ਸਮਾਂ ਜ਼ਰੂਰ ਲੰਘ ਜਾਂਦਾ ਹੈ ਤੇ ਕੁਝ ਮਾਨਸਿਕ ਪ੍ਰਭਾਵ ਵੀ ਪੈ ਜਾਂਦਾ ਹੈ। ਇਸ ਨਾਲ ਕੁਝ ਰੋਗੀ ਕੁਝ ਸਮੇਂ ਲਈ ਠੀਕ ਹੋ ਜਾਂਦੇ ਹਨ।

**- ਮੇਘ ਰਾਜ ਮਿੱਤਰ**

# ਜੁੜੇ ਹੋਏ ਹੱਥ





ਅਮਰਜੀਤ ਢਿੱਲੋਂ
ਦਬੜੀਖਾਨਾ

**'ਸੱਭ ਤੋਂ ਜਿਆਦਾ ਪੂਜਾ ਪਾਠ ਸਾਡੇ ਦੇਸ਼ ਵਿਚ ਮੰਦਰ, ਮਸੀਤਾਂ ਅਤੇ ਡੇਰਿਆਂ ਦਾ ਅੰਤ ਹੈ ਨਹੀਂ।**

**ਜਿਧਰ ਵੀ ਨਿਗਾਹ ਮਾਰੋ ਸਾਧਾਂ ਦੇ ਹੀ ਜਮਘਟ, ਕੋਈ ਪਿੰਡ ਨਹੀਂ ਜਿਥੇ ਬੈਠਾ ਕੋਈ ਸੰਤ ਹੈ ਨਹੀਂ।**

**ਸਭ ਤੋਂ ਜਿਆਦਾ ਹੱਥ ਵੀ ਨੇ ਸਾਡੇ ਹੀ ਦੇਸ਼ ਵਿਚ ਰਹਿੰਦੇ ਨੇ ਪਰ ਜੁੜੇ ਕੰਮ ਕਰਦੇ ਕਦੰਤ ਹੈ ਨਹੀਂ।**

**ਉਪਰ ਨੂੰ ਦੇਖ ਅਰਦਾਸਾਂ ਕਰੀ ਜਾਣ ਸਾਰੇ, ਕਿਸਮਤਾਂ ਨੂੰ ਕੋਸੀ ਜਾਣ, ਕਿਸੇ 'ਚ ਵੀ ਤੰਤ ਹੈ ਨਹੀਂ।**

**ਜੁੜਿਆਂ ਹੱਥਾਂ ਨੂੰ ਪੱਤਝੜ 'ਵਾਜਾਂ ਮਾਰਦੀ ਏ ਦੂਰ ਦੂਰ ਤੀਕ ਕਿਤੇ ਨਜਰ ਆਂਵਦੀ ਬਸੰਤ ਹੈ ਨਹੀਂ।**

ਫੈਜ਼ ਅਹਿਮਦ ਫੈਜ਼ ਉਰਦੂ ਦੇ ਮਹਾਨ ਇਨਕਲਾਬੀ ਸ਼ਾਇਰ ਹੋਏ ਹਨ। ਅੱਧੀ ਸਦੀ ਪਹਿਲਾਂ ਲਿਖੀ ਉਹਨਾਂ ਦੀ ਗ਼ਜ਼ਲ ਦਾ ਇਕ ਸ਼ੇਅਰ ਹੈ 'ਕਰਤੇ ਭੀ ਚਲੋ, ਬੜਤੇ ਭੀ ਚਲੋ, ਬਾਜ਼ੂ ਭੀ ਬਹੁਤ ਹੈਂ ਸਰ ਭੀ ਬਹੁਤ, ਬੜਤੇ ਭੀ ਚਲੋ ਕਿ ਅਬ ਡੇਰੇ ਮੰਜ਼ਿਲ ਹੀ ਪੇ ਡਾਲੇ ਜਾਏਂਗੇ।' ਫੈਜ਼ ਸਾਹਿਬ ਕਹਿੰਦੇ ਸਾਡੇ ਕੋਲ ਸਿਰ ਵੀ ਬਹੁਤ ਐ,ਬਾਹਾਂ ਤੇ ਹੱਥ ਵੀ ਬਹੁਤ ਹਨ। ਹੁਣ ਮੰਜ਼ਿਲ 'ਤੇ ਜਾਕੇ ਹੀ ਦਮ ਲਵਾਂਗੇ। ਸਾਡੇ ਕੋਲ (ਭਾਰਤ ਵਾਸੀਆਂ ਕੋਲ) ਇਸ ਸਮੇਂ 125 ਕਰੋੜ ਸਿਰ ਅਤੇ 250 ਕਰੋੜ ਹੱਥ ਹਨ। ਪਰ ਕੀਤਾ ਕੀ ਜਾਵੇ ਕਿ ਇਹ ਹੱਥ ਸਦਾ ਜੁੜੇ ਹੀ ਰਹਿੰਦੇ ਹਨ। ਜੇ ਖੁੱਲ੍ਹਦੇ ਵੀ ਹਨ ਤਾਂ ਜਾਕੇ ਕਿਸੇ ਗੁਰਦਵਾਰੇ, ਮੰਦਰ, ਮਸੀਤ ਜਾਂ ਸਾਧਾਂ ਦੇ ਡੇਰਿਆਂ 'ਚ । ਜਾਂ ਇਹ ਹੱਥ ਸਾਰਾ ਦਿਨ ਅਰਦਾਸ ਹੀ ਕਰਨ 'ਚ ਹੀ ਜੁੜੇ ਰਹਿੰਦੇ ਹਨ ਜਾਂ ਤਾਸ਼ ਖੇਡਣ ਆਦਿ ਖੇਡਣ 'ਚ। ਅਸੀਂ ਇਹਨਾਂ ਹੱਥਾਂ ਨਾਲ ਆਪਣੇ ਲਈ ਕਿਰਤ ਕਰਨੀ ਤਾਂ ਸਿੱਖੀ ਹੀ ਨਹੀਂ। ਸਾਡੇ ਨਾਲੋਂ ਥੋੜੇ ਜਿਹੇ ਵੱਧ ਹੱਥਾਂ ਵਾਲਾ ਦੇਸ਼ ਚੀਨ ਸਾਥੋਂ ਦੋ ਸਾਲ ਬਾਦ ਆਜ਼ਾਦ ਹੋ ਕੇ ਦੁਨੀਆਂ ਦੀ ਮਹਾਂਸ਼ਕਤੀ ਬਣ ਗਿਆ। ਅਸੀਂ ਅਜੇ ਵੀ ਕਿਸੇ ਸਾਧ ਦੇ ਸੁਪਨੇ ਮਗਰ ਲੱਗਣ ਧਰਤੀ 'ਚੋਂ ਖਜ਼ਾਨੇ ਖੋਜਣ ਲੱਗੇ ਹੋਏ ਹਾਂ। ਸਾਡੀ ਧਰਤੀ 'ਚ ਖਜਾਨੇ ਤਾਂ ਬਹੁਤ ਹਨ ਪਰ ਇਹ ਹੱਥਾਂ ਦੀ ਕਿਰਤ ਕਰਕੇ ਹਾਸਿਲ ਕੀਤੇ ਜਾ ਸਕਦੇ ਹਨ। ਸਾਡੇ ਧਾਰਮਿਕ ਆਗੂਆਂ ਅਤੇ ਸ਼ਾਤਿਰ ਰਹਿਬਰਾਂ ਨੇ ਇਹਨਾਂ ਹੱਥਾਂ ਦੀ ਵਰਤੋਂ ਕਰਨੀ ਹੀ ਨਹੀਂ ਸਿਖਾਈ। ਸ਼ਾਇਦ ਡਰਦੇ ਹੋਣਗੇ ਕਿ ਲੋਕ ਆਪਣੇ ਹੱਕ ਮੰਗ ਕੇ ਇਹਨਾਂ ਹੱਥਾਂ ਨਾਲ ਕਿਤੇ ਉਹਨਾਂ ਦੀ ਸੰਘੀ ਹੀ ਨਾ ਮਰੋੜ ਦੇਣ। ਸਾਡੇ ਧਾਰਮਿਕ ਗਰੰਥਾਂ ਨੇ ਸਾਨੂੰ ਸਿਰ ਨੀਵਾਂ ਰੱਖਣਾ, ਹੱਥ ਜੋੜ ਕੇ ਅਰਦਾਸ ਕਰਨੀ ਅਤੇ ਭਾਣਾ ਮੰਨਣਾ ਹੀ ਸਿਖਾਇਆ ਹੈ। ਇਸੇ ਲਈ ਅਸੀਂ ਦੁਨੀਆਂ 'ਚ ਸਭ ਤੋਂ ਵੱਧ ਸਮਾਂ (ਦੋ ਹਜਾਰ ਸਾਲ) ਗੁਲਾਮ ਰਹੇ। ਹੁਣ ਆਜ਼ਾਦੀ ਤਾਂ ਐਵੇਂ ਨਾਂ ਦੀ ਹੀ ਹੈ। ਅਸੀਂ ਰਸਮਾਂ ਰਿਵਾਜਾਂ ਦੇ ਉਸੇ ਤਰ੍ਹਾਂ ਹੀ ਗੁਲਾਮ ਹਾਂ।

ਕਹਿੰਦੇ ਜੀ ਫਲਾਣੇ ਮਹਾਂ ਪੁਰਸ਼ ਪੈਸਾ ਮੱਥਾ ਨਹੀਂ ਟਿਕਾਉਂਦੇ। ਸਿਰਫ ਸੇਵਾ ਕਰਵਾਉਂਦੇ ਹਨ। ਸੇਵਾ ਕਾਹਦੀ, ਖੇਤੀ ਬਾੜੀ, ਬਾਗਬਾਨੀ, ਸਬਜੀ ਭਾਜੀ ਆਦਿ ਦੀ। ਲੋਕ ਜਾ ਕੇ ਕਈ ਕਈ ਮਹੀਨੇ ਸੇਵਾ ਕਰਦੇ ਹਨ। ਫਿਰ ਇਹ ਸਬਜੀ ਆਪ ਹੀ ਵੇਚਦੇ ਹਨ। ਬਾਬੇ ਦੇ ਸ਼ਰਧਾਲੂ ਪ੍ਰਸ਼ਾਦ ਕਹਿ ਕੇ ਇਹ ਸਬਜੀ ਮਹਿੰਗੇ ਭਾਅ ਤੇ ਖਰੀਦ ਲੈਂਦੇ ਹਨ। ਪੈਸੇ ਬਾਬਿਆਂ ਦੇ ਖਜਾਨੇ 'ਚ ਜਮਾਂ ਹੋ ਜਾਂਦੇ ਹਨ। ਮਜ਼ਦੂਰ ਫਿਰ ਆ ਕੇ ਜੱਟ ਜਿਮੀਂਦਾਰ ਦੇ ਸੀਰੀ ਲੱਗ ਜਾਂਦੇ ਹਨ। ਪਿਓ ਪੁੱਤ ਵਾਰੋ ਵਾਰੀ ਜਿਮੀਂਦਾਰ ਤੋਂ ਪੈਸੇ ਲੈਕੇ ਬਾਬਿਆਂ ਦੇ ਸੇਵਾ ਕਰਨ ਜਾਂਦੇ ਰਹਿੰਦੇ ਹਨ। ਕੀ ਫਾਇਦਾ ? ਕਹਿੰਦੇ ਅਸੀਂ ਆਪਣਾ ਅੱਗਾ (ਪਰਲੋਕ) ਸੰਵਾਰਦੇ ਹਾਂ। ਪਰਲੋਕ ਜਿਸਦੀ ਕੋਈ ਹੋਂਦ ਨਹੀਂ, ਖਾਤਿਰ ਆਪਣਾ ਆਹ ਜਨਮ ਭੁੱਖੇ ਨੰਗੇ ਤੇ ਤੰਗੀਆਂ 'ਚ ਗੁਜਾਰ ਲੈਂਦੇ ਹਨ। ਇਸੇ ਤਰ੍ਹਾਂ ਪੀੜ੍ਹੀ ਦਰ ਪੀੜ੍ਹੀ ਇਹ ਸਿਲਸਿਲਾ ਚਲਦਾ ਰਹਿੰਦਾ ਹੈ । ਪੜ੍ਹੇ ਲਿਖੇ, ਸੇਵਾ ਮੁਕਤ ਅਫ਼ਸਰ ਵੀ ਸੇਵਾ ਕਰਦੇ ਜਾਂਦੇ ਹਨ। ਆਪਣੀ ਸਾਰੀ ਪੈਨਸ਼ਨ ਉਥੇ ਹੀ ਖਰਚ ਕਰ ਦਿੰਦੇ ਹਨ। ਬਾਬਿਆਂ ਨੇ ਸਕੂਲ ਵੀ ਖੋਹਲ ਦਿਤੇ ਹਨ ਤਾਂ ਕਿ ਸੇਵਾਦਾਰ ਬੱਚੇ ਵੀ ਇਥੇ ਹੀ ਪੜ੍ਹਾਉਣ ਤੇ ਇਹਨਾਂ ਸਕੂਲਾਂ 'ਚੋਂ ਰੇਡੀਮੇਡ ਸੇਵਾਦਾਰ ਤਿਆਰ ਹੁੰਦੇ ਰਹਿੰਦੇ ਹਨ। ਬਹੁਤੇ ਆਪਣੀਆਂ ਧੀਆਂ ਵੀ ਉਥੇ ਹੀ ਛੱਡ ਦਿੰਦੇ ਹਨ। ਉਹ ਸਾਧਣੀਆਂ ਬਣ ਕੇ ਸੇਵਾ ਕਰਦੀਆਂ ਰਹਿੰਦੀਆਂ ਹਨ। ਬਾਬਿਆਂ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਦੇ ਹਨ। ਉਹ ਅਦਾਲਤਾਂ 'ਚ ਤਰੀਕਾਂ ਭੁਗਤਦੇ ਹਨ ਪਰ ਅਗਿਆਨੀ ਸੇਵਾਦਾਰਾਂ 'ਤੇ ਇਸਦਾ ਭੋਰਾ ਭਰ ਵੀ ਅਸਰ ਨਹੀਂ ਹੁੰਦਾ । ਉਹਨਾਂ ਦੀ ਸੋਚ ਹੀ ਇਸ ਕਦਰ ਖੁੰਢੀ ਕਰ ਦਿਤੀ ਜਾਂਦੀ ਹੈ ਕਿ ਬਾਬੇ ਤੇ ਸ਼ੰਕਾ ਕਰਨੀ ਹੀ ਪਾਪ ਸਮਝਦੇ ਹਨ।

ਬਾਬੇ ਸਿਆਸਤਦਾਨਾ ਦੇ ਵੋਟ ਬੈਂਕ ਦਾ ਕੰਮ ਕਰਦੇ ਹਨ। ਕਹਿੰਦੇ ਸੰਗਤ ਵੇਚਦੀ ਵੋਟਾਂ ਤੇ ਸੰਗਤਾਂ ਨੂੰ ਬਾਬੇ ਵੇਚਦੇ। ਵੋਟਾਂ ਦੇ ਬਦਲੇ ਸਿਆਸਤ ਦਾਨ ਕੁਝ ਸੀਟਾਂ ਬਾਬਿਆਂ ਨੂੰ ਦੇ ਦਿੰਦੇ ਹਨ ਤੇ ਉਹਨਾਂ ਦੇ ਕੁਕਰਮ ਮਾਫ ਕਰਕੇ ,ਉਹਨਾਂ ਦੀ ਰੱਖਿਆ ਕਰਨ ਦਾ ਬਚਨ ਵੀ ਦਿੰਦੇ ਹਨ। 'ਕਈ ਸੰਤ ਵੀ ਬਣ ਗਏ ਐਮ ਐਲ ਏ, ਝੰਡੀ ਵਾਲੀ ਹੈ ਉਹਨਾਂ ਨੂੰ ਕਾਰ ਮਿਲ ਗਈ। ਹੋ ਗਏ ਲੋਕ ਪਰਲੋਕ ਸੁਹੇਲੇ ਦੋਵੇਂ ਨਾਲੇ ਨੂਰ ਮਿਲਿਆ ਨਾਲੇ ਨਾਰ ਮਿਲ ਗਈ।' ਹੁਣ ਤਾਂ ਸੰਗਤਾਂ ਦੀ ਬਦੌਲਤ ਬਾਬਿਆਂ ਨੇ ਆਪਣੇ ਕਾਰੋਬਾਰ ਬਹੁਤ ਵਧਾ ਲਏ ਹਨ। ਕਿਸੇ ਬਾਬੇ ਨੇ ਦਵਾਈਆਂ ਬਣਾਉਣ ਦਾ ਕਾਰਖਾਨਾ ਲਾ ਲਿਆ ਹੈ। ਆਟੇ ਤੋਂ ਲੈਕੇ ਕੁਲ ਪਦਾਰਥ ਇਹ ਬਾਬੇ ਤਿਆਰ ਕਰ ਰਹੇ ਹਨ। ਹੁਣ ਕਰੋੜਾਂ ਪਤੀ ਤੋਂ ਅਰਬਾਂ ਪਤੀ ਬਣ ਗਏ ਹਨ ਅਤੇ ਖਰਬਾਂ ਪਤੀ ਬਨਣ ਦੀ ਦੌੜ 'ਚ ਹਨ ਪਰ ਜੁੜੇ ਹੱਥਾਂ ਵਾਲੇ ਸੇਵਾਦਾਰਾਂ ਦੇ ਬੱਚੇ ਉਸੇ ਤਰ੍ਹਾਂ ਠੰਡ 'ਚ ਠੁਰ ਠੁਰ ਕਰਦੇ ਫਿਰਦੇ ਹਨ। ਬਹੁਤ ਸ਼ਾਤਿਰ ਹੈ ਇਹ ਸਰਮਾਏ ਦਾਰੀ ਨਿਜ਼ਾਮ। ਇਸਨੂੰ ਪਤਾ ਹੈ ਕਿ ਇਹ ਸੰਤ ਬਾਬੇ ਹੀ ਇਸ ਨਿਜ਼ਾਮ ਦੀ ਉਮਰ ਲੰਮੀ ਕਰ ਸਕਦੇ ਹਨ। ਇਸ ਲਈ ਧਰਮ ਦੇ ਨਾਂ ਤੇ ਲੋਕ ਦੀ ਸੋਚ ਖੁੰਢੀ ਕਰਕੇ ,ਉਹਨਾਂ ਨੂੰ ਕਿਸਮਤਵਾਦ, ਪੁਨਰ ਜਨਮ, ਨਰਕਾਂ ਦਾ ਡਰ ਅਤੇ ਸੁਰਗਾਂ ਦੇ ਲਾਲਚ 'ਚ ਉਲਝਾਇਆ ਜਾਂਦਾ ਹੈ। ਫੈਜ਼ ਅਹਿਮਦ ਫੈਜ਼ ਨੇ ਆਪਣੀ ਗ਼ਜ਼ਲ 'ਚ ਲਿਖਿਆ ਸੀ 'ਐ ਖ਼ਾਕ ਨਸ਼ੀਨੋ ਉਠ ਬੈਠੋ, ਵੋਹ ਕਰੀਬ ਹੈ ਆ ਪਹੁੰਚਾ ਜਬ ਤਖਤ ਗਿਰਾਏ ਜਾਏਂਗੇ, ਜਬ ਤਾਜ਼ ਉਛਾਲੇ ਜਾਏਂਗੇ।' ਪਰ ਉਹ ਵਕਤ ਬਹੁਤ ਦੂਰ ਲਗਦਾ ਹੈ।

# ਖਤਰਨਾਕ ਜਾਦੂ-ਟੂਣੇ ਦਾ ਭਿਆਨਕ ਅਸਰ

**ਜਿੰਦੀ ਪੇਂਟਰ ਤਰਕਸ਼ੀਲ**

ਮੇਰੇ ਆਪਣੇ ਪਿੰਡ ਬਿਰਕਾਂ ਦੀ ਗੱਲ ਹੈ। ਮਾਰਚ 1998 ਨੂੰ ਮੰਗਲਵਾਰ ਦਾ ਦਿਨ ਸੀ। ਸਵੇਰੇ ਤੜਕੇ ਅਜੇ ਦਿਨ ਵੀ ਪੂਰੀ ਤਰ੍ਹਾਂ ਨਹੀਂ ਸੀ ਚੜ੍ਹਿਆ, ਜਦੋਂ ਉਨ੍ਹਾਂ ਦੀ ਕੁੜੀ ਹਰ ਰੋਜ਼ ਦੀ ਤਰ੍ਹਾਂ ਮੱਝਾਂ ਨੂੰ ਘਰੋਂ ਖੋਲ੍ਹ ਕੇ ਬਾਹਰ ਥੋੜੀ ਜਿਹੀ ਦੂਰੀ, ਬਿਨਾਂ ਬਗਲ ਕੀਤੇ ਥਾਂ ਵਿੱਚ ਬੰਨਣ ਗਈ ਤਾਂ ਉਥੇ ਕੀਤੇ ਹੋਏ ਖਤਰਨਾਕ ਟੂਣੇ ਨੂੰ ਦੇਖ ਕੇ ਡਰ ਨਾਲ ਹੈਰਾਨ-ਪ੍ਰੇਸ਼ਾਨ ਹੋ ਗਈ। ਉਸ ਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ। ਟੂਣੇ ਵਿੱਚ ਬਹੁਤ ਸਾਰਾ ਸਾਮਾਨ ਇਕ ਜਗ੍ਹਾ ਖਿਲਰਿਆ ਪਿਆ ਸੀ, ਜਿਵੇਂ : ਆਟੇ ਦਾ ਬਣਿਆ ਚਮੁਖੀਆ ਦੀਵਾ, ਜੋ ਸਾਰੀ ਰਾਤ ਜਗਦਾ ਰਿਹਾ ਸੀ, ਖ਼ੂਨ ਨਾਲ ਲਿਬੜਿਆ ਚਾਕੂ, ਅੰਡਾ ਜਿਸਨੂੰ ਅੱਧਾ ਕਾਲਾ ਰੰਗ ਕੀਤਾ ਸੀ, ਕੁੱਜੇ ਵਿੱਚ ਦੁੱਧ ਜਿਸ ਵਿੱਚ ਖ਼ੂਨ ਦੇ ਛਿੱਟੇ ਤਰਦੇ ਸੀ, ਕੰਘਾ, ਸ਼ੀਸ਼ਾ, ਪਰਾਂਦੀ, ਨਾਰੀਅਲ, ਹਲਦੀ, ਮਿਰਚਾਂ, ਸ਼ਰਾਬ ਦਾ ਪਊਆ ਅਤੇ ਕੁੱਝ ਧਾਗੇ ਤਵੀਤ ਜੋ ਰੰਗ-ਬਰੰਗੇ ਧਾਗਿਆਂ ਵਿੱਚ ਪਰੋਏ ਹੋਏ ਸੀ ਆਦਿ। ਇਸ ਸਾਰੇ ਸਮਾਨ ਨੂੰ ਦੇਖ ਕੇ ਕੁੜੀ ਨੇ ਚੀਕ-ਚਿਹਾੜਾ ਪਾ ਦਿੱਤਾ। ਉਸਨੇ ਜਲਦੀ ਹੀ ਮੱਝ ਦਾ ਸੰਗਲ ਕੀਲੇ ਨਾਲ ਬੰਨਿਆ ਤੇ ਘਰ ਵੱਲ ਨੂੰ ਦੌੜੀ ਤੇ ਸਾਹੋ-ਸਾਹੀ ਹੋਈ ਨੇ ਘਰਦਿਆਂ ਨੂੰ ਦੁਖੀ ਤੇ ਹੈਰਾਨ ਹੋ ਕੇ ਦੱਸਿਆ, "ਆਪਣੇ ਥਾਂ ਵਿੱਚ ਕਿਸੇ ਨੇ ਜਾਦੂ-ਟੂਣਾ ਕੀਤਾ ਹੋਇਆ ਹੈ।" ਇਹ ਸੁਣ ਕੇ ਘਰਦਿਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ, ਉਹ ਜਲਦੀ ਹੀ ਸਾਰੇ ਮੈਂਬਰ ਟੂਣੇ ਨੂੰ ਦੇਖਣ ਲਈ ਥਾਂ ਵੱਲ ਦੌੜੇ ਤੇ ਦੇਖਦੇ ਸਾਰ ਹੀ ਪਿਟ-ਸਿਆਪਾ ਪਾਉਣ ਲੱਗੇ, "ਪਤਾ ਨਹੀਂ ਕੌਣ ਔਤਰਾ, ਸਾਡੇ ਪਿੱਛੇ ਹੱਥ ਧੋ ਕੇ ਪੈ ਗਿਆ ਹੈ, ਅਸੀਂ ਤਾਂ ਪਹਿਲਾਂ ਹੀ ਬਹੁਤ ਦੁਖੀ ਹਾਂ, ਬਚਦੀ ਕਸਰ ਕੱਢਣ ਲਈ ਕਿਸੇ ਮਰ ਜਾਣੇ ਨੇ ਇਹ ਨਵਾਂ ਸਿਆਪਾ ਪਾ ਦਿੱਤਾ, ਕੱਖ ਨਾ ਰਹੇ ਵੇ ਨਾ ਰਹਿਣਿਆਂ ਤੇਰਾ, ਜਿਸਨੇ ਇਹ ਜਾਦੂ-ਟੂਣਾ ਕੀਤਾ ਹੈ।"



ਰੌਲ਼ਾ-ਰੱਖਾ ਸੁਣ ਕੇ ਆਲ਼ੇ-ਦੁਆਲੇ ਦੇ ਲੋਕ ਘਰੋਂ ਬਾਹਰ ਨਿਕਲ ਕੇ ਜਾਦੂ-ਟੂਣੇ ਨੂੰ ਦੇਖਣ ਲਈ ਇਕੱਠੇ ਹੋ ਗਏ। ਦੇਖ ਕੇ ਪਤਾ ਲੱਗਿਆ ਕਿ ਕਿਸੇ ਨੇ ਘਰ ਨੂੰ ਉਜਾੜਨ ਲਈ ਟੂਣ-ਟਾਮਣ ਕਰ ਰੱਖਿਆ ਸੀ। ਮੈਂ ਤੇ ਮੇਰਾ ਦੋਸਤ ਵੀ ਇਸ ਟੂਣੇ ਨੂੰ ਦੇਖਣ ਲਈ ਲੋਕਾਂ ਦੇ ਇਕੱਠ ਵਿੱਚ ਸ਼ਾਮਲ ਹੋ ਗਏ। ਲੋਕਾਂ ਨੇ ਹਮਦਰਦੀ ਨਾਲ ਘਰਦਿਆਂ ਨੂੰ ਸਲਾਹ ਦਿੱਤੀ, "ਜਲਦੀ ਹੀ ਪਿੰਡ ਦੇ ਬਾਬਾ ਮਲੰਗ ਸ਼ਾਹ ਨੂੰ ਜਗਾ 'ਮਾਤਾ ਸਲਾਣੀ' ਤੋਂ ਲਿਆ ਕੇ ਟੂਣੇ ਦੇ ਖਤਰਨਾਕ ਪ੍ਰਭਾਵ ਨੂੰ ਖਤਮ ਕਰਵਾ ਦੇਵੋ, ਨਹੀਂ ਤਾਂ ਇਹ ਟੂਣਾ ਘਰ ਦੇ ਸਾਰੇ ਮੈਂਬਰਾਂ ਨੂੰ ਖਤਮ ਕਰ ਦੇਵੇਗਾ।" ਇਹ ਸੁਣ ਕੇ ਘਰ ਦੇ ਬੁਰੀ ਤਰ੍ਹਾਂ ਡਰ ਗਏ। ਘਰ ਦਾ ਮੁਖੀ ਜਲਦੀ ਹੀ ਦੌੜ ਕੇ ਮਲੰਗ ਸ਼ਾਹ ਨੂੰ ਲੈਣ ਗਿਆ। ਭਾਵੇਂ ਪੂਰੀ ਤਰ੍ਹਾਂ ਦਿਨ ਚੜ੍ਹ ਗਿਆ ਸੀ ਪਰ ਮਲੰਗ ਅਜੇ ਮੰਜੇ ਉੱਤੇ ਸੁੱਤਾ ਪਿਆ ਘਰਾੜੇ ਹੀ ਮਾਰ ਰਿਹਾ ਸੀ, ਕਿਉਂਕਿ ਹਰ ਰੋਜ਼ ਰਾਤ ਨੂੰ 'ਰਸਭਰੀ' ਸ਼ਰਾਬ ਦੀ ਬੋਤਲ ਪੀ ਕੇ ਦੇਰ ਨਾਲ ਸੌਣ ਵਾਲਾ ਮਲੰਗ ਸ਼ਾਹ ਸਵੇਰੇ ਜਲਦੀ ਕਿਵੇਂ ਜਾਗ ਸਕਦਾ ਸੀ। ਇਹ ਮੰਨਿਆ ਜਾਂਦਾ ਹੈ ਕਿ ਇਹ ਮਲੰਗ ਬਹੁਤ ਸਾਰੇ ਜਾਦੂ-ਮੰਤਰ, ਤੰਤਰ-ਵਿੱਦਿਆ, ਝਾੜ-ਫੂਕ ਤੇ ਕਾਲਾ-ਇਲਮ ਜਾਣਦਾ ਹੈ। ਜਿਸ ਕਰਕੇ ਬਹੁਤ ਸਾਰੇ ਵਹਿਮੀ ਤੇ ਅੰਧਵਿਸ਼ਵਾਸੀ ਲੋਕ ਆਪਣੀਆਂ ਬਹੁਤ ਸਾਰੀਆ ਸਮੱਸਿਆਵਾਂ ਦਾ ਹੱਲ ਇਸਦੇ ਜੰਤਰ-ਮੰਤਰ ਅਤੇ ਝਾੜ-ਫੂਸ ਰਾਹੀਂ ਕਰਾਉਣ ਲਈ ਆ ਜਾਂਦੇ। ਅੱਜ ਇਕ ਹੋਰ ਵਿਅਕਤੀ ਜਾਦੂ-ਟੂਣੇ ਦੀ ਸਮੱਸਿਆ ਦਾ ਹੱਲ ਕਰਾਉਣ ਲਈ ਉਸਦੇ ਦਰਬਾਰ 'ਮਾਤਾ ਸਲਾਣੀ' ਵਿੱਚ ਆ ਪਹੁੰਚਿਆ ਸੀ। ਮਲੰਗ ਨੇ ਜਦੋਂ ਜਾ ਕੇ ਟੂਣੇ ਨੂੰ ਦੇਖਿਆ ਤਾਂ ਡਰ ਨਾਲ ਟੂਣੇ ਤੋਂ ਦੂਰ ਹੀ ਖੜ੍ਹਾ ਹੋ ਕੇ ਅੱਖਾਂ ਕੱਢ ਕੇ ਤੱਕਦਾ ਹੋਇਆ ਹੈਰਾਨ ਰਹਿ ਗਿਆ ਤੇ ਆਖਣ ਲੱਗਾ, "ਨਾ ਭਾਈ! ਇਹ ਟੂਣਾ ਤਾਂ ਬਹੁਤ ਹੀ ਭਾਰੀ ਤੇ ਖਤਰਨਾਕ ਹੈ। ਇਹ ਤਾਂ ਕਿਸੇ ਦੀ ਜਾਨ ਲੈ ਕੇ ਹੀ ਛੱਡੂ।" ਆਲ਼ੇ-ਦੁਆਲ਼ੇ ਦੇ ਲੋਕ ਇਹ ਸੁਣ ਕੇ ਡਰ ਗਏ। ਮਲੰਗ ਨੇ ਫਿਰ ਵੀ ਟੂਣੇ ਦੇ ਅਸਰ ਨੂੰ ਖਤਮ ਕਰਨ ਲਈ ਅੱਖਾਂ ਬੰਦ ਕਰਕੇ ਕੁੱਝ ਜੰਤਰ-ਮੰਤਰ ਤੇ ਤੰਤਰ-ਮੰਤਰ ਵਿੱਦਿਆ ਰਾਹੀਂ ਝਾੜ ਫੂਕ ਕੀਤਾ, ਪਰ ਉਹ ਟੂਣੇ ਨੂੰ ਹੱਥ ਲਾਉਣ ਤੋਂ ਵੀ ਡਰਦਾ ਸੀ, ਕਿਉਂਕਿ ਕਿਤੇ ਉਸਦੀ ਹੀ ਸ਼ਾਮਤ ਨਾ ਆ ਜਾਵੇ। ਇਸ ਲਈ ਉਹ ਕੁਝ ਦੂਰੀ ਤੇ ਖੜ੍ਹਾ ਹੋ ਕੇ ਅਖੌਤੀ ਦੇਵੀ-ਦੇਵਤਿਆਂ ਨੂੰ ਧਿਆਉਂਦਾ ਰਿਹਾ। ਜਦ ਘਰਦਿਆਂ ਨੇ ਮਲੰਗ ਨੂੰ ਕਿਹਾ ਕਿ ਇਸ ਟੂਣੇ ਨੂੰ ਚੁੱਕ ਕੇ ਕਿਤੇ ਦੂਰ ਚਲਦੇ ਪਾਣੀ ਵਿੱਚ ਸੁੱਟ ਦੇਵੋ ਤਾਂ ਉਹ ਡਰਦਾ ਹੋਇਆ ਇਕ ਦਮ ਬੋਲਿਆ, "ਹਾਏ... ਹਾਏ..., ... ਨਾ ਜੀ! ਇਹ ਮੇਰੇ ਵੱਸ ਦੀ ਗੱਲ ਨਹੀਂ, ਇਹ ਕੰਮ ਤਾਂ ਤੁਸੀਂ ਕਿਸੇ ਹੋਰ ਕੋਲੋਂ ਹੀ ਕਰਵਾ ਲਵੋ, ਮੈਨੂੰ ਬਖਸ਼ੋ"। ਇਹ ਆਖ ਕੇ ਮਲੰਗ ਉਥੋਂ ਤਿੱਤਰ ਹੋ ਗਿਆ।

ਘਰ ਦੇ ਸੋਚਾਂ ਵਿੱਚ ਪੈ ਗਏ, ਹੁਣ ਕੀ ਕੀਤਾ ਜਾਵੇ ? ਉਨ੍ਹਾਂ ਨੇ ਜਲਦੀ ਹੀ ਵੱਡੇ ਲੜਕੇ ਨੂੰ ਸਕੂਟਰ ਰਾਹੀਂ ਲਾਗੇ ਪਿੰਡ ਦੇ ਪਹੁੰਚੇ ਹੋਏ ਚੇਲੇ-ਸਿਆਣੇ (ਬਾਬੇ) ਨੂੰ ਲਿਆਉਣ ਲਈ ਭੇਜਿਆ। ਕਿਉਂਕਿ ਘਰਦੇ ਇਸ ਚੇਲੇ ਸਿਆਣੇ ਨੂੰ ਕਈ ਸਾਲਾਂ ਤੋਂ ਮਨੋ ਮਨਦੇ ਆ ਰਹੇ ਸੀ। ਇਸ ਲਈ ਉਨ੍ਹਾਂ ਦਾ ਇਸ ਉੱਪਰ ਪੂਰਾ ਵਿਸ਼ਵਾਸ਼ ਸੀ। ਚੇਲਾ-ਸਿਆਣਾ ਤੇ ਲੜਕਾ ਸਕੂਟਰ ਰਾਹੀਂ ਕਾਫੀ ਦੇਰ ਬਾਅਦ ਪਹੁੰਚੇ। ਲੜਕੇ ਨੇ ਦੇਰੀ ਨਾਲ ਆਉਣ ਦਾ ਕਾਰਨ ਦੱਸਿਆ, "ਰਸਤੇ ਵਿੱਚ ਅਚਾਨਕ ਸਕੂਟਰ ਪੈਂਚਰ ਹੋ ਗਿਆ ਸੀ, ਇਸ ਲਈ ਪੈਂਚਰਾਂ ਦੀ ਦੁਕਾਨ ਉਪਰ ਦੇਰ ਹੋ ਗਈ।" ਸਕੂਟਰ ਪੈਂਚਰ ਹੋਣ ਦਾ ਕਾਰਨ ਸਿਆਣੇ ਨੇ ਦੱਸਿਆ, "ਇਹ ਸਭ ਇਸ ਖਤਰਨਾਕ ਜਾਦੂ-ਟੂਣੇ ਦੇ ਅਸਰ ਕਰਕੇ ਹੀ ਹੋਇਆ ਸੀ। ਟੂਣੇ ਵਿਚਲੀਆਂ ਭੂਤਾਂ-ਚੜ੍ਹੇਲਾਂ ਨਹੀਂ ਸੀ ਚਾਹੁੰਦੀਆਂ ਕੇ ਅਸੀਂ (ਚੇਲਾ) ਇੱਥੇ ਪਹੁੰਚੀਏ, ਇਸ ਲਈ ਸਾਨੂੰ ਰੋਕਣ ਲਈ ਇਹ ਸਕੂਟਰ ਪੈਂਚਰ ਦਾ ਕਾਰਾ ਕਰ ਦਿੱਤਾ। ਫਿਰ ਵੀ ਸਾਡੀਆਂ ਗੈਬੀ ਸ਼ਕਤੀਆਂ ਨੇ ਇਸ ਅਸਰ ਨੂੰ ਖਤਮ ਕਰ ਦਿੱਤਾ ਤੇ ਅਸੀਂ ਠੀਕ ਠਾਕ ਪਹੁੰਚ ਗਏ।" ਚੇਲੇ ਨੇ ਜਦੋਂ ਟੂਣੇ ਨੂੰ ਦੇਖਿਆ ਤਾਂ ਉਹ ਵੀ ਡਰ ਨਾਲ ਹੱਕਾ-ਬੱਕਾ ਰਹਿ ਗਿਆ ਤੇ ਆਖਣ ਲੱਗਾ, "ਇਹ ਤਾਂ ਬਹੁਤ ਹੀ

ਭਿਆਨਕ ਜਾਦੂ-ਟੂਣਾ ਕੀਤਾ ਹੋਇਆ ਹੈ, ਕਿਸੇ ਨੇ ਘਰ ਦੇ ਮੈਂਬਰਾਂ ਨੂੰ ਮਾਰਨ ਲਈ ਹੀ ਇਹ ਕਾਰਾ ਕੀਤਾ ਹੈ।" ਘਰਦਿਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਕਿਰਪਾ ਕਰਕੇ, ਬਾਬਾ ਜੀ ਸਾਨੂੰ ਇਸ ਤੋਂ ਬਚਾ ਲਵੋ, ਤੁਹਾਡੇ ਤੋਂ ਬਿਨਾਂ ਹੁਣ ਸਾਡਾ ਕੋਈ ਸਹਾਰਾ ਨਹੀਂ।" ਚੇਲੇ ਨੇ ਜਲਦੀ ਹੀ ਲੜਕੇ ਨੂੰ ਆਖਿਆ, "ਸੁੱਕੀ ਪਰਾਲੀ ਦੇ 3-4 ਪੂਲੇ ਇਸ ਟੂਣੇ ਉੱਪਰ ਰੱਖਕੇ ਅੱਗ ਲਾ ਦੇਵੋ।" ਲੜਕੇ ਨੇ ਜਲਦੀ ਹੀ ਦੌੜਕੇ ਘਰੋਂ 3-4 ਪੂਲੇ ਲਿਆਂਦੇ ਤੇ ਟੂਣੇ ਉੱਪਰ ਰੱਖ ਕੇ ਅੱਗ ਲਾ ਦਿੱਤੀ। ਚੇਲਾ ਆਪ ਡਰਦਾ ਹੋਇਆ ਦੂਰ ਹੀ ਖੜ੍ਹਾ ਅੱਗ ਨਾਲ ਝੁਲਸ ਰਹੇ ਟੂਣੇ ਦੇ ਅਸਰ ਨੂੰ ਖਤਮ ਕਰਨ ਲਈ ਝਾੜ-ਫੂਕ ਕਰਦਾ ਹੋਇਆ ਜੰਤਰ-ਮੰਤਰ ਤੇ ਤੰਤਰ-ਵਿੱਦਿਆ ਉੱਚੀ ਆਵਾਜ਼ ਵਿੱਚ ਬੋਲਦਾ ਰਿਹਾ। ਏਨੇ ਨੂੰ ਲਾਗੇ ਬੰਨ੍ਹੀ ਹੋਈ ਮੱਝ ਤੇਜ਼ੀ ਨਾਲ ਟੱਪਣ ਲੱਗ ਪਈ, ਜਿਵੇਂ ਕਿਸੇ ਨੇ ਉਸਨੂੰ ਕਸ਼ਟ ਪਹੁੰਚਾਇਆ ਹੋਵੇ। ਇਹ ਦੇਖ ਕੇ ਚੇਲਾ ਉੱਚੀ ਆਵਾਜ਼ ਵਿੱਚ ਬੋਲਿਆ, "ਜਲਦੀ ਹੀ ਮੱਝ ਨੂੰ ਇਥੋਂ ਖੋਲ੍ਹ ਕੇ ਕਿਤੇ ਦੂਰ ਬੰਨ ਦੇਵੋ, ਕਿਉਂਕਿ ਟੂਣੇ ਦਾ ਅਸਰ ਇਸ ਮੱਝ ਉਪਰ ਵੀ ਹੋਣ ਲੱਗਾ ਹੈ।" ਜਲਦੀ ਹੀ ਘਰਦਿਆਂ ਨੇ ਮੱਝ ਨੂੰ ਉਥੋਂ ਖੋਲ੍ਹ ਕੇ ਦੂਰ ਬੰਨ ਦਿੱਤਾ, ਘਰ ਦੇ ਸਾਰੇ ਮੈਂਬਰ ਪਾਗਲਾਂ ਵਾਂਗ ਬੌਂਦਲ ਗਏ, ਉਨ੍ਹਾਂ ਨੂੰ ਕੁਝ ਵੀ ਨਹੀਂ ਸੁਝਿਆ। ਚੇਲੇ-ਸਿਆਣੇ ਅਨੁਸਾਰ ਇਹ ਸਭ ਇਸ ਖਤਰਨਾਕ ਟੂਣੇ ਦੇ ਹਾਨੀਕਾਰਕ ਪ੍ਰਭਾਵ ਕਰਕੇ ਹੀ ਹੋ ਰਿਹਾ ਹੈ। ਟੂਣਾ ਜਦੋਂ ਸਾਰਾ ਜਲ ਭੁਜ ਕੇ ਸੁਆਹ ਬਣ ਗਿਆ ਤਾਂ ਚੇਲੇ ਨੇ ਲੜਕੇ ਨੂੰ ਆਖਿਆ, "ਇਹ ਸਾਰੀ ਸੁਹਾਯ ਤੇ ਅੱਧ ਜਲਿਆ ਸਮਾਨ ਇਕ ਬੋਰੇ ਵਿੱਚ ਪਾ ਕੇ ਚਲਦੇ ਪਾਣੀ ਵਿੱਚ ਸੁੱਟ ਦੇਵੋ।" ਜਲੇ ਹੋਏ ਟੂਣੇ ਨੂੰ ਲਿਜਾਂਦੇ ਸਮੇਂ ਲੜਕੇ ਨੂੰ ਇਕ ਮੰਤਰ ਮੂੰਹ ਵਿਚ ਹੀ ਜਪਦੇ ਜਾਣ ਲਈ ਕਿਹਾ ਗਿਆ। ਲੜਕਾ ਪੈਦਲ ਹੀ ਇਕ ਕਿਲੋਮੀਟਰ ਦੂਰ ਮੰਤਰ ਦਾ ਜਾਪ ਕਰਦਾ ਹੋਇਆ ਟੂਣੇ ਨੂੰ ਨਹਿਰ ਵਿੱਚ ਜਲ ਪ੍ਰਵਾਹ ਕਰ ਆਇਆ।

ਘਰਦਿਆਂ ਨੇ ਲੋਕਾਂ ਦੇ ਭਾਰੀ ਇਕੱਠ ਸਾਹਮਣੇ ਚੇਲੇ ਨੂੰ ਪੁੱਛਿਆ, "ਬਾਬਾ ਜੀ! ਉਹ ਕੌਣ ਵਿਅਕਤੀ ਹੈ, ਜਿਸਨੇ ਇਹ ਕਾਰਾ ਸਾਨੂੰ ਮਾਰਨ ਲਈ ਕੀਤਾ ਹੈ। ਸਾਨੂੰ ਕਿਸੇ ਤਰ੍ਹਾਂ ਉਸਦਾ ਨਾਂ ਦੱਸ ਦੇਵੋ। ਅਸੀਂ ਉਸਨੂੰ ਜਿਉਂਦਾ ਨਹੀਂ ਛੱਡਾਂਗੇ।" ਚੇਲੇ-ਸਿਆਣੇ ਨੇ ਆਖਿਆ, "ਮੈਂ ਤੁਹਾਨੂੰ ਉਸ ਵਿਅਕਤੀ ਦੀ ਫੋਟੋ ਕਿਸੇ ਛੋਟੇ ਬੱਚੇ ਦੇ ਨਹੁੰ ਵਿਚ ਦਿਖਾ ਸਕਦਾ ਹਾਂ।" ਜਲਦੀ ਹੀ ਘਰਦਿਆਂ ਨੇ ਇਕ ਬੱਚਾ ਲਿਆਂਦਾ, ਚੇਲੇ ਨੇ ਉਸਦੇ ਨਹੁੰ ਉਪਰ ਸਰ੍ਹੋਂ ਦਾ ਤੇਲ ਤੇ ਕਾਲਖ਼ ਲਾ ਕੇ ਉਸਨੂੰ ਇਸ ਉਪਰ ਟਿਕ ਟਿਕੀ ਲਗਾ ਕੇ ਦੇਖਣ ਲਈ ਆਖਿਆ। ਬੱਚੇ ਨੇ ਗੌਰ ਨਾਲ ਦੇਖਿਆ। ਚੇਲੇ ਨੇ ਪੁੱਛਿਆ, "ਕੀ ਤੈਨੂੰ ਇਸ ਉੱਪਰ ਕੋਈ ਵਿਅਕਤੀ ਟੂਣਾ ਕਰਦਾ ਹੋਇਆ ਦਿਖਾਈ ਦੇ ਰਿਹਾ ਹੈ?" ਬੱਚੇ ਨੇ ਜਵਾਬ ਦਿੱਤਾ, "ਨਹੀਂ!" ਚੇਲੇ ਨੇ ਫਿਰ ਬੱਚੇ ਨੂੰ ਆਖਣਾ ਸ਼ੁਰੂ ਕਰ ਦਿੱਤਾ, "ਗੌਰ ਨਾਲ ਦੇਖ ਇਕ ਮੋਟੀ ਜਹੀ ਕਾਲੇ ਰੰਗ ਦੀ ਔਰਤ ਰਾਤ ਦੇ 12 ਵਜੇ ਲੁੱਕ ਛਿਪਕੇ ਟੂਣਾ ਕਰਨ ਆ ਰਹੀ ਹੈ। ਪਹਿਲਾਂ ਉਹਨੇ ਆਟੇ ਦਾ ਚਮੁਖੀਆ ਦੀਵਾ ਜਗਾਇਆ। ਫਿਰ ਝੋਲੇ ਵਿਚੋਂ ਬਹੁਤ ਸਾਰਾ ਸਮਾਨ ਕੰਘਾ, ਸ਼ੀਸ਼ਾ, ਪਰਾਂਦੀ, ਅੰਡਾ ਤੇ ਚਾਕੂ ਰੱਖਿਆ, ਹੁਣ ਕੁੱਜੇ ਵਿਚ ਦੁੱਧ ਪਾ ਰਹੀ ਹੈ ਤੇ ਉਸ ਉੱਪਰ ਖ਼ੂਨ ਦੇ ਛਿੱਟੇ ਮਾਰ ਰਹੀ ਹੈ।" ਬੱਚੇ ਨੇ ਸੱਚ ਬੋਲਦਿਆਂ ਆਖਿਆ, "ਮੈਨੂੰ ਤਾਂ ਕੋਈ ਔਰਤ ਦਿਖਾਈ ਨਹੀਂ ਦੇ ਰਹੀ ਅਤੇ ਨਾ ਹੀ ਟੂਣੇ ਦਾ ਸਮਾਨ ਦਿਖ ਰਿਹਾ ਹੈ।" ਚੇਲੇ ਨੇ ਆਪਣੀਆਂ ਵੈਦਿਕ ਸ਼ਕਤੀਆਂ ਨੂੰ ਝੂਠਾ ਸਿੱਧ ਹੁੰਦਾ ਦੇਖ ਕੇ ਬਚਾਅ ਕਰਨ ਲਈ ਆਖਿਆ, "ਅੱਜ ਸੂਰਜ ਨਾ ਚੜ੍ਹਨ ਕਰਕੇ, ਬੱਚੇ ਨੂੰ ਕੁਝ ਵੀ ਦਿਖਾਈ ਨਹੀਂ ਦੇ ਰਿਹਾ, ਕਿਉਂਕਿ ਟੂਣੇ ਦਾ ਅਸਰ ਸੂਰਜ ਦੇਵਤੇ ਉੱਪਰ ਵੀ ਹੋਇਆ ਹੈ। ਇਸ ਲਈ ਸੂਰਜ ਦੇਵਤਾ ਵੀ ਆਪਣੀ ਰੌਸ਼ਨੀ ਨਹੀਂ ਛੱਡ ਰਿਹਾ, ਜਿਸ ਕਰਕੇ ਬੱਚੇ ਨੂੰ ਰੌਸ਼ਨੀ ਤੋਂ ਬਿਨਾਂ ਸਾਫ ਸਾਫ ਦਿਖਾਈ ਨਹੀਂ ਦੇ ਰਿਹਾ, ਪਰ ਇਹ ਸੱਚ ਹੈ ਕਿ ਇਹ ਟੂਣਾ-ਟਾਮਣ, ਕਰਨ ਵਾਲੀ ਮੋਟੀ ਜਿਹੀ ਕਾਲੇ ਰੰਗ ਦੀ ਔਰਤ ਹੀ ਹੈ। ਜਿਸਦੇ ਕੋਈ ਔਲਾਦ ਨਹੀਂ, ਔਲਾਦ ਦੀ ਪ੍ਰਾਪਤੀ ਲਈ ਹੀ ਉਸਨੇ ਇਹ ਜਾਦੂ-ਟੂਣਾ ਕੀਤਾ ਹੈ।" ਚੇਲੇ-ਸਿਆਣੇ ਦਾ ਇਹ ਮਨ-ਘੜਤ ਜਵਾਬ ਸੁਣ ਕੇ ਮੈਨੂੰ ਤੇ ਮੇਰੇ ਦੋਸਤ ਨੂੰ ਹਾਸਾ ਆ ਗਿਆ, ਕਿਉਂਕਿ ਅਸੀਂ ਦੋਵੇਂ ਤਰਕਸ਼ੀਲ ਤੇ ਵਿਗਿਆਨਕ ਵਿਚਾਰਾਂ ਦੇ ਸੀ। ਸਾਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਬਾਬਾ (ਚੇਲਾ-ਸਿਆਣਾ) ਪੂਰੀ ਤਰ੍ਹਾਂ ਝੂਠ ਬੋਲ ਰਿਹਾ ਸੀ ਤੇ ਘਰਦਿਆਂ ਨੂੰ ਠੱਗਣ ਲਈ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸ਼ਾਂ ਵਿੱਚ ਫਸਾ ਕੇ ਪਖੰਡ ਰਚ ਰਿਹਾ ਸੀ।



ਬਾਬਾ ਸਾਰਾ ਦਿਨ ਉਨ੍ਹਾਂ ਦੇ ਘਰ ਹੀ ਰਿਹਾ ਤੇ ਸ਼ਾਮ ਨੂੰ ਉਸਨੇ ਟੂਣੇ ਵਾਲੇ ਥਾਂ ਵਿੱਚ ਆਲੇ ਦੁਆਲੇ ਜੰਤਰ-ਮੰਤਰ-ਤੰਤਰ ਤੇ ਝਾੜ-ਫੂਕ ਕਰਕੇ ਧਰਤੀ ਵਿੱਚ ਕਈ ਜਗ੍ਹਾ ਉੱਤੇ ਲੋਹੇ ਦੀਆਂ ਮੇਖਾਂ ਗੱਡ ਦਿੱਤੀਆਂ ਤਾਂ ਜੋ ਟੂਣੇ ਦਾ ਅਸਰ ਮੁੜ ਵਾਪਸ ਆ ਕੇ ਖਤਰਨਾਕ ਘਟਨਾਵਾਂ ਨਾ ਕਰਨ ਲੱਗ ਪਏ। ਬਾਬਾ ਲਗਾਤਾਰ ਦੋ-ਤਿੰਨ ਦਿਨ ਉਹਨਾਂ ਦੇ ਘਰ ਹੀ ਝਾੜ-ਫੂਕ ਤੇ ਤੰਤਰ-ਵਿੱਦਿਆ ਕਰਦਾ ਰਿਹਾ ਤਾਂ ਜੋ ਜਿੰਮੇਵਾਰੀ ਨਾਲ ਟੂਣੇ ਦਾ ਅਸਰ ਖਤਮ ਕੀਤਾ ਜਾ ਸਕੇ। ਜਦੋਂ ਬਾਬੇ ਨੂੰ ਉਸਦੇ ਪਿੰਡ ਆਦਰ ਨਾਲ ਛੱਡ ਆਂਦਾ ਤਾਂ ਘਰ ਦੇ ਗੁੱਸੇ ਵਿੱਚ ਆਏ ਉਸ ਮੋਟੀ ਤੇ ਕਾਲੇ ਰੰਗ ਦੀ ਔਰਤ ਦੀ ਭਾਲ ਕਰਨ ਲੱਗੇ, ਜਿਸ ਉੱਪਰ ਟੂਣਾਂ ਕਰਨ ਦਾ ਇਲਜਾਮ ਬਾਰੇ ਨੇ ਲਾਇਆ ਸੀ। ਪਰ ਉਨ੍ਹਾਂ ਨੂੰ ਕਿਤੇ ਵੀ ਅਜਿਹੀ ਔਰਤ ਨਜ਼ਰ ਨਾ ਆਈ। ਅਜੇ ਦੋ ਮਹੀਨੇ ਹੀ ਬੀਤੇ ਸੀ ਕਿ ਜਾਦੂ-ਟੂਣੇ ਨੇ ਫਿਰ ਆਪਣਾ ਖਤਰਨਾਕ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ। ਅਸਰ ਇਸ ਤਰ੍ਹਾਂ ਸੀ ਕਿ ਜਦੋਂ ਉਨ੍ਹਾਂ ਦੀ ਗਾਂ ਟੂਣੇ ਵਾਲੇ ਥਾਂ ਵਿੱਚ ਬੰਨ੍ਹੀ ਸੀ ਤਾਂ ਉਹ ਸੂਣ ਵਾਲੀ ਸੀ, ਹੋਰ 10-15 ਦਿਨਾਂ ਤੱਕ ਉਸਨੇ ਸੂਅ ਪੈਣਾ ਸੀ। ਪਰ ਇਸ ਤੋਂ ਪਹਿਲਾਂ ਹੀ ਉਸਦਾ ਬੱਚਾ ਪੇਟ ਵਿੱਚ ਹੀ ਮਰ ਗਿਆ ਤੇ ਗਾਂ ਵੀ ਅੱਖਾਂ ਤੋਂ ਅੰਨੀ ਹੋ ਗਈ। ਜਲਦੀ ਹੀ ਪਸ਼ੂਆਂ ਦੇ ਡਾਕਟਰ ਨੂੰ ਲਿਆਂਦਾ ਗਿਆ। ਡਾਕਟਰ ਨੇ ਕਿਸੇ ਤਰ੍ਹਾਂ ਮਰੇ ਹੋਏ ਬੱਚੇ ਨੂੰ ਗਾਂ ਦੇ ਪੇਟ ਵਿਚੋਂ ਬਾਹਰ ਕੱਢਿਆ ਤੇ ਗਾਂ ਨੂੰ ਮਰਨ ਤੋਂ ਬਚਾ ਲਿਆ, ਪਰ ਗਾਂ ਦੀਆਂ ਅੱਖਾਂ ਦੀ ਰੌਸ਼ਨੀ ਵਾਪਸ ਨਾ ਕਰ ਸਕਿਆ। ਘਰਦਿਆਂ ਨੂੰ ਇਹ ਪੂਰਾ ਯਕੀਨ ਹੋ ਗਿਆ ਕਿ ਇਹ ਸਭ ਉਸ ਔਰਤ ਵਲੋਂ ਕੀਤੇ ਹੋਏ ਖਤਰਨਾਕ ਜਾਦੂ-ਟੂਣੇ ਦੇ ਅਸਰ ਕਰਕੇ ਹੀ ਹੋ ਰਿਹਾ ਹੈ। ਜਦ ਫਿਰ ਇਸ ਜਾਦੂ-ਟੂਣੇ ਦੇ ਪ੍ਰਭਾਵ ਬਾਰੇ ਚੇਲੇ-ਸਿਆਣੇ (ਬਾਬੇ) ਨੂੰ ਦੱਸਿਆ ਤਾਂ ਉਸ ਨੇ ਘਰਦਿਆਂ ਨੂੰ ਵਿਸ਼ਵਾਸ਼ ਦਿਵਾਉਂਦਿਆਂ ਆਖਿਆ ਕਿ ਜਲਦੀ ਹੀ ਟੂਣੇ ਦਾ ਅਸਰ ਉਸ ਔਰਤ ਵੱਲ ਵਾਪਸ ਭੇਜ ਦਿੱਤਾ ਜਾਵੇਗਾ। ਅੱਜ ਤੋਂ ਬਾਅਦ ਉਹ ਔਰਤ ਆਪਣੇ ਆਪ ਹੀ ਤੁਹਾਡੇ ਕੋਲ ਤੜਫਦੀ ਹੋਈ ਆ ਕੇ ਆਪਣੀ ਗਲਤੀ ਦੀ ਮਾਫੀ ਮੰਗੇਗੀ। ਅੱਜ 14-15 ਸਾਲ ਬੀਤ ਜਾਣ ਤੋਂ ਬਾਅਦ ਵੀ ਉਸ ਔਰਤ ਦਾ ਕੁਝ ਪਤਾ ਨਾ ਲੱਗਿਆ। ਹੁਣ ਤਾਂ ਘਰਦੇ ਵੀ ਇਸ ਘਟਨਾ ਨੂੰ ਭੁੱਲ-ਭੁਲਾ ਗਏ ਹਨ।

ਮੈਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਜਾਦੂ-ਟੂਣਾ ਕਰਨ ਵਾਲੀ ਉਹ ਔਰਤ ਘਰਦਿਆਂ ਨੂੰ ਕਦੇ ਨਹੀਂ ਮਿਲੇਗੀ, ਕਿਉਂਕਿ ਇਹ ਟੂਣਾ ਕਿਸੇ ਔਰਤ ਨੇ ਨਹੀਂ ਸੀ ਕੀਤਾ। ਇਹ ਤਾਂ ਮੇਰੇ ਨਾਲ ਦੇ ਦੋਸਤ ਨੇ ਸ਼ਰਾਰਤ ਕੀਤੀ ਸੀ ਤਾਂ ਜੋ ਹਾਸਾ-ਮਜਾਕ ਕਰਕੇ ਸ਼ਰਾਰਤੀ ਅਨੰਦ ਪ੍ਰਾਪਤ ਕੀਤਾ ਜਾ ਸਕੇ। ਟੂਣੇ ਵਿਚਲਾ ਇਹ ਸਾਰਾ ਸਮਾਨ ਉਸਨੇ 3-4 ਦਿਨ ਪਹਿਲਾਂ ਹੀ ਅਲੱਗ ਅਲੱਗ ਥਾਂਵਾਂ ਤੋਂ ਇਕੱਠਾ ਕਰਕੇ ਰੱਖ ਲਿਆ ਸੀ। ਆਟੇ ਦਾ ਚਮੁਖੀਆ ਦੀਵਾ ਉਸਨੇ ਦੋ ਦਿਨ ਪਹਿਲਾਂ ਹੀ ਚੋਰੀ ਛੁਪੇ ਆਪਣੇ ਘਰ ਵਿਚ ਹੀ ਜਗਾ ਕੇ ਤਿਆਰ ਕਰ ਲਿਆ ਸੀ ਤਾਂ ਜੋ ਇਹ ਭੁਲੇਖਾ ਪੈ ਸਕੇ ਕਿ ਇਹ ਟੂਣੇ ਵਿੱਚ ਸਾਰੀ ਰਾਤ ਜਗਦਾ ਰਿਹਾ ਸੀ। ਚਾਕੂ ਉੱਪਰ ਤੇ ਕੁੱਜੇ ਵਿਚ ਦੁੱਧ ਵਿੱਚ ਰਲਿਆ ਹੋਇਆ ਲਾਲ ਖ਼ੂਨ ਨਹੀਂ ਸੀ, ਇਹ ਤਾਂ ਮੇਰੇ ਕੋਲੋਂ ਲਿਆ ਹੋਇਆ ਲਾਲ ਰੰਗ ਸੀ ਜੋ ਮੈਂ ਪੇਂਟਿੰਗ ਕਰਦੇ ਸਮੇਂ ਵਰਤਦਾ ਸੀ। ਅੰਡੇ ਨੂੰ ਲੱਗਿਆ ਹੋਇਆ ਅੱਧਾ ਕਾਲਾ ਰੰਗ ਵੀ ਮੇਰੇ ਕੋਲੋਂ ਹੀ ਲਿਆ ਸੀ। ਕੰਘਾ ਤੇ ਸ਼ੀਸ਼ਾ ਉਸਨੂੰ ਪੀਰਾਂ

ਦੀ ਜਗ੍ਹਾ ਤੋਂ ਲੱਭ ਪਿਆ ਸੀ। ਪਰਾਂਦੀ ਉਸਨੂੰ ਕੂੜੇ ਦੇ ਢੇਰ ਉਪਰੋਂ ਮਿਲ ਗਈ ਸੀ। ਕੁੱਜਾ ਤੇ ਨਾਰੀਅਲ ਉਸਨੇ ਪਾਣੀ ਵਾਲੀ ਨਹਿਰ ਵਿਚੋਂ ਤਰਦਾ ਹੋਇਆ ਚੁੱਕਿਆ ਸੀ। ਦੁੱਧ, ਹਲਦੀ ਤੇ ਮਿਰਚਾ ਉਸਨੇ ਆਪਣੇ ਘਰੋਂ ਹੀ ਚੋਰੀ ਛੁਪੇ ਰਸੋਈ ਵਿੱਚੋਂ ਲਿਆਂਦੀਆਂ ਸਨ। ਅੰਡਾ ਕਰਿਆਨੇ ਦੀ ਦੁਕਾਨ ਤੋਂ ਦੋ ਰੁਪਏ ਦਾ ਲਿਆ ਸੀ। ਸ਼ਰਾਬ ਵਾਲੇ ਪਊਏ ਵਿੱਚ ਅਸਲੀ ਸ਼ਰਾਬ ਨਹੀਂ ਸੀ, ਇਸ ਵਿੱਚ ਉਸਨੇ ਆਪਣਾ ਪਿਸ਼ਾਬ ਭਰਿਆ ਸੀ। ਧਾਗੇ-ਤਵੀਤ ਉਸਨੂੰ ਗੰਦੀ ਨਾਲੀ ਦੇ ਕੂੜੇ ਵਿਚੋਂ ਮਿਲੇ ਸੀ। ਆਪਣੀ ਸ਼ਰਾਰਤ ਨੂੰ ਪ੍ਰਭਾਵਸ਼ਾਲੀ ਤੇ ਖਤਰਨਾਕ ਰੂਪ ਦੇਣ ਲਈ ਉਸਨੂੰ ਜੋ ਵੀ ਸਮਾਨ ਇਧਰੋਂ-ਉਧਰੋਂ ਮਿਲਦਾ, ਉਹ ਉਸਨੂੰ ਵੀ ਟੂਣੇ ਵਿੱਚ ਸ਼ਾਮਲ ਕਰ ਲੈਂਦਾ। ਇਸ ਸਾਰੇ ਸਮਾਨ ਨੂੰ ਟੂਣੇ ਦੇ ਰੂਪ ਵਿੱਚ ਰੱਖਣ ਦਾ ਦਿਨ 'ਮੰਗਲਵਾਰ' ਪਹਿਲਾਂ ਤੋਂ ਹੀ ਤੈਅ ਕਰ ਲਿਆ, ਕਿਉਂਕਿ ਮੰਗਲਵਾਰ ਨੂੰ ਅਸ਼ੁੱਭ ਦਿਨ ਮੰਨਿਆ ਜਾਂਦਾ ਹੈ। ਅਜਿਹੇ ਸ਼ਰਾਰਤ ਭਰੇ ਨਕਲੀ ਜਾਦੂ ਟੂਣਿਆਂ ਵਾਂਗ ਹੀ ਅਸਲੀ ਟੂਣਿਆਂ ਵਿੱਚ ਵੀ ਕੋਈ ਸੱਚਾਈ ਨਹੀਂ ਹੁੰਦੀ। ਉਹ ਵਿਅਕਤੀ ਜੋ ਆਪਣੀ ਅਗਿਆਨਤਾ, ਲਾਈਲੱਗਤਾ ਤੇ ਮੂਰਖਤਾ ਕਾਰਨ ਅਜਿਹੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸ਼ਾਂ ਵਿੱਚ ਫਸ ਕੇ ਜਿਨ੍ਹਾਂ ਦੀ ਕੋਈ ਹੋਂਦ ਨਹੀਂ, ਜਿਵੇਂ-ਭੂਤਾਂ-ਚੁੜੇਲਾਂ, ਜਾਦੂ-ਟੂਣਿਆਂ, ਜੰਤਰਾਂ-ਮੰਤਰਾਂ-ਤੰਤਰਾਂ, ਧਾਗੇ-ਤਵੀਤਾਂ, ਕਾਲੇ-ਇਲਮਾਂ, ਝਾੜ-ਫੂਕਾਂ, ਦੇਵੀ-ਦੇਵਤਿਆਂ ਅਤੇ ਆਤਮਾ-ਪ੍ਰਮਾਤਮਾ ਆਦਿ ਵਿੱਚ ਪੂਰੀ ਤਰ੍ਹਾਂ ਸੱਚਾ ਵਿਸ਼ਵਾਸ਼ ਕਰਦਾ ਹੈ। ਉਸ ਉੱਪਰ ਸ਼ਰਾਰਤ ਭਰੇ ਜਾਦੂ-ਟੂਣਿਆਂ ਦਾ ਵੀ ਮਾਨਸਿਕ ਤੌਰ ਤੇ ਖਤਰਨਾਕ ਅਸਰ ਪੈਂਦਾ ਹੈ। ਕਿਉਂਕਿ ਅਜਿਹੇ ਮਾਮਲਿਆਂ ਵਿੱਚ ਹੋਂਦ ਰਹਿਤ ਗੈਬੀ ਕਰਾਮਾਤੀ ਜਾਂ ਚਮਤਕਾਰੀ ਸ਼ਕਤੀਆਂ ਦਾ ਕੋਈ ਯੋਗਦਾਨ ਨਹੀਂ ਹੁੰਦਾ, ਪਰ ਅਜਿਹੇ ਧੋਖਾ ਭਰਪੂਰ ਵਹਿਮਾਂ-ਭਰਮਾਂ ਤੇ ਅੰਧ ਵਿਸ਼ਵਾਸ਼ਾਂ ਬਾਰੇ ਬਚਪਨ ਤੋਂ ਹੀ ਜਾਂ ਆਲੇ ਦੁਆਲੇ ਤੋਂ ਧੋਖੇਬਾਜ਼ ਤੇ ਲੁਟੇਰੇ ਜੋਤਸ਼ੀਆਂ, ਬਾਬਿਆਂ, ਸਾਧੂਆਂ, ਸੰਤਾਂ, ਚੇਲਿਆਂ, ਸਿਆਣਿਆਂ, ਤੰਤਰਿਕਾਂ, ਡੇਰੇਦਾਰਾਂ, ਪੁਜਾਰੀਆਂ ਤੇ ਪਾਦਰੀਆਂ ਵਲੋਂ ਪਾਏ ਜਾਂਦੇ ਮਨਾਂ ਵਿਚਲੇ ਡਰ ਕਰਕੇ ਹੀ ਹੁੰਦਾ ਹੈ। ਭਾਵੇਂ ਇਹ ਜਾਦੂ-ਟੂਣਾ ਇਕ ਸ਼ਰਾਰਤ ਵਜੋਂ ਹੀ ਕੀਤਾ ਗਿਆ ਸੀ। ਫਿਰ ਵੀ ਇਸਦਾ ਅਸਰ ਵਹਿਮੀ ਤੇ ਅੰਧਵਿਸ਼ਵਾਸ਼ੀ ਘਰਦਿਆਂ ਉੱਤੇ, ਮਨ ਦੇ ਭਰਮ ਤੇ ਡਰ ਕਰਕੇ ਹੀ ਪਿਆ ਸੀ, ਜਿਸ ਕਰਕੇ ਉਹ ਪੂਰੀ ਤਰ੍ਹਾਂ ਮਾਨਸਿਕ ਤੌਰ ਤੇ ਡਰ ਨਾਲ ਪਾਗਲਾਂ ਵਾਂਗ ਬੌਂਦਲ ਗਏ ਸੀ।

ਚੇਲੇ-ਸਿਆਣੇ ਦਾ ਸਕੂਟਰ ਪੈਂਚਰ ਹੋ ਗਿਆ ਸੀ। ਇਹ ਕੋਈ ਜਾਦੂ-ਟੂਣੇ ਦੇ ਪ੍ਰਭਾਵ ਕਰਕੇ ਨਹੀਂ ਸੀ, ਇਹ ਤਾਂ ਇਕ ਕੁਦਰਤੀ (ਅਚਾਨਕ) ਘਟਨਾ ਸੀ। ਦੁਨੀਆਂ ਭਰ ਵਿਚ ਬਹੁਤ ਸਾਰੇ ਲੋਕਾਂ ਦੇ ਸਕੂਟਰ ਪੈਂਚਰ ਹੋ ਜਾਂਦੇ ਹਨ, ਕੀ ਉਹ ਸਾਰੇ ਜਾਦੂ-ਟੂਣਿਆਂ ਕਰਕੇ ਹੁੰਦੇ ਹਨ? ਜਦੋਂ ਟੂਣੇ ਨੂੰ ਅੱਗ ਲਗਾਈ ਤਾਂ ਮੱਝ ਟੱਪਣ ਲੱਗ ਪਈ, ਇਹ ਵੀ ਸਭ ਉਸ ਸ਼ਰਾਰਤੀ ਟੂਣੇ ਦੇ ਗੈਬੀ ਅਸਰ ਕਰਕੇ ਨਹੀਂ ਸੀ। ਇਹ ਤਾਂ ਇਸ ਕਰਕੇ ਸੀ, ਕਿਉਂਕਿ ਮੱਝ ਦੇ ਨੇੜੇ ਲਗਾਈ ਹੋਈ ਅੱਗ ਦੇ ਗਰਮ ਸੇਕ ਕਰਕੇ ਸੀ। ਜਦੋਂ ਮੱਝ ਨੂੰ ਸੇਕ ਤੋਂ ਦੂਰ ਬੰਨ੍ਹ ਦਿੱਤਾ ਗਿਆ ਤਾਂ ਉਹ ਟੱਪਣੋਂ ਹਟ ਗਈ। ਗਾਂ ਦਾ ਬੱਚਾ ਪੇਟ ਵਿੱਚ ਮਰ ਗਿਆ ਤੇ ਉਹ ਅੰਨੀ ਹੋ ਗਈ, ਇਹ ਵੀ ਉਸ ਸ਼ਰਾਰਤੀ ਜਾਦੂ ਟੂਣੇ ਕਰਕੇ ਨਹੀਂ ਸੀ, ਇਹ ਵੀ ਇਕ ਕੁਦਰਤੀ ਘਟਨਾ ਸੀ। ਘਰਦਿਆਂ ਨੇ ਇਸਨੂੰ ਵੀ ਟੂਣੇ ਖਤਰਨਾਕ ਅਸਰ ਹੀ ਸਮਝ ਲਿਆ, ਭਲਾ ਸ਼ਰਾਰਤੀ ਟੂਣਾ ਕਿਸੇ ਦਾ ਕੀ ਵਿਗਾੜ ਸਕਦਾ ਸੀ। ਜਦ ਬਾਬੇ ਨੇ ਜੰਤਰਾਂ-ਮੰਤਰਾਂ ਤੇ ਤੰਤਰ-ਵਿੱਦਿਆ ਰਾਹੀਂ ਝਾੜ-ਫੂਕ ਕਰਕੇ ਟੂਣੇ ਵਾਲੀ ਥਾਂ ਦੇ ਚਾਰੋਂ ਪਾਸੇ ਲੋਹੇ ਦੀਆਂ ਮੇਖਾਂ ਗੱਡ ਦਿੱਤੀਆਂ ਸੀ ਤਾਂ ਫਿਰ ਵੀ ਟੂਣੇ ਦਾ ਅਸਰ ਖਤਰਨਾਕ ਘਟਨਾਵਾਂ ਕਿਉਂ ਕਰਨ ਲੱਗ ਪਿਆ ਸੀ। ਇਸ ਤੋਂ ਬਾਅਦ ਜਦ ਵੀ ਕੋਈ ਮੁਸੀਬਤ ਆਉਂਦੀ, ਘਰ ਦੇ ਉਸ ਨੂੰ ਟੂਣੇ ਦੇ ਭਿਆਨਕ ਅਸਰ ਉਪਰ ਮੜ ਦਿੰਦੇ। ਛੋਟੇ ਬੱਚੇ ਦੇ ਨਹੁੰ ਵਿੱਚ ਫੋਟੋ ਦਿਖਾਉਣ ਬਾਰੇ ਬਾਬਾ ਆਪਣੀਆਂ ਹੀ ਮਨਘੜਤ ਗੱਲਾਂ, ਬੱਚੇ ਨੂੰ ਦੱਸ ਕੇ ਉਸਦੇ ਮੂੰਹੋਂ ਵੀ ਉਹੀ ਸਭ ਕੁੱਝ ਅਖਵਾਉਣਾ ਚਾਹੁੰਦਾ ਸੀ। ਆਪਣੀਆਂ ਅਜਿਹੀਆਂ ਗੱਲਾਂ ਕਰਕੇ ਉਹ ਬੱਚੇ ਨੂੰ ਹਿਪਨੋਟਾਈਜ਼ (ਸੰਮੋਹਨ) ਕਰਕੇ ਮਨਘੜਤ ਜਵਾਬ ਪ੍ਰਾਪਤ ਕਰਨਾ ਚਾਹੁੰਦਾ ਸੀ। ਪਰ ਉਹ ਇਸ ਵਿੱਚ ਕਾਮਯਾਬ ਨਾ ਹੋ ਸਕਿਆ। ਇਸ ਲਈ ਉਸਨੇ ਬਚਾਅ ਲਈ ਸੂਰਜ ਉੱਪਰ ਵੀ ਸ਼ਰਾਰਤੀ ਟੂਣੇ ਦਾ ਅਸਰ ਹੋਣ ਦਾ ਨਵਾਂ ਪਖੰਡ ਰਚ ਮਾਰਿਆ ਤੇ ਉਸ ਨੇ ਇਹ ਆਖ ਕੇ ਪਿੱਛਾ ਛੁਡਵਾਇਆ ਕਿ ਇਹ ਖਤਰਨਾਕ ਜਾਦੂ ਟੂਣਾ ਕਰਨ ਵਾਲੀ ਸੱਚਮੁੱਚ ਹੀ ਕੋਈ ਔਰਤ ਹੈ। ਜੋ ਪੂਰੀ ਤਰ੍ਹਾਂ ਝੂਠਾ ਸੀ। ਦੋਸਤ ਵਲੋਂ ਕੀਤੇ ਗਏ ਸ਼ਰਾਰਤ ਵਾਲੇ ਟੂਣੇ ਬਾਰੇ ਪਖੰਡੀ ਚੇਲੇ-ਸਿਆਣੇ (ਬਾਬੇ) ਦੇ ਇਹ ਮਨਘੜਤ ਤੇ ਮੂਰਖਤਾ ਭਰੇ ਵਿਚਾਰ ਸੁਣ ਕੇ ਹੀ ਮੈਂ ਤੇ ਦੋਸਤ ਇਕ ਦੂਜੇ ਵੱਲ ਦੇਖ ਕੇ ਹੱਸ ਪਏ ਸੀ।

# ਕਾਵਿ ਵਿਅੰਗ

– ਅਮਰਜੀਤ ਢਿੱਲੋਂ ਦਬੜ੍ਹੀਖਾਨਾ

### 1– ਵਿਹਲੜ ਮਿਰਜ਼ੇ

ਕਿਹੜੇ ਯਾਰ ਦਾ ਪੀਤਾ ਹੈ ਦੁੱਧ ਕੱਚਾ, ਲੱਗੀ ਮਛਲੀ 'ਤੇ ਦਿੱਸੇ ਝੱਗ ਅੜੀਏ।
ਰਹੀਂ ਬਚ ਕੇ ਹਵਸ ਦੇ ਭੁੱਖਿਆ ਤੋਂ, ਫਿਰਦੇ ਚਾਰ ਚੁਫੇਰੇ ਨੇ ਠੱਗ ਅੜੀਏ।
ਕੈਲਾਂ ਕੱਚੀਆਂ ਦੀਆਂ ਰੁਲਣ ਚੁੰਨੀਆਂ ਰੋਜ਼, ਰੁਲਦੀ ਇੱਥੇ ਸ਼ਰੀਫਾਂ ਦੀ ਪੱਗ ਅੜੀਏ।
ਰਾਣੀ ਝਾਂਸੀ ਬਣ ਸਿੱਖ ਸੰਘਰਸ਼ ਕਰਨਾ, ਵਿਹਲੜ ਮਿਰਜ਼ਿਆਂ ਪਿੱਛੇ ਨਾ ਲੱਗ ਅੜੀਏ।

### 2–ਮਿਹਨਤਕਸ਼–ਓ–ਵਾਚ

ਆਬੇ-ਸ਼ੀਰੀਂ ਹੈ ਤੇਰਾ ਦੀਦਾਰ ਭਾਵੇਂ ਇਸ ਗੱਲ ਨੂੰ ਅਸੀਂ ਨਹੀਂ ਰੱਦ ਕਰਦੇ।
ਮਸਲੇ ਜ਼ਿੰਦਗੀ ਦੇ ਐਪਰ ਬਹੁਤ ਉਲਝੇ, ਅਸੀਂ ਰਹਿੰਦੇ ਹਾਂ ਉਲੱਦ ਪਲੱਦ ਕਰਦੇ।
ਸਭ ਤੋਂ ਭੈੜਾ ਹੈ ਸਾਨੂੰ ਰੋਜ਼ਗਾਰ ਦਾ ਗ਼ਮ ਹਾਕਿਮ ਰੋਜ਼ ਮਹਿਂਗਾਈ ਨੇ ਵੱਧ ਕਰਦੇ।
ਅਸੀਂ ਹੁੰਦੇ ਜਾਈਏ ਦਿਨੋਂ-ਦਿਨ ਬੌਣੇ, ਲੋਟੂ ਮਿਹਨਤਾਂ ਦੇ ਜਾਂਦੇ ਨੇ ਕੱਦ ਕਰਦੇ।

### 3–ਚੁੰਨੀ ਰੇਸ਼ਮੀ

ਚੁੰਨੀ ਰੇਸ਼ਮੀ 'ਚ ਸੱਤ ਧਾਰੀਆਂ ਸੀ ਹਾਏ!, ਸਾਨੂੰ ਪਹਿਨਣ ਨਾ ਦਿੰਦਿਆਂ ਕਬੀਲਦਾਰੀਆਂ ਨੀ ਮਾਏ।
ਲੂਣ, ਤੇਲ ਲੱਕੜਾਂ ਦਾ ਸੰਸਾ ਰਹੇ ਹਰ ਵੇਲੇ, ਸਾਡੀਆਂ ਤਾਂ ਇਹੀਓ ਖੁਦਮੁਖਤਿਆਰੀਆਂ ਨੀ ਮਾਏ।
ਰਾਜਨੇਤਾ, ਅਫਸਰਾਂ, ਪੁਰੋਹਿਤਾਂ ਸਾਨੂੰ ਲੁੱਟਿਆ ਏ, ਰਹਿੰਦਾ ਸਾਡਾ ਖੂਨ ਚੂਸਿਆ ਵਾਪਰੀਆਂ ਨੀ ਮਾਏ।
ਪਿੰਡ ਵਿੱਚ ਭਾਵੇਂ ਸਾਡੇ ਗੱਡੇ, ਭੇਡੇ ਚੱਲਦੇ ਨੇ,ਪਰ ਬੱਸਾਂ ਵਾਲੇ ਸਾਨੂੰ ਆਖਦੇ ਸਵਾਰੀਆਂ ਨੀ ਮਾਏ।

### 4–ਹੁਸਨ ਦਾ ਸੌਦਾ

ਨਕਸ਼ਾਂ ਦੀ ਨਹੀਂ ਇਤਫਾਕੀਆ ਸੁਡੌਲਤਾ ਇਹ, ਹੁਸਨ ਤਾਂ ਸੰਗ੍ਰਹਿ ਹੈ ਆਦਤਾਂ ਪਿਆਰੀਆਂ ਦਾ।
ਗੋਰੇ ਚਿਹਰੇ, ਸੋਹਣੇ ਲੀੜੇ ਪਾ ਕੇ ਵਰਗਲਾਉਣ ਏਦਾਂ ਹੁੰਦਾ ਹੈ ਹੁਸਨ ਜਿਵੇਂ ਸੌਦਾ ਵਿਉਪਾਰੀਆਂ ਦਾ।
ਸੋਹਣੇ ਬਣ ਦਿੱਸਣਾ ਤੇ ਰਹਿਣਾ ਸਜ ਫਬ ਕੇ ਇਹ, ਮੁੱਢ ਤੋਂ ਹੀ ਸ਼ੌਕ ਹੈ ਇੱਥੇ ਸਾਰੇ ਨਰ ਨਾਰੀਆਂ ਦਾ
ਸੱਚੇ ਸੁੱਚੇ ਇਸ਼ਕਾਂ ਦੇ ਉਹ ਲੰਘ ਗਏ ਨੇ ਦੌਰ ਯਾਰੋ, ਮੰਗਦੇ ਨੇ ਮੁੱਲ ਹੁਣ ਰਾਂਝੇ ਮੱਝਾਂ ਚਾਰੀਆਂ ਦਾ।

# ਦੂਸਰਿਆਂ ਦੀ ਨਹੀਂ ਮਾਹਰਾਂ ਦੀ ਸੁਣੋ



'ਸੁਣੋ ਸੱਭ ਦੀ, ਕਰੋ ਮਨ ਦੀ' ਕਥਨ ਤੋਂ ਕੋਈ ਵੀ ਅਣਭਿੱਜ ਨਹੀਂ ਹੋਵੇਗਾ। ਮਨ ਦਾ ਕਰਨਾ ਠੀਕ ਹੁੰਦਾ ਹੈ ਪਰ ਸਿਰਫ਼ ਤਦੇ ਜਦ ਉਹ ਵਿਗਿਆਨਕ ਸੋਚ ਨਾਲ ਅਕਲਮੰਦੀ ਨਾਲ ਕੀਤਾ ਜਾਵੇ ਅਤੇ ਜ਼ਰੂਰੀ ਨਹੀਂ ਕਿ ਬੁੱਧੀ ਜਾਂ ਵਿਗਿਆਨਕ ਸੋਚ ਸਭਨਾਂ ਵਿੱਚ ਹੋਵੇ ਹਰੇਕ ਬੰਦੇ ਨੂੰ ਸਾਰੇ ਖੇਤਰਾਂ ਦਾ ਗਿਆਨ ਨਹੀਂ ਹੁੰਦਾ ਅਤੇ ਅਗਿਆਨਤਾ ਹੋਣ ਉੱਤੇ ਸਿਰਫ ਮਾਹਰ ਦੀ ਸਲਾਹ ਉੱਤੇ ਚੱਲਣਾ ਹੀ ਸਹੀ ਕਦਮ ਹੋਵੇਗਾ। ਸਾਮਾਜਿਕ ਘੇਰੇ ਵਿੱਚ ਆਉਣ ਵਾਲੀਆਂ ਵੱਖ ਵੱਖ ਪ੍ਰਕਾਰ ਦੀਆਂ ਪ੍ਰੇਸ਼ਾਨੀਆਂ ਦੇ ਉਦਾਹਰਣਾਂ ਨਾਲ ਅਸੀਂ ਆਹਮਣੇ-ਸਾਹਮਣੇ ਹੁੰਦੇ ਹੀ ਰਹਿੰਦੇ ਹਾਂ। ਪਰੰਤੂ ਕੁਝ ਪਰੇਸ਼ਾਨੀਆਂ ਦੇ ਲਈ ਅਸੀਂ ਆਪ ਹੀ ਜ਼ੁੰਮੇਵਾਰ ਹੁੰਦੇ ਹਾਂ। ਆਓ, ਕੁਝ ਉਦਾਹਰਣਾਂ ਨਾਲ ਰੂ-ਬ-ਰੂ ਹੁੰਦੇ ਹਾਂ ਜੋ ਸਮਾਜ ਵਿੱਚ ਆਸਪਾਸ ਹੀ ਦੇਖੀਆਂ ਗਈਆਂ ਹਨ। ਸੱਭ ਤੋਂ ਪਹਿਲਾਂ ਮੈਂ ਆਪਣਾ ਨਿੱਜ ਦਾ ਅਨੁਭਵ ਹੀ ਦੱਸਣਾਂ ਚਾਹੁੰਦੀ ਹਾਂ। ਕੁੱਝ ਸਮੇਂ ਪਹਿਲਾਂ ਚਿਕਨਗੁਨੀਆਂ ਨਾਂ ਦੀ ਬਿਮਾਰੀ ਫੈਲੀ ਸੀ। ਇਸ ਬਿਮਾਰੀ ਦੀ ਲਪੇਟ ਵਿੱਚ ਮੈਂ ਵੀ ਆ ਗਈ। ਮੈਨੂੰ ਹੱਥਾਂ ਪੈਰਾਂ ਦੇ ਜੋੜਾਂ ਵਿੱਚ ਜਕੜਨ ਦੇ ਨਾਲ ਬੁਖਾਰ ਸੀ। ਡਾਕਟਰ ਦੁਆਰਾ ਲਿਖੀਆਂ ਦਵਾਈਆਂ ਦੀ ਨਿਸ਼ਚਿਤ ਖ਼ੁਰਾਕ ਲੈਣ ਦੇ ਬਾਅਦ ਵੀ ਕੁਝ ਲੱਛਣ ਜਿਉਂ ਦੇ ਤਿਉਂ ਸਨ। ਇਕ ਵਾਕ.ਫ਼ਕਾਰ ਨੇ ਸਲਾਹ ਦਿੱਤੀ ਕਿ ਪੈਰਾਂ ਦੀ ਕਸਰਤ ਕਰੋ। ਮੈਂ ਕਸਰਤ ਸ਼ੁਰੂ ਕੀਤੀ। ਨਤੀਜਾ ਨਕਾਰਾਤਮਕ ਰਿਹਾ। ਜਦ ਇਸ ਬਾਰੇ ਵਿੱਚ ਇਲਾਜ ਮਾਹਰ ਨਾਲ ਮਸ਼ਵਰਾ ਲਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਇਸ ਬਿਮਾਰੀ ਵਿੱਚ ਕਸਰਤ ਨਹੀਂ ਕਰਨੀ ਚਾਹੀਦੀ। ਇਸ ਅਨੁਭਵ ਤੋਂ ਮੈਂ ਇਹ ਜਾਣਿਆ ਕਿ ਬਿਮਾਰੀ ਵਿੱਚ ਮਾਹਰ ਦੀ ਸਲਾਹ ਦੇ ਬਗੈਰ ਕੁਝ ਨਹੀਂ ਕਰਨਾ ਚਾਹੀਦਾ।

**ਤੰਦਰੁਸਤੀ ਸੰਬੰਧੀ ਘਰੇਲੂ ਨੁਸਖੇ ਸਮਾਚਾਰ** : ਇਹ ਅਖ਼ਬਾਰਾਂ ਰਸਾਲਿਆਂ ਵਿੱਚ ਛਪਦੇ ਰਹਿੰਦੇ ਹਨ। ਅਜਿਹਾ ਹੀ ਇਕ ਨੁਸਖਾ ਇਕ ਇਸਤਰੀ, ਜੋ ਕਿ ਇਕ ਪ੍ਰਾਈਵੇਟ ਫਰਮ ਵਿੱਚ ਚੰਗੇ ਅਹੁੱਦੇ ਉੱਤੇ ਤੈਨਾਤ ਹਨ, ਨੇ ਪੜ੍ਹਿਆ। ਨੁਸਖੇ (ਕਾਗਜ਼ ਉੱਤੇ ਦਵਾਈਆਂ ਲਿਖੀਆਂ ਹੋਣ; ਤਰੀਕਾ) ਦੇ ਅਨੁਸਾਰ ਉਨਾਂ ਨੇ ਕੱਕੜੀ ਦੀ ਸਲਾਈਸ (ਟੁਕੜਾ, ਫਾੜੀ) ਅੱਖਾਂ ਉੱਤੇ ਰੱਖੀ ਅਤੇ ਨਤੀਜਾ ਇਹ ਹੋਇਆ ਕਿ ਅੱਖਾਂ ਉੱਤੇ ਸੋਜਾ ਆ ਗਿਆ, ਸ਼ਾਇਦ ਕੁਝ ਰਸ ਅੱਖਾਂ ਵਿੱਚ ਚਲਿਆ ਗਿਆ। ਨਤੀਜੇ ਵਜੋਂ, ਉਕਤ ਇਸਤਰੀ ਨੂੰ ਇਲਾਜ ਡਾਕਟਰ ਦੀ ਸਲਾਹ ਲੈਣੀ ਪਈ।

ਮੈਂ ਆਪਣੇ ਇੱਕ ਨੇੜੇ ਦੇ ਰਿਸ਼ਤੇਦਰ ਦਾ ਅਨੁਭਵ ਵੀ ਇਥੇ ਸਾਂਝਾ ਕਰਨਾ ਚਾਹੁੰਦੀ ਹਾਂ। ਉਹਨਾਂ ਦੀ ਗਰਦਨ ਵਿੱਚ ਹਮੇਸ਼ਾ ਦਰਦ ਰਹਿੰਦਾ ਸੀ। ਦਰਦ ਤੋਂ ਆਰਾਮ ਲਈ ਬਾਮ ਲਗਾਉਣ ਉੱਤੇ ਵੀ ਕੋਈ ਵਿਸ਼ੇਸ਼ ਫ਼ਰਕ ਨਹੀਂ ਪਿਆ। ਲੱਛਣਾਂ ਤੋਂ ਸਪੌਂਡੀਲਾਈਟਿਸ (ਇੱਕ ਗੱਠੀਏ ਵਾਂਗ ਬਿਮਾਰੀ) ਦੀ ਸ਼ੱਕ ਹੋਈ ਅਤੇ ਲੱਗਾ ਕਿ ਇਸ ਸੰਬੰਧੀ ਕਸਰਤ ਕਿਉਂ ਨਾ ਕੀਤੀ ਜਾਵੇ। ਸੋ, ਸ਼ੁਰੂ ਕਰ ਦਿੱਤੀ। ਦਰਦ ਘਟਨ ਦੀ ਬਜਾਏ ਵੱਧਣ ਲੱਗਾ। ਡਾਕਟਰ ਤੋਂ ਜਾਂਚ ਕਰਵਾਉਣ ਉੱਤੇ ਪਤਾ ਚੱਲਿਆ ਕਿ ਸਪੌਂਡੀਲਾਈਟਿਸ ਦੀ ਸ਼ੁਰੂਆਤ ਸੀ ਪਰੰਤੂ ਇਹ ਮਾਨਤਾ ਕਿ ਇਸ ਬਿਮਾਰੀ ਦੀ ਸ਼ੁਰੂਆਤ ਵਿੱਚ ਹੀ ਕਸਰਤ ਕਰਨਾ ਸ਼ੁਰੂ ਕਰ ਦੇਣ ਨਾਲ ਬਿਮਾਰੀ ਨਹੀਂ ਹੋਵੇਗੀ, ਬਿਲਕੁਲ ਗਲਤ ਹੈ। ਬਿਮਾਰੀ ਦੀ ਮੁੱਢਲੀ ਹਾਲਤ ਵਿੱਚ ਡਾਕਟਰ ਦੁਆਰਾ ਲਿਖੀਆਂ ਦਵਾਈਆਂ ਲੈਣਾ ਜ਼ਰੂਰੀ ਹੈ। ਦਰਦ ਤੋਂ ਪੂਰੀ ਤਰ੍ਹਾਂ ਛੁਟਕਾਰਾ ਮਿਲਣ ਦੇ ਕੁਝ ਸਮੇਂ ਬਾਦ ਕਸਰਤ ਸ਼ੁਰੂ ਕਰਨ ਨਾਲ ਬਿਮਾਰੀ ਅੱਗੋਂ ਲਈ ਕੰਟਰੋਲ ਵਿੱਚ ਆ ਸਕਦੀ ਹੈ। ਮਾਨਸਕ ਬਿਮਾਰੀਆਂ ਵਿੱਚ ਬਿਮਾਰੀ ਵਾਂਗ ਨਾ ਲੈ ਕੇ ਕੁਝ ਬੁਰੇ ਪ੍ਰਭਾਵਾਂ ਨੂੰ ਕਾਰਨ ਮੰਨਿਆ ਜਾਂਦਾ ਹੈ। 12ਵੀਂ ਜਮਾਤ ਵਿੱਚ ਆਉਂਦੇ ਸਾਰ ਹੀ ਸੁਲਭਾ ਕੁਮਾਰੀ ਦਾ ਮਨ ਪੜ੍ਹਾਈ ਤੋਂ ਉਚਾਟ ਹੋਣ ਲੱਗਾ। ਉਸ ਵਿੱਚ ਮਾਨਸਿਕ ਬਿਮਾਰੀ 'ਉਦਾਸੀ ਰੋਗ' (ਡਿਪ੍ਰੈਸ਼ਅਨ) ਦੇ ਲੱਛਣ ਆਉਣ ਲੱਗੇ ਸਨ। ਪਰੰਤੂ ਰਿਸ਼ਤੇਦਾਰਾਂ ਨੇ ਸਲਾਹ ਦਿੱਤੀ ਕਿ ਵਿਆਹ ਕਰਨ ਨਾਲ ਸਭ ਠੀਕ ਹੋ ਜਾਏਗਾ। ਘਰ ਵਾਲਿਆਂ ਨੇ ਸਲਾਹ ਮੰਨ ਕੇ ਵਿਆਹ ਕਰ ਦਿੱਤਾ। ਸਹੁਰੇ ਘਰ ਜਾਣ ਨਾਲ ਵੀ ਬਿਮਾਰੀ ਉਸੇ ਤਰ੍ਹਾਂ ਹੀ ਬਣੀ ਰਹੀ ਅਤੇ ਉਸਨੂੰ ਪੇਕੇ ਭੇਜ ਦਿੱਤਾ ਗਿਆ। ਹੁਣ ਇਕ ਮਾਨਸਕ ਡਾਕਟਰ ਪਾਸੋਂ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ।

ਘਰੇਲੂ ਲੜਾਈ ਤੋਂ ਛੁੱਟਕਾਰਾ ਪਾਉਣ ਦੇ ਲਈ ਬਹੁਤ ਸਾਰੀਆਂ ਸਾਮਾਜਿਕ ਸੁਸਾਇਟੀਆਂ ਕੰਮ ਕਰ ਰਹੀਆਂ ਹਨ। ਇਥੇ ਪਰਿਵਾਰ ਦੇ ਹਰੇਕ ਮੈਂਬਰ ਨੂੰ ਗੱਲਬਾਤ ਦੁਆਰਾ ਠੀਕ ਅਤੇ ਨਿਰਪੱਖ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ, ਇਹਨਾਂ ਦੀ ਸਲਾਹ ਦੁਆਰਾ ਕਿੰਨੇ ਹੀ ਘਰ ਫੇਰ ਤੋਂ ਵਸ ਜਾਂਦੇ ਹਨ। ਇਸ ਦੇ ਬਾਵਜੂਦ ਰਿਸ਼ਤੇਦਾਰਾਂ ਦੇ ਕਹਿਣ ਉੱਤੇ ਇੱਕ ਸ਼੍ਰੀਮਤੀ ਜੀ ਨੇ ਆਪ ਆਪਣਾ ਘਰ ਉਜਾੜ ਲਿਆ। ਦਰਅਸਲ, ਹਰ ਰੋਜ਼ ਸੱਸ ਬਹੂ ਦੇ ਝਗੜੇ ਹੁੰਦੇ ਰਹਿੰਦੇ ਸਨ। ਲੋਕਾਂ ਦੇ ਕਹਿਣ ਉੱਤੇ ਪੁੱਤਰ ਬਹੂ ਨੂੰ ਅਲੱਗ ਕਰ ਦਿੱਤਾ। ਇਸ ਨਾਲ ਪੁੱਤਰ ਆਰਥਿਕ ਪਰੇਸ਼ਾਨੀ ਨਾਲ ਤਾਂ ਜੂਝ ਹੀ ਰਿਹਾ ਹੈ ਨਾਲ ਹੀ ਪਰਿਵਾਰ ਦਾ ਮੁਖੀਆਂ ਇਸ ਸਦਮੇ ਦੇ ਕਾਰਨ ਬਿਮਾਰ ਹੋ ਗਿਆ। ਇਹਨਾਂ ਨਕਾਰਾਤਮਕ ਉਦਾਹਰਣਾਂ ਦੇ ਨਾਲ ਆਓ ਕੁਝ ਸਕਾਰਤਾਮਕ ਉਦਾਹਰਣਾਂ ਦੇ ਵੀ ਰੂ-ਬ-ਰੂ ਹੁੰਦੇ ਹਾਂ। ਜਿਹਨਾਂ ਵਿੱਚ ਲੋਕਾਂ ਨੇ ਆਪਣੇ ਦਿਮਾਗ ਤੋਂ ਕੰਮ ਲੈ ਕੇ ਸਮੱਸਿਆ ਦਾ ਮੁਕਾਬਲਾ ਕੀਤਾ।

ਇੱਕ ਪ੍ਰਾਈਵੇਟ ਬੈਂਕ ਦੇ ਮੈਨੇਜ਼ਰ ਅਹੁੱਦੇ ਉੱਤੇ ਤੈਨਾਤ ਇੱਕ ਸੱਜਣ ਨੇ ਨਵਾਂ ਫਲੈਟ ਖਰੀਦਿਆ। ਗ੍ਰਹਿ ਪ੍ਰਵੇਸ਼ ਕਰਨ ਦੇ ਦੂਸਰੇ ਦਿਨ ਤੋਂ ਇੱਕ ਦੇ ਬਾਦ ਇੱਕ ਮੁਸੀਬਤ ਆਉਣ ਲੱਗੀ। ਕੁੱਝ ਦਿਨਾਂ ਦੇ ਲਈ ਉਹ ਉਦਾਸੀ ਵਿੱਚ ਚਲੇ ਗਏ। ਉਹਨਾਂ ਦੀ ਇਸ ਹਾਲਤ ਉੱਤੇ ਤਰਸ ਖਾਂਦੇ ਹੋਏ ਰਿਸ਼ਤੇਦਾਰ ਕਹਿਣ ਲੱਗੇ ਕਿ ਬੇਚਾਰੇ ਨੂੰ ਮਕਾਨ ਫਲਿਆ ਨਹੀਂ। ਉਹਨਾਂ ਨੇ ਸਲਾਹ ਵੀ ਦੇ ਦਿੱਤੀ, 'ਮਕਾਨ ਨੂੰ ਵਾਸਤੂ ਸ਼ਾਸ਼ਤਰ ਦੇ ਅਨੁਸਾਰ ਬਦਲਵਾ ਲਉ।' ਕਿਸੇ ਦੀ ਵੀ ਸਲਾਹ ਨਾ ਮੰਨਦੇ ਹੋਏ ਉਕਤ ਸ਼੍ਰੀਮਾਨ ਜੀ ਨੇ ਸਮੱਸਿਆ ਦੀ ਜੜ੍ਹ ਵਿੱਚ ਜਾ ਕੇ ਕਾਰਨ ਸਮਝਿਆ ਅਤੇ ਹੱਲ ਕੀਤਾ। ਸ਼ਰੂਤੀ ਨੂੰ ਕਿੱਤਾ (ਕਾਰੋਬਾਰ) ਚੁਨਣ ਵਿੱਚ ਮੁਸ਼ਕਲ ਹੋ ਰਹੀ ਸੀ। ਤਣਾਅ ਦਿਨੋ ਦਿਨ ਵਧ ਰਿਹਾ ਸੀ। ਪਰੰਤੂ ਉਸਨੇ ਸਮਝਦਾਰੀ ਵਿਖਾਈ। ਉਸਨੇ ਕਿੱਤਾ ਸਲਾਹਕਾਰ ਨਾਲ ਸੰਪਰਕ ਕੀਤਾ ਅਤੇ ਸਹੀ ਮਾਰਗ ਦਰਸ਼ਨ ਪ੍ਰਾਪਤ ਕੀਤਾ। ਇਹਨਾਂ ਵਾਪਰੀਆਂ ਘਟਨਾਵਾਂ ਦੇ ਇਲਾਵਾ ਭਿੰਨ ਭਿੰਨ ਸਰੀਰਕ, ਮਾਨਸਕ, ਆਰਥਿਕ, ਵਿਅਕਤੀਗਤ ਪ੍ਰਕਾਰ ਦੀਆਂ ਸਮੱਸਿਆਵਾਂ ਤੋਂ ਛੁੱਟਕਾਰਾ ਪਾਉਣ ਦੇ ਲਈ ਬੰਦਾ ਆਪਣੀ ਬੁੱਧੀ ਦੀ ਕਮੀ ਵਿੱਚ ਗਲਤ ਤਰੀਕਿਆਂ ਨਾਲ ਜੂਝਦਾ ਰਹਿੰਦਾ ਹੈ। ਇਸ ਦੇ ਲਈ ਉਹ ਲੁਭਾਵਨੇ ਵਿਗਿਆਪਨਾਂ ਦਾ ਆਸਾਰਾ ਲੈ ਕੇ ਭਰਮਾਂ ਵਿੱਚ ਪੈਂਦਾ ਵੀ ਦੇਖਿਆ ਗਿਆ ਹੈ। ਸਮੱਸਿਆ ਦਾ ਹੌਂਸਲੇਭਰਪੂਰ ਮੁਕਾਬਲਾ ਕਰਦੇ ਹੋਏ ਸਿਰਫ ਸੰਬੰਧਿਤ ਮਾਹਰ ਦੀ ਸਲਾਹ ਉੱਤੇ ਚੱਲੋ ਅਤੇ ਸਮਾਂ ਅਤੇ ਧਨ ਦੋਹਾਂ ਦੀ ਹੀ ਬਰਬਾਦੀ ਤੋਂ ਬਚੋ।

-ਬਕੁਲਾ ਪਾਰੇਖ

**ਧੰਨਵਾਦ ਸਹਿਤ ਮੈਗਜੀਨ: 'ਸਰਿਤਾ' ਅਕਤੂਬਰ (ਦੂਜਾ) 2013**

# ਘਰੇਲੂ ਮਾਰ ਕੁਟਾਈ



ਏਸ਼ੀਅਨ ਲੋਕਾਂ ਲਈ ਘਰੇਲੂ ਮਾਰ ਕੁਟਾਈ ਦਾ ਮੁੱਦਾ ਕੋਈ ਨਵੀਂ ਗੱਲ ਨਹੀਂ ਹੈ। ਭਾਰਤ, ਪੰਜਾਬ 'ਚ ਅਸੀਂ ਆਮ ਹੀ ਦੇਖਦੇ ਹਾਂ ਕਿ ਔਰਤਾਂ ਆਪਣੇ ਘਰਾਂ ਵਿਚ ਕਈ ਤਰ੍ਹਾਂ ਦੇ ਧੱਕਿਆਂ ਦਾ ਸ਼ਿਕਾਰ ਹੁੰਦੀਆਂ ਹਨ। ਇਹਨਾਂ ਧੱਕਿਆਂ ਵਿਚ ਸਰੀਰਕ ਮਾਰ ਕੁਟਾਈ, ਜਿਣਸੀ ਤਸ਼ੱਦਦ, ਮਾਨਸਿਕ ਤੌਰ ਤੇ ਪ੍ਰੇਸ਼ਾਨੀਆਂ ਅਤੇ ਪੈਸਿਆਂ ਦੀ ਤੋੜ ਵਾਲਾ ਧੱਕਾ ਵੀ ਸ਼ਾਮਿਲ ਹੈ। ਸ਼ਾਇਦ ਇਹ ਹੀ ਕਾਰਨ ਹੈ ਕਿ ਔਰਤਾਂ ਦੇ ਕੱਪੜਿਆਂ ਨੂੰ ਜੇਬਾਂ ਖੀਸੇ ਨਹੀਂ ਲਾਏ ਜਾਂਦੇ ਤਾਂ ਕਿ ਉਹ ਮੁਥਾਜ ਬਣੀਆਂ ਰਹਿਣ। ਪੱਛਮੀ ਤਰਜ਼ ਦੀਆਂ ਪੈਂਟਾਂ ਵਿਚ ਭਾਵੇਂ ਜੇਬਾਂ ਹਨ ਪਰ ਦੇਸੀ ਪਹਿਰਾਵਿਆਂ-ਸਲਾਵਰ ਸੂਟ ਵਿਚ ਕਿਤੇ ਕਿਤੇ ਹੀ ਖੀਸੇ, ਜੇਬ ਦਾ ਰਿਵਾਜ਼ ਹੈ। ਔਰਤ ਦੇ ਬੈਗ ਜਾਂ ਪਰਸ ਵਿਚ ਹੀ ਉਹਦੇ ਥੋੜੇ ਬਹੁਤੇ ਪੈਸੇ, ਚਾਬੀਆਂ ਅਤੇ ਹੋਰ ਜ਼ਰੂਰੀ ਚੀਜ਼ਾਂ ਹੋ ਸਕਦੀਆਂ ਹਨ। ਇਹ ਖੋਹੇ ਜਾਣ ਤੇ ਉਹ ਬਿਲਕੁਲ ਹੀ ਮੁਥਾਜ ਹੋ ਕੇ ਰਹਿ ਜਾਂਦੀ ਹੈ। ਕੀ ਇਹ ਕਿਤੇ ਮਰਦ ਪ੍ਰਧਾਨ ਸਮਾਜ ਵਿਚ ਆਦਮੀ ਦੀ ਚਾਲ ਤਾਂ ਨਹੀਂ ਹੈ? ਕਈ ਅਗਾਂਹਵਧੂ ਔਰਤਾਂ ਦੀ ਖੋਜ ਅਤੇ ਸੋਚ ਵੀ ਇਹ ਹੈ ਕਿ ਔਰਤਾਂ ਨੂੰ ਇਕ ਵਸਤੂ ਸਮਝ ਕੇ ਹੀ ਗਹਿਣੇ ਪਹਿਨਾਉਣ ਦਾ ਰਿਵਾਜ਼ ਚੱਲਿਆ ਸੀ ਤਾਂ ਕਿ ਉਹ ਅਗਰ ਕਾਬੂ ਤੋਂ ਬਾਹਰ ਜਾਣ ਦੀ ਕੋਸ਼ਿਸ਼ ਕਰੇ ਤਾਂ ਉਹਦੀਆਂ ਬੰਗਾਂ ਅਤੇ ਪੈਰਾਂ ਦੇ ਗਹਿਣੇ ਖੜਕਾ ਕਰਕੇ ਆਦਮੀ ਨੂੰ ਜਗਾ ਸਕਣ। ਇਹ ਬਾਦ 'ਚ ਰਿਵਾਜ਼ ਅਤੇ ਫੈਸ਼ਨ ਬਣਨ ਨਾਲ ਵੀ ਔਰਤ ਨੂੰ ਵਸਤੂ ਵਾਂਗ ਸਜਣ ਸਜਾਉਣ ਵਾਲੀ ਗੱਲ ਅੱਜ ਤੱਕ ਕਾਇਮ ਹੈ। ਸੁਨਿਆਰਿਆਂ ਅਤੇ ਕੱਪੜੇ ਵੇਚਣ ਵਾਲਿਆਂ ਦੀ ਵਿਕਰੀ 'ਚ ਵਾਧਾ ਇਹਨਾਂ ਕਾਰਨਾਂ ਕਰਕੇ ਹੀ ਹੈ।

ਘਰੇਲੂ ਮਾਰ ਕੁਟਾਈ ਦੀ ਪ੍ਰੀਭਾਸ਼ਾ ਨੂੰ ਹੋਰ ਅੱਗੇ ਤੋਰਨ ਤੇ ਗੱਲ ਸਾਫ ਹੋ ਜਾਂਦੀ ਹੈ ਕਿ ਇਸ ਮੁੱਦੇ ਦਾ ਅਸਲੀ ਮਨਸ਼ਾ ਤਾਕਤ ਦੀ ਦੁਰਵਰਤੋਂ ਕਰਨਾ ਅਤੇ ਕਾਬੂ ਕਰਨਾ ਹੈ। ਇਹ ਕਾਬੂ ਅਤੇ ਦੁਰਵਰਤੋਂ ਉਸ ਵੇਲੇ ਹੁੰਦੀ ਹੈ ਜਦ ਔਰਤਾਂ ਫੋਨ ਨਹੀਂ ਕਰ ਸਕਦੀਆਂ, ਕਿਸੇ ਨਾਲ ਗੱਲ ਨਹੀਂ ਕਰ ਸਕਦੀਆਂ, ਪ੍ਰੀਵਾਰ ਅਤੇ ਦੋਸਤਾਂ ਨਾਲ ਨਾਤਾ ਤੋੜ ਦੇਣਾ। ਫਿਰ ਇਹ ਧੌਲਾ ਧੱਫਾ, ਕੁੱਟਮਾਰ, ਚਪੇੜਾਂ, ਮੁੱਕੇ, ਘਸੁੰਨ ਵੀ ਹੋ ਸਕਦੇ ਹਨ ਅਤੇ ਤਾਹਨੇ ਮੈਹਣੇ ਦੇਣੇ ਵੀ ਹੋ ਸਕਦੇ ਹਨ। ਕਿਸੇ ਦੀ ਗਰੀਬੀ ਅਤੇ ਅਪੰਗਤਾ ਨੂੰ ਬਾਰ ਬਾਰ ਜਤਾਉਣਾ ਵੀ ਹੋ ਸਕਦਾ ਹੈ। ਕੋਈ ਦਿਲ ਚੁੱਭਵੀਂ ਗੱਲ ਕਹਿਣਾ ਜੇਹਦੇ ਨਾਲ ਮਨ ਛੱਲਣੀ ਹੋ ਜਾਣ। ਆਪਣੀ ਮਨ ਪਸੰਦ ਦਾ ਕੱਪੜਾ ਅਤੇ ਖਾਣਪੀਣ ਤੇ ਪਾਬੰਦੀ ਲਾਉਣੀ। ਨਰੜ ਵਿਆਹ ਅਤੇ ਇਜ਼ਤ ਦੇ ਨਾਂ ਤੇ ਕਤਲ ਕਰਨਾ ਸਭ ਘਰੇਲੂ ਮਾਰ ਕੁਟਾਈ ਦੀ ਪ੍ਰੀਭਾਸ਼ਾ 'ਚ ਆਉਂਦਾ ਹੈ। ਘਰੇਲੂ ਮਾਰ ਕੁਟਾਈ ਦੀ ਕਤਾਰਬੰਦੀ ਵਿਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਆਉਂਦੇ ਹਨ। ਔਰਤਾਂ ਤੇ ਇਹ ਤਸ਼ੱਦਦ ਵਾਰ ਵਾਰ ਕੀਤਾ ਜਾਂਦਾ ਹੈ ਅਤੇ ਉਹਨਾਂ ਦੀ ਜ਼ਖ਼ਮੀ ਹੋਣ ਦੀ ਦਰ ਵੀ ਦੁੱਗਣੀ ਹੈ। ਔਰਤਾਂ ਐਹੋ ਜੇਹੇ ਮਾਹੌਲ ਵਿਚ ਡਰ ਦੀ ਜ਼ਿੰਦਗੀ ਜੀਉਂਦੀਆਂ ਹਨ ਅਤੇ ਇਸ ਨਾਲ ਉਹਨਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਤੇ ਅਸਰ ਪੈਂਦਾ ਹੈ। ਬੱਚਿਆਂ ਦੀ ਵੀ ਸਖ਼ਸ਼ੀਅਤ ਪੂਰੀ ਤਰ੍ਹਾਂ ਪ੍ਰਫੁਲਤ ਨਹੀਂ ਹੋ ਸਕਦੀ। ਔਰਤਾਂ ਦੀ ਕੁੱਟਮਾਰ ਉਹਦੇ ਘਰਵਾਲੇ, ਸੱਸ ਸਹੁਰੇ, ਦਿਉਰਾਂ, ਜੇਠਾਂ ਜਾਂ ਕਿਸੇ ਹੋਰ ਰਿਸ਼ਤੇਦਾਰ ਵੱਲੋਂ ਵੀ ਹੋ ਸਕਦੀ ਹੈ। ਔਰਤਾਂ ਨਾਲ ਬਿਲਕੁਲ ਹੀ ਬੋਲਚਾਲ ਬੰਦ ਕਰਕੇ ਉਹਨੂੰ ਇਕੱਲਿਆਂ ਕਰ ਦੇਣਾ ਵੀ ਇਸੇ ਮਨਸੂਬੇ, ਸਾਜਿਸ਼ ਅਤੇ ਲਕੀਰ ਵਿਚ ਸ਼ਾਮਲ ਹੈ।



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਬਰਤਾਨੀਆ ਦੇ ਹੋਮ ਔਫਿਸ ਦੇ 2004 ਸਾਲ ਦੇ ਰਿਕਾਰਡ ਮੁਤਾਬਕ ਘਰੇਲੂ ਮਾਰ ਕੁਟਾਈ ਦੇ 16 ਪ੍ਰਤੀਸ਼ਤ ਕੇਸਾਂ ਵਿਚੋਂ 25 ਪ੍ਰਤੀਸ਼ਤ ਕੇਸ ਤਸ਼ੱਦਦ ਨਾਲ ਲਬਰੇਜ਼ ਹੁੰਦੇ ਹਨ ਅਤੇ ਉਹਨਾਂ ਦਾ ਕਹਿਣਾ ਹੈ ਕਿ ਬਰਤਾਨੀਆ ਵਿਚ ਹਰ ਮਿੰਟ ਬਾਦ ਇਕ ਕੇਸ ਪੁਲੀਸ ਕੋਲ ਘਰੇਲੂ ਮਾਰ ਕੁਟਾਈ ਦਾ ਆਉਂਦਾ ਹੈ। ਬਹੁਤੇ ਕੇਸ ਤਾਂ ਪੁਲੀਸ ਨੂੰ ਦੱਸੇ ਹੀ ਨਹੀਂ ਜਾਂਦੇ ਅਤੇ ਇਹ ਗੱਲ ਏਸ਼ੀਅਨ ਪ੍ਰੀਵਾਰਾਂ ਤੇ ਸਗੋਂ ਜ਼ਿਆਦਾ ਢੁੱਕਦੀ ਹੈ। ਇਥੇ ਔਰਤ ਨੂੰ ਆਪਣੇ ਮਾਂ ਬਾਪ, ਭਰਾਵਾਂ ਦੀ ਇੱਜ਼ਤ ਦਾ ਖਿਆਲ ਅਤੇ ਸਮਾਜ 'ਚ ਬੁਰਾ ਸਮਝੇ ਜਾਣ ਕਰਕੇ, ਦੜ ਵੱਟ ਕੇ ਜ਼ੁਲਮ ਸਹਾਰ ਲਏ ਜਾਂਦੇ ਹਨ।

ਜਿਹੜੇ ਥੋੜੇ ਬਹੁਤੇ ਆਦਮੀ ਇਸ ਘਰੇਲੂ ਮਾਰ ਕੁਟਾਈ ਦਾ ਸ਼ਿਕਾਰ ਹੁੰਦੇ ਹਨ ਉਹਨਾਂ ਦੀ ਗਿਣਤੀ, ਔਰਤਾਂ ਦੇ ਮੁਕਾਬਲੇ ਘੱਟ ਹੁੰਦੀ ਹੈ। ਦੇਖਣ, ਸੁਣਨ 'ਚ ਇਹ ਵੀ ਆਇਆ ਹੈ ਕਿ ਇਹ ਉਹ ਹੀ ਆਦਮੀ ਹੁੰਦੇ ਹਨ ਜੇਹਨਾਂ ਪਹਿਲੀਆਂ ਵਿਚ, ਔਰਤਾਂ ਤੇ ਜ਼ੁਲਮ ਢਾਹੇ ਹੁੰਦੇ ਹਨ। ਅੰਕੜੇ ਇਹ ਵੀ ਦੱਸਦੇ ਹਨ ਕਿ 45 ਪ੍ਰਤੀਸ਼ਤ ਔਰਤਾਂ ਅਤੇ 26 ਪ੍ਰਤੀਸ਼ਤ ਮਰਦਾਂ ਆਪਣੀ ਜ਼ਿੰਦਗੀ ਦੇ ਲੰਬੇ ਸਫਰ ਵਿਚ ਘੱਟੋ ਘੱਟ ਇਕ ਵਾਰੀ ਆਪਣੇ ਰਿਸ਼ਤਿਆਂ ਦੇ ਸਿਲਸਲੇ ਵਿਚ ਜ਼ੁਲਮ ਸਹਾਰਿਆ ਹੁੰਦਾ ਹੈ। ਔਸਤਨ ਇਕ ਸਾਲ ਵਿਚ 13 ਮਿਲੀਅਨ ਕੇਸ ਮਾਰ ਕੁਟਾਈ ਦੇ, ਬਰਤਾਨੀਆ ਵਿਚ ਦਰਜ਼ ਕੀਤੇ ਜਾਂਦੇ ਹਨ, ਜਿਹਨਾਂ ਵਿਚ ਜਾਂ ਤਾਂ ਔਰਤ ਦਾ ਹੁਣ ਵਾਲਾ ਜਾਂ ਪਹਿਲਾ ਘਰ ਵਾਲਾ, ਮਾਰ ਕੁਟਾਈ ਕਰਦਾ ਹੈ ਜਾਂ ਮਾਰ ਕੁਟਾਈ ਦੀ ਧਮਕੀ ਦਿੰਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਇਹ ਤਸ਼ੱਦਦ ਔਰਤ ਤੇ 16 ਸਾਲ ਦੀ ਉਮਰ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਜੋ ਬਾਦ ਦੀ ਉਮਰ ਤੱਕ ਚਲਦਾ ਰਹਿੰਦਾ ਹੈ। 54 ਪ੍ਰਤੀਸ਼ਤ ਬਲਾਤਕਾਰ ਦੇ ਕੇਸ ਹੁਣ ਵਾਲੇ ਜਾਂ ਪਹਿਲਾਂ ਰਹਿ ਚੁੱਕੇ ਪਤੀ ਵੱਲੋਂ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਹੀ ਦੋ ਔਰਤਾਂ ਹਰ ਹਫਤੇ ਇਹਨਾਂ ਪਤੀਆਂ ਦੁਆਰਾ ਮਾਰ ਦਿੱਤੀਆਂ ਜਾਂਦੀਆਂ ਹਨ। 30 ਪ੍ਰਤੀਸ਼ਤ ਕੇਸਾਂ ਵਿਚ ਔਰਤਾਂ ਉਪਰ ਉਸ ਵੇਲੇ ਤਸ਼ੱਦਦ ਕੀਤਾ ਜਾਂਦਾ ਹੈ ਜਦ ਉਹਨਾਂ ਨੂੰ ਬੱਚਾ, ਬੱਚੀ ਹੋਣ ਵਾਲਾ ਹੁੰਦਾ ਹੈ। ਪੁਲੀਸ ਕੋਲ ਰਿਪੋਰਟ ਕਰਨ ਤੋਂ ਪਹਿਲਾਂ ਇਕ ਔਰਤ, ਔਸਤਨ 35 ਵਾਰ ਕੁੱਟਮਾਰ ਖਾ ਚੁੱਕੀ ਹੁੰਦੀ ਹੈ। ਏਸ਼ੀਅਨ ਔਰਤਾਂ ਲਈ ਇਹ ਗਿਣਤੀ ਇਸ ਨਾਲੋਂ ਕਾਫੀ ਜ਼ਿਆਦਾ ਹੋਵੇਗੀ। ਅੰਕੜਿਆਂ ਮੁਤਾਬਕ ਇਕ ਆਮ ਦਿਨ ਵਿਚ 3615 ਔਰਤਾਂ ਅਤੇ 3580 ਬੱਚੇ ਪਨਾਹ ਘਰਾਂ ਵਿਚ ਜਾ ਕੇ ਆਪਣਾ ਬਚਾ ਕਰਦੇ ਹਨ। ਇਹ ਅੰਕੜੇ ਇੰਗਲੈਂਡ ਦੇ ਸਾਲ 2006 ਦੇ ਹਨ ਅਤੇ ਸਾਲ 2010 'ਚ ਇਹਨਾਂ ਵਿਚ 12 ਪ੍ਰਤੀਸ਼ਤ ਦਾ ਵਾਧਾ ਹੋਇਆ ਸੀ। ਹੁਣ ਸਾਲ 2012 'ਚ ਜਦ ਬਹੁਤ ਲੋਕੀਂ ਕੰਮਾਂ ਤੋਂ ਵਿਹਲੇ ਹਨ ਤਾਂ ਇਸ ਨਾਲ ਘਰੇਲੂ ਮਾਰ ਕੁਟਾਈ ਅਤੇ ਮਾਨਸਿਕ ਰੋਗਾਂ ਦੇ ਕੇਸਾਂ ਵਿਚ ਹੋਰ ਵੀ ਵਾਧਾ ਹੋਇਆ ਹੈ। ਜਿਹੜੇ ਲੋਕਾਂ ਤੇ ਘਰੇਲੂ ਮਾਰ ਕੁਟਾਈ ਦਾ ਚਾਰ ਵਾਰ ਤਸ਼ੱਦਦ ਹੋਇਆ ਹੁੰਦਾ ਹੈ, ਉਹਨਾਂ ਵਿਚੋਂ 89 ਪ੍ਰਤੀਸ਼ਤ ਔਰਤਾਂ

ਇਸ ਜ਼ੁਲਮ ਨੂੰ ਸਹਾਰਦੀਆਂ ਹਨ। ਇਹਨਾਂ ਅੰਕੜਿਆਂ ਵਿਚ ਵਾਧੇ ਦੀ ਦਰ ਦੇਖਦਿਆਂ ਇਹ ਗੱਲ ਸਾਹਮਣੇ ਆਈ ਹੈ ਕਿ ਇਕ ਦਿਨ ਵਿਚ 11,310 ਔਰਤਾਂ ਨੇ ਘਰੇਲੂ ਮਾਰ ਕੁਟਾਈ ਦੀ ਸ਼ਿਕਾਇਤ ਕੀਤੀ ਸੀ। ਇਹ ਅੰਕੜੇ 2006 ਦੇ ਸਨ ਜਿਹਨਾਂ ਵਿਚ 2003 ਦੇ ਮੁਕਾਬਲੇ 50 ਪ੍ਰਤੀਸ਼ਤ ਵਾਧਾ ਹੋਇਆ ਸੀ। ਹੁਣ 2012 ਦੇ ਹਾਲਾਤਾਂ ਨੂੰ ਦੇਖਦੇ, ਇਸ ਗਿਣਤੀ ਵਿਚ ਚੋਖਾ ਵਾਧਾ ਹੋਇਆ ਹੋਵੇਗਾ।

ਮਾਨਸਿਕ ਸਿਹਤ ਬਾਰੇ ਗੱਲ ਕਰਦਿਆਂ ਇਹ ਪਤਾ ਲੱਗਦਾ ਹੈ ਕਿ ਜਿਹੜਿਆਂ ਕੇਸਾਂ ਵਿਚ ਘਰੇਲੂ ਮਾਰ ਕੁਟਾਈ ਅਤੇ ਹੋਰ ਕਈ ਤਰ੍ਹਾਂ ਦਾ ਸ਼ੋਸ਼ਣ ਹੋਇਆ ਹੋਵੇ, ਉਹਨਾਂ ਔਰਤਾਂ ਵਿਚ ਉਦਾਸੀ ਅਤੇ ਹੋਰ ਮਾਨਸਿਕ ਰੋਗਾਂ 'ਚ ਵਾਧਾ ਹੋਇਆ ਹੈ। ਐਹੋ ਜੇਹੀਆਂ ਔਰਤਾਂ ਵਿਚ ਆਮ ਔਰਤਾਂ ਨਾਲੋਂ ਮਾਨਸਿਕ ਬੀਮਾਰੀਆਂ ਦੀ ਗਿਣਤੀ ਤਿੰਨ ਗੁਣਾਂ ਜ਼ਿਆਦਾ ਹੁੰਦੀ ਹੈ। ਮਾਨਸਿਕ ਰੋਗੀਆਂ ਦੇ ਹਸਪਤਾਲਾਂ ਵਿਚ 70 ਪ੍ਰਤੀਸ਼ਤ ਔਰਤਾਂ ਉਹ ਹੁੰਦੀਆਂ ਹਨ ਜਿਹਨਾਂ ਤੇ ਸਰੀਰਕ ਅਤੇ ਜਿਣਸੀ ਤਸ਼ੱਦਦ ਹੋਇਆ ਹੁੰਦਾ ਹੈ। 35 ਪ੍ਰਤੀਸ਼ਤ ਔਰਤਾਂ ਵਿਚ ਆਤਮਘਾਤ ਵੀ ਇਸੇ ਕਰਕੇ ਹੁੰਦਾ ਹੈ ਅਤੇ ਇਹ ਦਰ ਕਾਲੀਆਂ ਅਤੇ ਏਸ਼ੀਆਈ ਔਰਤਾਂ ਵਿਚ ਇਹਨਾਂ ਕਰਕੇ 50 ਪ੍ਰਤੀਸ਼ਤ ਹੈ। ਜਦ ਕਿਸੇ ਨੂੰ ਮਾਨਸਿਕ ਰੋਗੀ ਕਰਾਰ ਦੇ ਦਿੱਤਾ ਜਾਂਦਾ ਹੈ ਤਾਂ ਉਹਦੀ ਸਖ਼ਸ਼ੀਅਤ ਤੇ ਇਕ ਧੱਬਾ ਲੱਗ ਜਾਂਦਾ ਹੈ। ਸਿਰਫ ਉਹ ਔਰਤ ਹੀ ਇਸ ਕਰਕੇ ਦੁੱਖ ਨਹੀਂ ਸਹਾਰਦੀ, ਸਗੋਂ ਉਹਦੇ ਬੱਚੇ ਵੀ ਇਸ ਸਮਾਜ ਵਿਚ ਇਸ ਦੁੱਖ ਦੇ ਭਾਗੀਦਾਰ ਬਣਦੇ ਹਨ। ਦੁਖਿਆਰੀ ਔਰਤ ਅਤੇ ਬੱਚੇ ਮਾਯੂਸ, ਡਰੂ ਡਰੂ ਅਤੇ ਦੱਬੇ ਹੋਏ ਰਹਿੰਦੇ ਹਨ। ਉਹਨਾਂ ਦਾ ਆਤਮ ਵਿਸ਼ਵਾਸ਼ ਜਾਂਦਾ ਲੱਗਦਾ ਹੈ ਅਤੇ ਬਹੁਤ ਲੋਕੀਂ ਉਸ ਔਰਤ ਅਤੇ ਉਹਦੇ ਬੱਚਿਆਂ ਤੇ ਯਕੀਨ ਨਹੀਂ ਕਰਦੇ।

ਇਸ ਸਾਰੇ ਕਾਸੇ ਦੀ ਜੜ੍ਹ ਇਸ ਗੱਲ ਵਿਚ ਹੈ ਕਿ ਮਰਦ ਪ੍ਰਧਾਨ ਸਮਾਜ, ਆਦਮੀ ਦੀ ਹੈਂਕੜ ਨੂੰ ਰੱਜ ਵੱਜ ਕੇ ਉਪਰ ਚੁੱਕਦਾ ਹੈ। ਸਮਾਜਿਕ ਵਰਤਾਰੇ ਆਦਮੀ ਨੂੰ ਘਰ ਦਾ ਮਾਲਕ ਕਮਾਈ ਕਰਨ ਵਾਲਾ, ਘਰ ਦਾ ਮੋਹਰੀ ਅਤੇ ਸਾਰੇ ਫੈਸਲੇ ਲੈਣ ਵਾਲਾ ਸਮਝਦਾ ਹੈ। ਔਰਤ ਅਤੇ ਮਰਦ ਦੀ ਬਰਾਬਰੀ ਦੀ ਗੱਲ ਧਰਮਾਂ ਪਾਸਿਉਂ ਬਿਲਕੁਲ ਨਹੀਂ ਆਉਂਦੀ ਅਤੇ ਜੇਕਰ ਇਕ ਅੱਧੀ ਗੱਲ ਕਿਤੇ ਕੀਤੀ ਵੀ ਗਈ ਹੈ, ਉਹ ਸਿਰਫ ਭਾਸ਼ਾਵਾਂ ਤੱਕ ਜਾਂ ਲਿਖਤਾਂ ਵਿਚ ਹੀ ਦਮ ਤੋੜ ਦਿੰਦੀ ਹੈ। ਇਹ ਹੀ ਕਾਰਣ ਹੈ ਕਿ 66 ਪ੍ਰਤੀਸ਼ਤ ਤੋਂ ਜ਼ਿਆਦਾ ਆਦਮੀ ਇਸ ਗੱਲ ਨੂੰ ਸਵੀਕਾਰਦੇ ਹਨ ਕਿ ਅਗਰ ਉਹਨਾਂ ਦੀ ਗੱਲ ਘਰ ਵਿਚ ਨਾ ਮੰਨੀ ਜਾਵੇ ਤਾਂ ਉਹ ਜ਼ੁਲਮ ਕਰਕੇ ਜ਼ਬਰੀ ਗੱਲ ਮਨਾਉਣਗੇ। 20 ਪ੍ਰਤੀਸ਼ਤ ਮਰਦ, ਔਰਤਾਂ ਨਾਲ ਘਰ ਵਿਚ ਜ਼ਬਰਦਸਤੀ ਸੰਭੋਗ ਕਰਨ ਨੂੰ ਜ਼ਾਇਜ਼ ਠਹਿਰਾਉਂਦੇ ਹਨ ਤੇ 12 ਪ੍ਰਤੀਸ਼ਤ ਮਰਦ ਇਸ ਗੱਲ ਨੂੰ ਸਵੀਕਾਰਦੇ ਹਨ ਕਿ ਅਗਰ ਇਸ ਸਿਲਸਿਲੇ ਵਿਚ ਗੱਲ ਨਾ ਬਣਦੀ ਹੋਵੇ ਤਾਂ ਉਹ ਮਾਰ ਕੁਟਾਈ ਕਰਨਗੇ। ਅਸੀਂ ਵਰਤਾਵ ਘਰੋਂ ਸਿੱਖਦੇ ਹਾਂ ਅਤੇ ਇਸੇ ਕਰਕੇ 20 ਪ੍ਰਤੀਸ਼ਤ ਲੜਕੇ, ਮਾਰ ਕੁਟਾਈ ਨੂੰ ਜਾਇਜ਼ ਕਰਾਰ ਦਿੰਦੇ ਹਨ ਅਤੇ 10 ਪ੍ਰਤੀਸ਼ਤ ਲੜਕੀਆਂ ਇਹਦੀ ਹਾਮੀ ਭਰਦੀਆਂ ਹਨ। ਏਸ਼ੀਅਨ ਭਾਈਚਾਰੇ ਵਿਚ ਤਾਂ ਇਹ ਗੱਲ ਛੋਟੇ ਹੁੰਦਿਆਂ ਈ ਸਿਖਾਈ ਜਾਂਦੀ ਹੈ ਕਿ ਧੀਆਂ ਤਾਂ ਪਰਾਈਆਂ ਹਨ, ਮਾਂ ਬਾਪ ਦਾ ਘਰ, ਉਹਨਾਂ ਦਾ ਨਹੀਂ ਹੈ ਅਤੇ ਡੋਲੀ ਤੋਂ ਬਾਦ ਅਰਥੀ ਹੀ ਉਸ ਘਰੋਂ ਆਉਣੀ ਚਾਹੀਦੀ ਹੈ। ਉਹਨੂੰ ਹਰ ਤਰ੍ਹਾਂ ਦਾ ਜ਼ੁਲਮ ਉਥੇ ਸਹਾਰਨਾ ਪਵੇਗਾ ਅਤੇ ਇਹ ਹੀ ਉਹਦਾ ਫਰਜ ਹੈ। ਏਸ਼ੀਅਨ ਲੋਕਾਂ ਵਿਚ ਇਸੇ ਕਰਕੇ ਇਹ ਗੱਲ ਸਵੀਕਾਰਤ ਹੈ ਕਿ ਅਗਰ ਮਰਦ ਦਾ ਪਰਾਈ ਔਰਤ ਨਾਲ ਸਬੰਧ ਹੈ ਤਾਂ ਉਹਨੂੰ ਇਹ ਕਹਿਕੇ, "ਆਦਮੀ ਇਸ ਤਰ੍ਹਾਂ ਕਰਦੇ ਹੀ ਹੁੰਦੇ ਆ" ਸਵੀਕਾਰ ਕਰ ਲਿਆ ਜਾਂਦਾ ਹੈ। ਜਦ ਔਰਤ ਇਸ ਬਾਰੇ ਸੁਆਲ ਉਠਾਉਂਦੀ ਹੈ ਤਾਂ ਉਹਦੀ ਮਾਰ ਕੁਟਾਈ ਸ਼ੁਰੂ ਹੋ ਜਾਂਦੀ ਹੈ। ਅਗਰ ਔਰਤ ਦਾ ਗੈਰ-ਮਰਦ ਨਾਲ ਸਬੰਧ ਹੋਵੇ ਤਾਂ ਏਸ਼ੀਅਨ ਮਰਦ, ਸਮਾਜ ਅਤੇ ਧਾਰਮਿਕ ਅਦਾਰੇ ਇਹਨੂੰ ਪ੍ਰਵਾਨਗੀ ਨਹੀਂ ਦਿੰਦੇ। ਸੌਂਕਣ ਦਾ ਦਰਦ ਵੀ ਉਹ ਇਕੱਲਿਆਂ ਹੀ ਸਹਾਰਦੀ ਹੈ। ਘਰ ਵਿਚ ਜ਼ੁਲਮ ਸਹਾਰ ਰਹੀ ਔਰਤ ਦਾ ਏਸ਼ੀਅਨ ਭਾਈਚਾਰੇ ਵਿਚੋਂ ਕੋਈ ਨਹੀਂ ਹੱਥ ਫੜਦਾ ਅਤੇ ਦੋਸ਼ ਵੀ ਉਸ ਕੁਟਮਾਰ ਖਾ ਰਹੀ ਔਰਤ ਨੂੰ ਹੀ ਦਿੱਤਾ ਜਾਂਦਾ ਹੈ ਕਿ "ਇਹਨੂੰ ਆਦਮੀ ਕਾਬੂ ਨਹੀਂ ਕਰਨਾ ਆਉਂਦਾ।" ਉਹਨੂੰ ਕੋਈ ਸਹਾਰਾ ਨਾ ਦਿਸਦਾ ਹੋਣ ਤੇ ਕਿ ਉਹਦੇ ਬੱਚਿਆਂ ਦਾ ਕੀ ਬਣੇਗਾ, ਉਹਦੀ ਅਤੇ ਉਹਦੇ ਮਾਂ ਬਾਪ ਦੀ ਇੱਜ਼ਤ ਖਰਾਬ ਹੋਵੇਗੀ, ਉਹ ਦੁੱਖਾਂ ਮਾਰੀ ਘੋਰ ਉਦਾਸੀ 'ਚ ਚਲੀ ਜਾਂਦੀ ਹੈ। ਐਹੋ ਜਿਹੀਆਂ ਸਤਾਈਆਂ ਔਰਤਾਂ ਫਿਰ ਬਾਬਿਆਂ ਸਾਧਾਂ ਦੇ ਚੁੰਗਲ 'ਚ ਸਹਾਰਾ ਭਾਲਦੀਆਂ ਫਸ ਜਾਂਦੀਆਂ ਹਨ।

ਇਹ ਗੱਲ ਵੀ ਸਪੱਸ਼ਟ ਹੋ ਚੁੱਕੀ ਹੈ ਕਿ ਹਰ ਕਿਸਮ ਦੀਆਂ ਔਰਤਾਂ ਇਸ ਸੰਤਾਪ 'ਚੋਂ ਲੰਘਦੀਆਂ ਹਨ ਚਾਹੇ ਉਹ ਗੋਰੀਆਂ, ਕਾਲੀਆਂ ਜਾਂ ਏਸ਼ੀਅਨ ਹੋਣ ਅਤੇ ਉਹਨਾਂ ਦਾ ਕਿਸੇ ਵੀ ਅਕੀਦੇ ਵਿਚ ਯਕੀਨ ਹੋਵੇ। ਕੰਮਾਂ ਕਾਰਾਂ, ਪੜ੍ਹੇ ਲਿਖੇ ਜਾਂ ਅਣਪੜ੍ਹ ਹੋਣਾ ਵੀ ਇਥੇ ਵਾਰਾ ਨਹੀਂ ਖਾਂਦਾ। ਘਰੇਲੂ ਮਾਰ ਕੁਟਾਈ, ਹਰ ਤਸ਼ੱਦਦ ਵੱਡੀਆਂ ਵੱਡੀਆਂ ਨੌਕਰੀਆਂ ਵਾਲੀਆਂ ਵੀ ਸਹਾਰਦੀਆਂ ਹਨ ਅਤੇ ਉਹ ਵੀ ਜੋ ਕੋਈ ਕੰਮ ਨਹੀਂ ਕਰਦੀਆਂ। ਬਰਤਾਨੀਆ ਜਾਂ ਹੋਰ ਬਾਹਰਲੇ ਮੁਲਕਾਂ ਵਿਚ ਉਹਨਾਂ ਮੁਲਕਾਂ ਦੀ ਭਾਸ਼ਾ ਅਤੇ ਪ੍ਰਬੰਧ ਨੂੰ ਜਾਨਣਾ ਹੋਰ ਵੀ ਅੜਿਕਾ ਬਣਦਾ ਹੈ ਅਤੇ ਉਹ ਆਪਣੀ ਹੋਣੀ ਸਮਝ ਚੁੱਪ ਚਾਪ ਦਿਨ ਕਟੀ ਕਰੀ ਜਾਂਦੀਆਂ ਹਨ ਕਿ ਸ਼ਾਇਦ ਕਦੇ ਭਲੇ ਦਿਨ ਵੀ ਆਉਣਗੇ। ਭਲੇ ਦਿਨ ਆਉਣ ਵਾਲੀ ਆਸ ਪੰਜਾਬ ਭਾਰਤ ਵਿਚ ਵੀ ਬਣੀ ਰਹਿੰਦੀ ਹੈ। ਸਭ ਤੋਂ ਮਾੜੀ ਗੱਲ ਇਹ ਹੈ ਕਿ ਏਸ਼ੀਅਨ ਸਮਾਜ ਵਿਚ ਮੁਕਾਬਲਤਨ ਆਦਮੀਆਂ ਦੇ ਔਰਤਾਂ ਨੂੰ ਵਿਦਿਆ ਨਹੀਂ ਦਿੱਤੀ ਜਾਂਦੀ ਜਦੋਂ ਕਿ ਸੱਚਾਈ ਇਹ ਹੈ ਕਿ ਸਾਡੀ ਸਖ਼ਸ਼ੀਅਤ ਨੂੰ ਬਣਾਉਣ ਵਿਚ ਸਭ ਤੋਂ ਜ਼ਿਆਦਾ ਹਿੱਸਾ, ਖਾਸ ਕਰਕੇ ਛੋਟੀ ਉਮਰ ਵਿਚ, ਮਾਂ ਦਾ ਹੀ ਹੁੰਦਾ ਹੈ। ਮਾਂ ਹੀ ਸਾਡੀ ਪਹਿਲੀ ਅਧਿਆਪਕਾ ਅਤੇ ਗੁਰੂ ਹੁੰਦੀ ਹੈ। ਜੇਕਰ ਗੁਰੂ ਅਤੇ ਅਧਿਆਪਕਾ ਹੀ ਸੰਤੁਲਤ ਸ਼ਖਸ਼ੀਅਤ ਵਾਲੀ ਨਹੀਂ ਹੈ ਤਾਂ ਉਹ ਕਿਹੋ ਜਿਹੀ ਸਿੱਖਿਆ ਦੇ ਸਕਦੀ ਹੈ। ਇਸੇ ਕਰਕੇ ਦੁਨੀਆ ਦੇ ਉਹਨਾਂ ਸਮਾਜਾਂ ਨੇ ਤਰੱਕੀ ਜ਼ਿਆਦਾ ਕੀਤੀ ਹੈ ਜਿਹਨਾਂ ਵਿਚ ਔਰਤਾਂ ਜ਼ਿਆਦਾ ਸਿੱਖਿਅਤ ਹਨ। ਸ਼ਾਇਦ ਇਸੇ ਕਰਕੇ ਕਿਹਾ ਜਾਂਦਾ ਹੈ ਕਿ ਅਗਰ ਔਰਤ ਵਿਦਿਆ ਹਾਸਲ ਕਰਦੀ ਹੈ ਤਾਂ ਉਹ ਸਾਰੀ ਕੁੱਲ, ਪਰਿਵਾਰ, ਭਾਈਚਾਰੇ, ਸਮਾਜ ਅਤੇ ਮੁਲਕ ਨੂੰ ਤਰੱਕੀ ਦੇ ਰਾਹ ਤੇ ਲੈ ਕੇ ਜਾਂਦੀ ਹੈ ਜਦੋਂ ਕਿ ਮਰਦ ਦੀ ਵਿਦਿਆ ਸਿਰਫ ਉਹਦੇ ਇਕੱਲੇ ਤੱਕ ਸੀਮਿਤ ਰਹਿੰਦੀ ਹੈ।

ਘਰ ਵਿਚ ਮਾਰ ਕੁਟਾਈ ਨਾਲ ਬੱਚਿਆਂ ਦੇ ਪਾਲਣ ਪੋਸ਼ਣ ਤੇ ਅਸਰ ਪੈਂਦਾ ਹੈ ਅਤੇ ਅੰਕੜਿਆਂ ਮੁਤਾਬਕ ਹਰ ਸਾਲ 750,000 ਬੱਚੇ ਬਰਤਾਨੀਆ ਵਿਚ ਇਸ ਤੋਂ ਪ੍ਰਭਾਵਤ ਹੁੰਦੇ ਹਨ। ਇਹ ਹਾਲਤ ਵਿਕਸਤ ਮੁਲਕ ਦਾ ਹੈ ਜਿਥੇ ਔਰਤਾਂ ਸਰਕਾਰੀ ਕਾਨੂੰਨ ਅਤੇ ਪ੍ਰਬੰਧ ਦੀਆਂ ਤਾਂ ਵਾਕਿਫ ਹਨ ਹੀ ਸਗੋਂ ਪੜ੍ਹੀਆਂ ਲਿਖੀਆਂ ਵੀ ਹਨ ਅਤੇ ਉਹਨਾਂ ਦੀ ਹਿਫਾਜ਼ਤ ਲਈ ਪੁਲੀਸ, ਪੜ੍ਹਾਈ ਅਤੇ ਸੋਸ਼ਲ ਸਰਵਿਸਜ਼ ਵਰਗੇ ਅਦਾਰੇ ਵੀ ਹਨ। ਭਾਰਤ ਵਰਗੇ ਅਣ ਵਿਕਸਤ ਅਤੇ ਜਗੀਰੂ ਕਦਰਾਂ ਕੀਮਤਾਂ ਨਾਲ ਭਰੇ ਭਕੁੰਨੇ ਮੁਲਕ ਵਿਚ ਜਿਥੇ ਦੇ ਧਰਮ ਵੀ ਔਰਤ ਨੂੰ ਸਤਿਕਾਰ ਨਹੀਂ ਦਿੰਦੇ, ਕੀ ਤਵੱਜੋ ਕੀਤੀ ਜਾ ਸਕਦੀ ਹੈ? ਔਰਤਾਂ ਦੀ ਹਾਲਤ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਉਹਨਾਂ ਦੀ ਬਾਂਹ ਫੜਨ ਵਾਲੇ ਸਰਕਾਰੀ, ਗੈਰ ਸਰਕਾਰੀ, ਧਾਰਮਿਕ, ਗੈਰ ਧਾਰਮਿਕ, ਸਿਆਸੀ ਅਤੇ ਗੈਰਸਿਆਸੀ ਅਦਾਰੇ ਅਜੇ ਮੈਦਾਨ ਵਿਚ ਬੜੇ ਘੱਟ ਹਨ। ਜਦ ਘਰ ਵਿਚ ਮਾਂ ਤੇ ਅੱਤਿਆਚਾਰ ਹੁੰਦਾ ਹੋਵੇ ਤਾਂ ਉਹਦਾ ਹਿੱਸਾ ਬਹੁਤੀ ਵਾਰ ਬੱਚਿਆਂ ਨੂੰ ਵੀ ਮਿਲ ਜਾਂਦਾ ਹੈ। ਇਹ ਬੱਚੇ ਜਦ ਵੱਡੇ ਹੋ ਜਾਂਦੇ ਹਨ ਤਾਂ ਆਪਣੇ ਜ਼ਾਲਮੀ ਬਾਪ ਨੂੰ ਨਫ਼ਰਤ ਕਰਨ ਨਾਲ ਹੀ ਪ੍ਰੀਵਾਰ ਦਾ ਮਾਹੌਲ ਨਾਖੁਸ਼ਗਵਾਰ ਹੋਇਆ ਰਹਿੰਦਾ ਹੈ। ਭਾਰਤੀ ਪੰਜਾਬ ਦੇ ਗਾਣੇ ਅਤੇ ਫਿਲਮਾਂ ਵੀ ਬਹੁਤ ਕੇਸਾਂ ਵਿਚ ਔਰਤ ਦੇ ਹੱਕ 'ਚ ਨਹੀਂ ਭੁਗਤਦੀਆਂ ਅਤੇ ਇਹ ਪਰੰਪਰਾ ਬਸ ਤੁਰਦੀ, ਤੁਰਦੀ, ਤੁਰੀ ਹੀ ਜਾ ਰਹੀ ਹੈ। ਬਰਤਾਨੀਆ ਵਿਚ ਔਰਤਾਂ ਤੇ ਤਸ਼ੱਦਦ ਗੈਰ ਕਾਨੂੰਨੀ ਹੈ ਅਤੇ ਹੁਣ ਪੁਲੀਸ ਕੋਲ ਤਾਕਤ ਹੈ ਕਿ ਘਰੇਲੂ ਮਾਰ ਕੁਟਾਈ ਦੀ ਸ਼ਿਕਾਇਤ ਤੇ ਆਦਮੀ ਨੂੰ ਘਰੋਂ ਕੱਢ ਕੇ ਠਾਣੇ ਡੱਕ ਦਿੱਤਾ ਜਾਂਦਾ ਹੈ। ਬੱਚਿਆਂ ਲਈ 1989, 2002, 2004 ਅਤੇ 2005 ਦੇ ਕਾਨੂੰਨ ਹਨ ਜੇਹਨਾਂ ਮੁਤਾਬਕ ਅਗਰ ਬੱਚੇ ਘਰੇਲੂ ਮਾਰ ਕੁਟਾਈ

ਦੇਖਦੇ ਵੀ ਹਨ ਤਾਂ ਉਹਨਾਂ ਨੂੰ ਸੁਰੱਖਿਅਤ ਥਾਂ ਤੇ ਰੱਖਿਆ ਜਾ ਸਕਦਾ ਹੈ। ਜਿਹਨਾਂ ਕੇਸਾਂ ਵਿਚ ਇਸ ਜ਼ੁਲਮ ਕਰਕੇ ਬੱਚੇ ਸ਼ਿਕਾਰ ਹੁੰਦੇ ਹਨ, ਉਹਨਾਂ ਦੀ ਗਿਣਤੀ 30 ਤੋਂ 66 ਪ੍ਰਤੀਸ਼ਤ ਤੱਕ ਹੈ ਅਤੇ ਤਕਰੀਬਨ 75 ਪ੍ਰਤੀਸ਼ਤ ਬੱਚਿਆਂ ਦੇ ਨਾਂ ਸਰਕਾਰੀ ਅਫਸਰਾਂ ਕੋਲ ਦਰਜ ਹਨ ਜਿਹਨਾਂ ਨਾਲ ਘਰ ਵਿਚ ਬਦਸਲੂਕੀ ਹੋ ਸਕਦੀ ਹੈ। ਬਰਤਾਨੀਆਂ ਦੇ ਲੰਦਨ ਤੋਂ ਬਾਦ ਦੂਜੇ ਵੱਡੇ ਸ਼ਹਿਰ ਬ੍ਰਮਿਘਮ ਵਿਚ ਅੰਦਾਜ਼ਾ ਲਾਇਆ ਜਾ ਰਿਹਾ ਕਿ ਐਹੋ ਜਿਹੇ ਬੱਚਿਆਂ ਦੀ ਗਿਣਤੀ 33000 ਹੈ ਅਤੇ ਇਹ ਅੱਜ ਕੱਲ੍ਹ ਦੇ ਹਾਲਾਤ ਮੁਤਾਬਕ ਦਿਨ-ਬ-ਦਿਨ ਵਧ ਰਹੀ ਹੈ।

ਭਾਰਤੀ ਪੰਜਾਬ ਦੀ ਪਿਛਾਂਹ ਖਿੱਚੂ ਸੋਚਣੀ ਉਸ ਵੇਲੇ ਵੀ ਔਰਤ ਤੇ ਤਸ਼ੱਦਦ ਕਰਦੀ ਹੈ ਜਦ ਉਹਦੇ ਮੁੰਡੇ ਦੀ ਬਜਾਏ ਕੁੜੀ ਪੈਦਾ ਹੋਵੇ ਜਾਂ ਕੁੜੀਆਂ ਹੀ ਪੈਦਾ ਹੋਈ ਜਾਣ। ਜਦ ਘਰ ਵਿਚ ਕੋਈ ਬੱਚਾ ਨਾ ਪੈਦਾ ਹੋਵੇ। ਇਹਨਾਂ ਦੋਵਾਂ ਹਾਲਤਾਂ ਵਿਚ ਵੀ ਕਸੂਰ ਮਰਦ ਦਾ ਹੀ ਦੇਖਿਆ ਗਿਆ ਹੈ ਪਰ ਦੋਸ਼ ਸਦਾ ਔਰਤ ਤੇ ਮੜ੍ਹਿਆ ਜਾਂਦਾ ਹੈ। ਦਾਜ ਘੱਟ ਲਿਆਉਣ ਤੇ ਜਾਂ ਆਪਣੇ ਮੁਲਕ ਤੋਂ ਵਿਆਹ ਕੇ ਲਿਆਉਣ ਤੇ ਵੀ ਉਹਦੇ ਪੇਕਿਆਂ ਨੂੰ ਸਦਾ ਬੁਰਾ ਭਲਾ ਕਹਿਣਾ ਜਾਂ ਕਈ ਕੇਸਾਂ ਵਿਚ ਸਹੁਰੇ, ਦਿਉਰਾਂ ਅਤੇ ਜੇਠਾਂ ਵੱਲੋਂ ਜ਼ਬਰਦਸਤੀ ਕਰਨ ਅਤੇ ਔਰਤ ਵੱਲੋਂ ਉਜ਼ਰ ਕਰਨ ਤੇ ਦੋਸ਼ ਔਰਤ ਨੂੰ ਦੇ ਕੇ ਉਹਦੀ ਮਾਰ ਕੁਟਾਈ ਕੀਤੀ ਜਾਂਦੀ ਹੈ। ਸ਼ਰਾਬ ਅਤੇ ਹੋਰ ਨਸ਼ੇ ਇਸ ਬਿਰਤੀ ਨੂੰ ਵਧਾਉਂਦੇ ਹਨ ਅਤੇ ਮਾਰ ਕੁਟਾਈ ਔਰਤ ਤੋਂ ਲੈ ਕੇ ਬੱਚਿਆਂ ਤੱਕ ਜਾ ਅਪੜ੍ਹਦੀ ਹੈ। ਸਾਡਾ ਸਮਾਜ ਮੂਕ ਦਰਸ਼ਕ ਬਣਿਆ ਦੇਖਦਾ ਰਹਿੰਦਾ ਹੈ। ਇਹ ਸ਼ਰਾਬੀ ਅਤੇ ਨਸ਼ਈ ਘਰ 'ਚ ਉਸ ਵੇਲੇ ਵੀ ਕਲੇਸ਼ ਪਾਉਂਦੇ ਹਨ ਜਦ ਔਰਤ ਪੈਸੇ ਦੇਣ ਤੋਂ ਇਨਕਾਰ ਕਰੇ ਜਾਂ ਘਰ ਦੀਆਂ ਚੀਜ਼ਾਂ ਵੇਚਣ ਤੇ ਰੋਕ ਲਾਵੇ। ਨਸ਼ੱਈ ਅਤੇ ਵੈਲੀ ਆਦਮੀ ਨੂੰ ਉਹਦਾ ਨਸ਼ਾ ਤੋੜਦਾ ਹੈ ਅਤੇ ਉਹਦੀ ਸੋਚਣੀ ਸਿਰਫ ਨਸ਼ਾ ਪੂਰਨ ਤੇ ਹੀ ਕੇਂਦਰਤ ਰਹਿੰਦੀ ਹੈ। ਇਹ ਆਦਤ ਪੂਰੀ ਨਾ ਹੋਣ ਤੇ ਉਹ ਕਈ ਤਰ੍ਹਾਂ ਦੀ ਹਿੰਸਾ ਕਰਦਾ ਹੈ। ਐਹੋ ਜੇਹੇ ਘਰਾਂ ਵਿਚ ਜੰਮੇ ਪਲੇ ਬੱਚੇ ਵੱਡੇ ਹੋ ਕੇ ਜਾਂ ਤਾਂ ਦੱਬੂ ਕਿਸਮ ਦੀ ਸਖਸ਼ੀਅਤ ਬਣ ਜਾਂਦੇ ਹਨ ਜਾਂ ਮਾਰਖੁੰਡੇ ਅਤੇ ਜਾਂ ਫਿਰ ਸਾਰੀ ਉਮਰ ਵਿਆਹ ਹੀ ਨਹੀਂ ਕਰਾਉਂਦੇ ਕਿ ਅਗਰ ਵਿਆਹ ਦਾ ਮਤਲਬ ਮਾਰ ਕੁਟਾਈ ਅਤੇ ਦੁੱਖ ਤਕਲੀਫਾਂ ਹੀ ਹਨ ਤਾਂ ਇਹਦੀ ਕੀ ਲੋੜ ਹੈ?

ਸਭ ਤੋਂ ਮਾੜੀ ਗੱਲ ਇਹ ਹੈ ਕਿ ਭਾਰਤ ਪੰਜਾਬ 'ਚ ਇਹਨਾਂ ਮਸਲਿਆਂ ਦੀ ਨਿਸ਼ਾਨਦੇਹੀ ਹੀ ਨਹੀਂ ਕੀਤੀ ਜਾਂਦੀ ਅਤੇ ਇਹਨੂੰ ਗੰਭੀਰਤਾ ਨਾਲ ਲਿਆ ਹੀ ਨਹੀਂ ਜਾਂਦਾ। ਅਗਰ ਮਸਲੇ ਦੀ ਨਾਜ਼ੁਕਤਾ ਅਤੇ ਗੰਭੀਰਤਾ ਨੂੰ ਸਮਝਿਆ ਜਾਵੇ ਤਾਂ ਉਥੇ ਬਰਤਾਨਵੀ ਪ੍ਰਬੰਧ ਵਾਂਗੂੰ ਸਰਕਾਰੀ ਅਤੇ ਗੈਰ ਸਰਕਾਰੀ ਅਦਾਰੇ ਮੌਜੂਦ ਹੋਣੇ ਚਾਹੀਦੇ ਹਨ। ਉਥੇ ਤਾਂ ਸਗੋਂ ਜੇਕਰ ਕਿਸੇ ਨੇ ਮਾਰ ਕੁਟਾਈ ਵਾਲੀਆਂ ਔਰਤਾਂ ਦੀ ਹਿਫਾਜ਼ਤ ਲਈ ਪਨਾਹ ਘਰ ਬਨਾਉਣ ਦੀ ਕੋਸ਼ਿਸ਼ ਵੀ ਕੀਤੀ ਤਾਂ ਉਹਦੇ ਉਪਰ ਦੋਸ਼ ਲਾਇਆ ਜਾਂਦਾ ਹੈ ਕਿ "ਇਹ ਔਰਤਾਂ ਨੂੰ ਘਰ ਪੱਟਣ ਲਈ ਉਤਸ਼ਾਹਿਤ ਕਰ ਰਹੇ ਹਨ।" ਐਹੋ ਜੇਹਾ ਰੌਲਾ ਬਰਤਾਨੀਆਂ ਵਿਚ ਵੀ ਪਿਆ ਸੀ ਜਦ ਏਸ਼ੀਅਨ ਔਰਤਾਂ ਦੇ ਪਨਾਹ ਘਰਾਂ ਦੀ ਸ਼ੁਰੂਆਤ ਹੋਈ ਸੀ। ਘਰੇਲੂ ਮਾਰ ਕੁਟਾਈ ਅਤੇ ਤਸ਼ੱਦਦ ਦੀਆਂ ਸ਼ਿਕਾਰ ਉਹਨਾਂ ਔਰਤਾਂ ਦੀ ਗਿਣਤੀ ਜ਼ਿਆਦਾ ਹੈ ਜੋ ਪਾਕਿਸਤਾਨ, ਭਾਰਤ ਅਤੇ ਬੰਗਲਾਦੇਸ਼ ਵਰਗੇ ਮੁਲਕਾਂ ਵਿਚੋਂ ਵਿਆਹ ਕਰਕੇ ਇਥੇ ਆਉਂਦੀਆਂ ਹਨ। ਬਰਤਾਨਵੀ ਸਮਾਜ, ਕਾਨੂੰਨ ਅਤੇ ਬੋਲੀ ਤੋਂ ਅਣਜਾਣ ਹੋਣਾ, ਇਹਨਾਂ ਦੁਖਆਰੀਆਂ ਦੇ ਦੁੱਖਾਂ ਵਿਚ ਵਾਧਾ ਕਰਦਾ ਹੈ। ਧਾਰਮਿਕ ਅਤੇ ਸਿਆਸੀ ਅਦਾਰੇ ਵੀ ਇਹਨਾਂ ਦੀ ਕੋਈ ਮੱਦਦ ਨਹੀਂ ਕਰਦੇ। ਹੁਣ ਜਿਉਂ ਜਿਉਂ ਇਹਨਾਂ ਮਸਲਿਆਂ ਬਾਰੇ ਚੇਤਨਤਾ ਵੱਧਦੀ ਜਾ ਰਹੀ ਤਾਂ ਕੁੱਝ ਆਸ ਬੱਝਣੀ ਸ਼ੁਰੂ ਹੋਈ ਹੈ। ਬਰਤਾਨੀਆ ਦੇ ਜੰਮੇ ਪਲੇ ਬੱਚੇ ਆਪਣੇ ਹੱਕਾਂ ਲਈ ਜਾਗਰੂਕ ਹਨ ਅਤੇ ਉਹ ਕਿਸੇ ਵੀ ਕਿਸਮ ਦੀ ਬੇਇਨਸਾਫੀ ਖਿਲਾਫ ਕਾਨੂੰਨ ਦਾ ਸਹਾਰਾ ਲੈਂਦੇ ਹਨ। ਪਰ ਇਹ ਕਲੰਕ ਸਾਡੇ ਸਮਾਜ ਤੇ ਉਨੀ ਦੇਰ ਲੱਗਾ ਰਹੇਗਾ ਜਿੰਨੀ ਦੇਰ ਅਸੀਂ ਔਰਤਾਂ ਨੂੰ ਵੱਧ ਤੋਂ ਵੱਧ ਪੜ੍ਹਾਉਂਦੇ ਨਹੀਂ, ਆਪਣੀ ਸੋਚ ਨੂੰ ਬਰਾਬਰਤਾ ਦੀ ਸੂਈ ਤੇ ਟਿਕਾਉਂਦੇ ਨਹੀਂ ਅਤੇ ਔਰਤ ਦੀ ਇਕ ਬਰਾਬਰ ਦੀ ਹਾਣੀ ਵਾਂਗ ਕਦਰ ਨਹੀਂ ਕਰਦੇ।



ਮੈਂ ਝੂਠ ਨਹੀਂ ਬੋਲਦਾ
ਪਰ ਮੇਰਾ ਧਰਮ ਮੈਥੋਂ ਕਈ ਵਾਰ ਅਜਿਹਾ ਕਰਵਾ ਦਿੰਦਾ ਹੈ
-0-
ਹਕੂਮਤੀ ਗਿਰਝਾਂ
ਛਕ ਗਈਆਂ
ਸੋਨ ਚਿੜੀ
-0-
ਦਿਮਾਗ ਰੀਧਲਾਓ
ਹਥਿਆਰ ਵਿਕਵਾਓ
ਜੰਗਾਂ ਲਗਵਾਓ
ਮੀਡੀਆ ਦੇ ਉਦੇਸ਼ਾਂ ਵਿੱਚ ਸ਼ਾਮਲ ਹਨ।
-0-
ਰਿਸ਼ਵਤ-ਖੋਰੀ ਅਜਿਹਾ ਕ੍ਰਿਸ਼ਮਾ ਹੈ
ਜੋ ਲੋਹੇ ਦੇ ਗਾਡਰਾਂ ਨੂੰ
ਰੇਤ ਵਿੱਚ ਬਦਲ ਸਕਦਾ ਹੈ।
-0-
ਦੋ ਮੂੰਹੀਂ ਕੌਮ, ਦੋ ਮੂੰਹੀਂ ਸਿਆਸਤ, ਦੀ ਕੁੱਖ ਵਿੱਚੋਂ ਜਨਮਦੀ ਹੈ।

**- ਮੇਘ ਰਾਜ ਮਿੱਤਰ**

## ਗੀਤ

ਮਟੀਆਂ ਹੋ ਗਈਆਂ ਨੇ ਪੁਰਾਣੀਆਂ
ਖਹਿੜਾ ਹੁਣ ਛੱਡੋ ਵੇ ਪਰ੍ਹੇ
ਆਖਦਾ ਹਾਂ ਥੋਨੂੰ ਮੈਂ ਵੰਗਾਰ ਕੇ, ਬਈ ਇਹਨਾਂ ਦੇ ਨੇ ਦੁੱਖੜੇ ਬੜੇ।
ਜਿਵੇਂ ਲੱਕੜੀ ਨੂੰ ਘੁਣ, ਅੰਦਰੋਂ ਅੰਦਰੀ ਹੀ ਖਾਵੇ,
ਤਿਵੇਂ ਸਾਡੇ ਲੋਕਾਂ ਨੂੰ, ਭਰਮ ਖਾਂਦਾ ਜਾਵੇ।
ਤਰਕਾਂ ਦੇ ਨਾਲ ਇਹਨੂੰ ਕਰੋ ਵੇ ਪਰੇ,
ਆਖਦਾ ਹਾਂ ਥੋਨੂੰ ਮੈਂ ਵੰਗਾਰ ਕੇ, ਬਈ ਇਹਨਾਂ ਦੇ ਨੇ ਦੁੱਖੜੇ ਬੜੇ।
ਲਾਏ ਮੁਕਤੀ ਦੇ ਲਾਰੇ, ਪਾਏ ਭਰਮਾਂ 'ਚ ਸਾਰੇ,
ਹੋਏ ਅੰਧਵਿਸ਼ਵਾਸ਼ੀ ਪੜ੍ਹ ਲਿਖਕੇ ਵੀ ਸਾਰੇ।
ਕਹਿੰਦੇ ਹੋਰ ਗੱਲਾਂ ਨੂੰ ਤਾਂ ਛੱਡੋ ਵੇ ਪਰੇ,
ਆਖਦਾ ਹਾਂ ਥੋਨੂੰ ਮੈਂ ਵੰਗਾਰ ਕੇ, ਬਈ ਇਹਨਾਂ ਦੇ ਨੇ ਦੁੱਖੜੇ ਬੜੇ।
ਕਥਾ ਝੂਠਆਂ ਬਣਾਕੇ ਤੇ ਗ੍ਰੰਥਾਂ 'ਚ ਛਪਾਕੇ ,
ਕਹਿੰਦੇ ਰੱਬੀ ਨੇ ਗ੍ਰੰਥ, ਭੇਜੇ ਰੱਬ ਨੇ ਛਪਾ ਕੇ,
ਜਾਵੇ ਸੁਰਗਾਂ ਨੂੰ ਸਿੱਧਾ, ਜਿਹੜਾ ਇਹਨਾਂ ਨੂੰ ਪੜ੍ਹੇ।
ਆਖਦਾ ਹਾਂ ਥੋਨੂੰ ਮੈਂ ਵੰਗਾਰ ਕੇ, ਬਈ ਇਹਨਾਂ ਦੇ ਨੇ ਦੁੱਖੜੇ ਬੜੇ।
ਸਕੂਲਾਂ ਵਿਚ ਜਾਓ, ਗਿਆਨ ਸੱਚ ਵਾਲਾ ਪਾਓ,
ਬਣੋਂ ਕਵੀ, ਕਲਾਕਾਰਜਾਂ ਵਿਗਿਆਨੀ ਬਣ ਜਾਓ,
ਸੱਚ ਅੱਗੇ ਝੂਠ ਜਿਆਦਾ ਦੇਰ ਨਾ ਖੜੇ,
ਆਖਦਾ ਹਾਂ ਥੋਨੂੰ ਮੈਂ ਵੰਗਾਰ ਕੇ, ਬਈ ਇਹਨਾਂ ਦੇ ਨੇ ਦੁੱਖੜੇ ਬੜੇ।
'ਰਾਜ' ਹੰਡਿਆਏ ਵਾਲਾ ਸੱਚ ਈ ਸੁਣਾਏ,
ਬਈ ਮਿਟੇ ਅਗਿਆਨ, ਜਿਹੜਾ ਤਰਕਾਂ 'ਚ ਜਾਏ,
ਭੱਜ ਜਾਂਦੇ ਨੇ ਪਾਖੰਡੀ ਯਾਰੋ, ਇੱਕ ਨਾ ਖੜ੍ਹੇ
ਆਖਦਾ ਹਾਂ ਥੋਨੂੰ ਮੈਂ ਵੰਗਾਰ ਕੇ, ਬਈ ਇਹਨਾਂ ਦੇ ਨੇ ਦੁੱਖੜੇ ਬੜੇ।
ਮਟੀਆਂ ਹੋ ਗਈਆਂ ਨੇ ਪੁਰਾਣੀਆਂ
ਖਹਿੜਾ ਹੁਣ ਛੱਡੋ ਵੇ ਪਰ੍ਹ।
ਆਖਦਾ ਹਾਂ ਥੋਨੂੰ ਮੈਂ ਵੰਗਾਰ ਕੇ, ਬਈ ਇਹਨਾਂ ਦੇ ਨੇ ਦੁੱਖੜੇ ਬੜੇ।

**- ਰਾਜਰਾਮ ਹੰਡਿਆਇਆ**



# ਸਿਹਤ ਸੰਭਾਲ ਲਈ ਕੀ ਕਰੀਏ

ਅਜਮੇਰ ਸਿੱਧੂ

**ਮੋਬਾਈਲ ਫ਼ੋਨ ਸੇਵਾ** : ਮੈਂ 1997 ਵਿੱਚ ਸਕੂਲ ਅਧਿਆਪਕ ਲੱਗਾ ਸਾਂ। 2004 ਵਿੱਚ ਮੋਬਾਇਲ ਵਰਤਣਾ ਸ਼ੁਰੂ ਕੀਤਾ। ਮੇਰਾ ਸਕੂਲ ਸੀਨੀਅਰ ਸੈਕੰਡਰੀ ਹੀ ਸੀ। 1997 ਤੋਂ 2007 ਤੱਕ ਮੇਰੇ ਸਾਥੀ ਅਧਿਆਪਕਾਂ ਵਿੱਚ ਮੇਰੇ ਬਾਰੇ ਮਸ਼ਹੂਰ ਸੀ ਕਿ ਇਸਦੀ ਯਾਦ ਸ਼ਕਤੀ ਬਹੁਤ ਹੈ। ਲਗਭਗ ਸਾਰੇ ਸਕੂਲ ਦੇ ਵਿਦਿਆਰਥੀਆਂ ਦੇ ਨਾਂ ਮੈਨੂੰ ਯਾਦ ਸਨ। ਜਿਹਨਾਂ ਜਮਾਤਾਂ ਨੂੰ ਮੈਂ ਪੜ੍ਹਾਉਂਦਾ ਸੀ, ਉਨ੍ਹਾਂ ਵਿੱਚੋਂ ਬਹੁਤਿਆਂ ਦੇ ਮਾਂ-ਬਾਪ ਦੇ ਨਾਂ ਵੀ ਯਾਦ ਸਨ। ਫਿਰ ਹੌਲੀ-ਹੌਲੀ ਮੈਨੂੰ ਭੁੱਲਣ ਦੀ ਆਦਤ ਪੈ ਗਈ। ਘਰ ਤੋਂ ਸਬਜ਼ੀ ਲੈਣ ਜਾਂਦਾ ਹਾਂ। ਸਬਜ਼ੀ ਮੰਡੀ ਜਾ ਕੇ ਮੁੜ ਪੁੱਛਣਾ ਪੈਂਦਾ ਹੈ ਕਿ ਕਿਹੜੀ ਸਬਜ਼ੀ ਲਿਆਉਣੀ ਹੈ। ਮੈਂ ਸਧਾਰਨ ਗੱਲਾਂ ਵੀ ਭੁੱਲਣ ਲੱਗਾਂ ਹਾਂ। ਇਹ ਹਾਲ ਮੇਰੇ ਇਕੱਲੇ ਦਾ ਨਹੀਂ ਹੈ। ਮੇਰੇ ਸਾਥੀ ਅਧਿਆਪਕਾਂ ਦਾ ਵੀ ਹੈ ਤੇ ਹੋਰ ਬਹੁਤ ਸਾਰੇ ਦੋਸਤਾਂ ਦਾ ਵੀ। ਮੈਨੂੰ ਲਗਦਾ ਹੈ ਕਿ ਜਿਹੜਾ ਅਸੀਂ ਲਾਈਫ਼ ਸਟਾਈਲ ਅਪਨਾ ਲਿਆ ਹੈ, ਨੱਠ ਭੱਜ, ਪ੍ਰੇਸ਼ਾਨੀਆਂ ਅਤੇ ਕੰਮ ਦੇ ਬੋਝ ਨਾਲ ਅਜਿਹਾ ਹੋ ਰਿਹਾ ਹੈ। ਪਰ ਵਿਸ਼ਵ ਪੱਧਰ 'ਤੇ ਸਿਹਤ ਸੰਬੰਧੀ ਜੋ ਖੋਜਾਂ ਹੋ ਰਹੀਆਂ ਹਨ, ਉਹ ਇਨ੍ਹਾਂ ਨੂੰ ਵੀ ਤਾਂ ਦੋਸ਼ੀ ਮੰਨਦੀਆਂ ਹੀ ਹਨ, ਨਾਲ ਉਹ ਮੋਬਾਈਲ ਫੋਨਾਂ ਵੱਲ ਵੀ ਉਂਗਲੀ ਕਰ ਰਹੀਆਂ ਹਨ। ਅਸੀਂ ਮੋਬਾਇਲ ਫ਼ੋਨ ਵੀ ਚੌਵੀ ਘੰਟੇ ਦਾ ਗਹਿਣਾ ਬਣਾ ਲਿਆ ਹੈ। ਉਸਨੇ ਅਜੇ ਤਾਂ ਯਾਦਦਾਸਤ ਸ਼ਕਤੀ 'ਤੇ ਹੀ ਹਮਲਾ ਕੀਤਾ ਹੈ ਜਾਂ ਥਕਾਵਟ ਹੋਣ ਲੱਗੀ ਹੈ ਜਾਂ ਸਿਰਪੀੜ। ਵੋਕਲ ਕਾਰਡ (ਗਲੇ ਦੀ ਬਿਮਾਰੀ) ਅਤੇ ਕੰਨਾਂ ਤੋਂ ਥੱਲੇ ਹੋਣ ਵੱਲ ਵੀ ਲਿਜਾਏਗਾ। ਵਿਗਿਆਨਕ ਖੋਜਾਂ ਦੱਸਦੀਆਂ ਹਨ ਕਿ ਮੋਬਾਇਲ ਫ਼ੋਨ 'ਚੋਂ ਨਿਕਲਣ ਵਾਲੀਆਂ ਬਾਰੀਕ ਤਰੰਗੀ ਵਿਕਰਣਾਂ ਮਨੁੱਖੀ ਦਿਮਾਗ ਦੇ ਡੀ ਐਨ ਏ ਨੂੰ 50 ਪ੍ਰਤੀਸ਼ਤ ਤੱਕ ਨਸ਼ਟ ਕਰਨ ਦੀ ਸਮਰੱਥਾ ਰੱਖਦੀਆਂ ਹਨ। ਜਿਸ ਨਾਲ ਦਿਮਾਗ ਦੇ ਟਿਸ਼ੂ ਸੜ ਜਾਂਦੇ ਹਨ ਅਤੇ ਦਿਮਾਗ ਨੂੰ ਭਾਰੀ ਨੁਕਸਾਨ ਹੁੰਦਾ ਹੈ। ਸਵੀਡਨ ਦੇ ਸਿਹਤ ਮਾਹਿਰ ਮੋਬਾਇਲ ਫ਼ੋਨ ਤੋਂ ਹੋਣ ਵਾਲੇ 'ਬ੍ਰੇਨ ਟਿਊਮਰ' ਦਾ ਖ਼ਤਰਾ 70 ਤੋਂ 80 ਪ੍ਰਤੀਸ਼ਤ ਵੱਧ ਜਾਣ ਦਾ ਕਹਿ ਰਹੇ ਹਨ ਵਿਸ਼ਵ ਸਿਹਤ ਸੰਸਥਾ ਵੀ ਇਸ ਉੱਤੇ ਖੋਜ ਕਰ ਰਹੀ ਹੈ। ਮੋਬਾਇਲ ਫ਼ੋਨ ਸੇਵਾ ਦਾ ਸਭ ਤੋਂ ਮਾੜਾ ਅਸਰ ਦਿਲ 'ਤੇ ਪੈ ਰਿਹਾ ਹੈ। ਹੁਣ ਮੋਬਾਇਲ ਫ਼ੋਨ ਨੇ ਸਾਡੇ ਜੀਵਨ ਵਿੱਚ ਬੁਰੀ ਤਰ੍ਹਾਂ ਘੁਸਪੈਂਠ ਕਰ ਲਈ ਹੈ। ਇਸ ਤੋਂ ਛੁਟਕਾਰਾ ਪਾਉਣਾ ਬਹੁਤ ਔਖਾ ਹੈ। ਇਸ ਦੀ ਮਾਰ ਤੋਂ ਬਚਿਆ ਤਾਂ ਨਹੀਂ ਜਾ ਸਕਦਾ ਪਰ ਕੁੱਝ ਸਾਵਧਾਨੀਆਂ ਵਰਤ ਕੇ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।



ਵਿਦੇਸ਼ੀ ਲੰਬੇ ਫ਼ੋਨ ਤਾਂ ਸੁਣਨੇ ਹੀ ਲੈਂਡ ਫ਼ੋਨ ਤੋਂ ਚਾਹੀਦੇ ਹਨ। ਆਮ ਤੌਰ 'ਤੇ ਅਸੀਂ ਸੌਣ ਵੇਲੇ ਮੋਬਾਇਲ ਫ਼ੋਨ ਦਾ ਅਲਾਰਮ ਲਗਾ ਕੇ ਸਰਾਹਣੇ ਥੱਲੇ ਰੱਖ ਲੈਂਦੇ ਹਾਂ ਜਾਂ ਕੋਲ ਪਏ ਟੇਬਲ ਉੱਤੇ। ਸਾਨੂੰ ਫ਼ੋਨ ਬੰਦ ਕਰਕੇ ਪਾਸੇ ਰੱਖ ਦੇਣੇ ਚਾਹੀਦੇ ਹਨ। ਉੱਠਣ ਲਈ ਅਲਾਰਮ ਘੜੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਕੈਲਕੂਲੇਟਰ, ਕਲੈਂਡਰ, ਬੈਟਰੀ, ਘੜੀ, ਕੈਮਰਾ, ਸੀ. ਡੀ. ਪਲੇਅਰ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ ਨਾ ਕਿ ਮੋਬਾਇਲ ਵਿੱਚ ਉਪਲਬਧ ਉਪਕਰਨਾ ਦੀ। ਬੇਸ਼ਕ ਇਹ ਸਭ ਕੁੱਝ ਇਕੋ ਥਾਂ ਮੋਬਾਇਲ ਫ਼ੋਨ ਵਿੱਚ ਮਿਲ ਜਾਂਦਾ ਹੈ। ਪਰ ਇਸਦੀ ਆਦਤ ਘਟਾਉਣੀ ਚਾਹੀਦੀ ਹੈ।

ਮੋਬਾਇਲ ਫ਼ੋਨ ਦੀ ਵਰਤੋਂ ਹੌਲੀ-ਹੌਲੀ ਘਟਾ ਦੇਣੀ ਚਾਹੀਦੀ ਹੈ। ਸਿਰਫ਼ ਐਮਰਜੈਂਸੀ ਵੇਲੇ ਜਾਂ ਘਰ ਤੋਂ ਬਾਹਰ ਹੀ ਇਸਦੀ ਵਰਤੋਂ ਕਰੋ।

**ਮਾਈਕਰੋਵੇਵ ਵਿਕਿਰਨਾਂ ਤੋਂ ਬਚਾਅ** : ਵੱਧ ਰਹੇ ਉਦਯੋਗੀਕਰਨ, ਮੋਬਾਇਲ ਫ਼ੋਨ, ਮੋਬਾਇਲ ਟਾਵਰਾਂ ਤੋਂ ਨਿਕਲਣ ਵਾਲੀਆਂ ਵਿਕਿਰਣਾਂ ਅਤੇ ਮਾਈਕਰੋਵੇਵ ਦੇ ਵੱਧ ਰਹੇ ਰੁਝਾਨ ਕਾਰਨ ਸਿਹਤ ਖ਼ਤਰੇ ਵਿੱਚ ਹੈ। ਸੰਸਾਰ ਪੱਧਰ 'ਤੇ ਜੋ ਖ਼ਬਰਾਂ ਆ ਰਹੀਆਂ ਹਨ, ਉਹ ਮਾਈਕਰੋਵੇਵ ਵਿਕਿਰਣਾਂ ਦੇ ਨਤੀਜਿਆਂ ਤੋਂ ਚਿੰਤਾ ਪੈਦਾ ਕਰ ਰਹੀਆਂ ਹਨ। ਸਭ ਤੋਂ ਮਾੜੇ ਨਤੀਜੇ ਭਾਰਤ ਵਰਗੇ ਗਰੀਬ ਮੁਲਕਾਂ ਦੇ ਗਰੀਬ ਅਤੇ ਮੱਧ ਵਰਗ ਦੇ ਲੋਕ ਭੁਗਤ ਰਹੇ ਹਨ। ਸੰਸਾਰ ਪ੍ਰਸਿੱਧ ਵਿਗਿਆਨੀ ਵਾਰ-ਵਾਰ ਕਹਿ ਰਹੇ ਹਨ ਅਤੇ ਸਿੱਧ ਵੀ ਕਰ ਚੁੱਕੇ ਹਨ ਕਿ ਲੰਬੇ ਸਮੇਂ ਤੱਕ ਮਾਈਕਰੋਵੇਵ ਵਿਕਿਰਣਾਂ ਦੇ ਸੰਪਰਕ ਵਿੱਚ ਰਹਿਣ ਵਾਲੇ ਜੈਵਿਕ ਤੰਤਰ ਕਈ ਬਿਮਾਰੀਆਂ ਸਹੇੜ ਰਹੇ ਹਨ। ਮਾਈਕਰੋਵੇਵ ਵਿਕਿਰਣਾਂ ਦੀ ਮਾਰ ਸਰੀਰ ਦੇ ਤਾਪਮਾਨ ਦੇ ਵਾਧੇ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਇਸ ਤੋਂ ਇਲਾਵਾ ਸਿਰ ਦਰਦ, ਅੱਖਾਂ ਵਿੱਚ ਦਰਦ, ਥਕਾਵਟ ਅਤੇ ਠੀਕ ਢੰਗ ਨਾਲ ਨੀਂਦ ਨਾ ਆਉਣ ਦੀਆਂ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ। ਖ਼ੋਜਾਂ ਤੋਂ ਸਿੱਧ ਹੋ ਚੁੱਕਾ ਹੈ ਕਿ ਮੋਬਾਇਲ ਫ਼ੋਨ, ਬਿਨਾਂ ਤਾਰ ਤੋਂ ਫ਼ੋਨ ਅਤੇ ਮਾਈਕਰੋਵੇਵ ਉਪਰਕਰਣਾਂ ਦੇ ਲਗਾਤਾਰ ਉਪਯੋਗ ਕਰਨ ਨਾਲ 'ਬ੍ਰੇਨ ਟਿਊਮਰ' ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਮਾਈਕਰੋਵੇਵ ਵਿਕਿਰਣਾਂ ਦੇ ਸੰਪਰਕ ਵਿੱਚ ਰਹਿਣ ਨਾਲ ਫਰੀ ਰੈਡੀਕਲਜ਼ ਦੀ ਸੰਖਿਆ ਵੱਧ ਜਾਂਦੀ ਹੈ। ਫਰੀ ਰੈਡੀਕਲਜ਼ ਕੈਂਸਰ ਦਾ ਜਨਮਦਾਤਾ ਹੈ। ਸਾਡੀ ਰਸੋਈ ਮਾਈਕਰੋਵੇਵ ਔਵਨ ਨਾਲ ਫੁੱਲੀ ਨਹੀਂ ਸਮਾਅ ਰਹੀ। ਇਹ ਸਾਡਾ ਸਟੇਟਸ ਸਿੰਬਲ ਬਣਦਾ ਜਾ ਰਿਹਾ ਹੈ। ਪਰ ਮਾਈਕਰੋਵੇਵ ਔਵਨ ਵਿੱਚ ਗਰਮ ਕੀਤਾ ਖਾਣਾ ਸਿਹਤ 'ਤੇ ਮਾੜਾ ਅਸਰ ਪਾ ਰਿਹਾ ਹੈ।

ਮਾਈਕਰੋਵੇਵ ਵਿਕਿਰਣਾਂ ਦੇ ਅਸਰ ਨੂੰ ਘੱਟ ਕਰਨ ਲਈ ਵਿਗਿਆਨੀ ਦਿਨ ਰਾਤ ਲੱਗੇ ਹੋਏ ਹਨ। ਬਹੁਤ ਸਾਰੀਆਂ ਖੋਜਾਂ ਤੋਂ ਸਿੱਧ ਹੋ ਚੁੱਕਾ ਹੈ ਕਿ ਅਲਸੀ, ਤਿਲ, ਪਾਲਕ, ਆਲੂਬੁਖਾਰਾ, ਚੈਰੀ ਹੋਰ ਫ਼ਲ ਮਾਈਕਰੋਵੇਵ ਵਿਕਿਰਣਾਂ ਦੇ ਅਸਰ ਨੂੰ ਘੱਟ ਕਰਨ ਦੀ ਸਮਰੱਥਾ ਰੱਖਦੇ ਹਨ। ਫ਼ਲ ਲੰਬੇ ਸਮੇਂ ਤੱਕ ਸਰੀਰ ਦੇ ਤੰਤਰ ਨੂੰ ਕਾਇਮ ਅਤੇ ਤੰਦਰੁਸਤ ਰਖਦੇ ਹਨ ਫ਼ਲਾਂ ਵਿੱਚ ਪਾਏ ਜਾਂਦੇ ਐਂਟੀਆਕਸੀਡੇਂਟਸ ਹਾਨੀ ਹੋਣ ਤੋਂ ਰੋਕਦੇ ਹਨ। ਗੂੜ੍ਹੇ ਰੰਗ ਦੇ ਫ਼ਲਾਂ ਦੀ ਰੋਜ਼ਾਨਾ ਵਰਤੋਂ, ਪਾਲਕ, ਅਲਸੀ ਅਤੇ ਹਰੀਆਂ ਤੇ ਤਾਜ਼ੀਆਂ ਸਬਜ਼ੀਆਂ ਨੂੰ ਆਪਣੇ ਭੋਜਨ ਵਿੱਚ ਸ਼ਾਮਿਲ ਕਰ ਲੈਣ ਨਾਲ ਵਿਕਿਰਣਾਂ ਦੇ ਬੁਰੇ ਪ੍ਰਭਾਵ ਤੋਂ ਬਚਿਆ ਜਾ ਸਕਦਾ ਹੈ। ਇਹ ਤਦ ਹੀ ਸੰਭਵ ਹੈ ਜੇਕਰ ਫ਼ਲ ਅਤੇ ਸਬਜ਼ੀਆਂ ਸਾਫ਼ ਸੁਥਰੀਆਂ ਹਨ ਅਤੇ ਕੀਟ ਨਾਸ਼ਕ ਦਵਾਈਆਂ ਤੋਂ ਬਚੀਆਂ ਹੋਈਆਂ ਹਨ।

ਅੱਜ ਮੁਨਾਫ਼ੇ ਦੇ ਯੁੱਗ ਵਿੱਚ ਫ਼ਲ ਉਗਾਉਣ/ਪਕਾਉਣ ਵਾਲੇ ਹਾਨੀਕਾਰਕ ਮਸਾਲਿਆਂ ਨਾਲ ਫ਼ਲ ਨੂੰ ਬਹੁਤ ਘੱਟ ਸਮੇਂ ਵਿੱਚ ਪਕਾ ਰਹੇ ਹਨ। ਏਹੀ ਹਾਲ ਸਾਡੀਆਂ ਸਬਜ਼ੀਆਂ ਦਾ ਹੈ। ਜੇਕਰ ਆਪਾਂ ਮਾਈਕਰੋਵੇਵ ਵਿਕਿਰਣਾਂ ਦਾ ਅਸਰ ਘਟਾਉਣਾ ਚਾਹੁੰਦੇ ਹਾਂ, ਤਾਂ ਮਾਈਕਰੋਵੇਵ ਉਪਰਕਣਾਂ ਦੀ ਵਰਤੋਂ ਘਟਾਉਣੀ ਚਾਹੀਦੀ ਹੈ। ਉਸ ਦੇ ਸਮਾਨਾਂਤਰ ਫ਼ਲ ਅਤੇ ਸਬਜ਼ੀਆਂ (ਬਗੈਰ ਦਵਾਈਆਂ ਤੋਂ) ਦੀ ਵਰਤੋਂ ਵਧਾਉਣੀ ਚਾਹੀਦੀ ਹੈ।

# ਗ਼ਦਰੀ ਬਾਬਿਆਂ ਨੂੰ ਯਾਦ ਕਰਦਿਆਂ

ਗ਼ਦਰੀ ਬਾਬਿਆਂ ਦੀ ਉਚੀ ਸੋਚ ਦਾ ਅੰਦਾਜ਼ਾ ਲਾਉਣ ਲਈ ਸਾਨੂੰ ਉਸ ਸਮੇਂ ਦੇ ਭਾਰਤੀ ਲੋਕਾਂ ਦੀ ਕਿਹੋ ਜਿਹੀ ਸੋਚ ਸੀ ਨੂੰ ਜਾਣਨਾ ਪਵੇਗਾ। ਇਸ ਲਈ ਮੈਂ ਇਨਕਲਾਬੀ ਕਵੀ ਰੋਸ਼ਨ ਸਿੰਘ ਦੀ ਕਵਿਤਾ ਦੀਆਂ ਕੁੱਛ ਲਾਇਨਾਂ ਪੇਸ਼ ਕਰਨੀਆ ਚਾਹੁੰਦਾ ਹਾਂ:-

ਨਿਸਾਰ ਮੈਂ ਤੇਰੀ ਗਲਿਉ ਕੇ ਆਏ ਬਤਨ ਕਿ ਜਹਾਂ,<br>
ਚਲੀ ਹੈ ਰਸਮ ਕਿ ਕੋਈ ਨਾ ਸਰ ਉਠਾ ਕੇ ਚਲੇ।<br>
ਜੇ ਕੋਈ ਚਾਹਨੇ ਬਾਲਾ ਤਬਾਫ ਕੋ ਨਿਕਲੇ,<br>
ਨਜ਼ਰ ਚੁਰਾ ਕੇ ਚਲੇ, ਜਿਸਮ ਔ-ਜਾਂ ਬੁਚਾ ਕੇ ਚਲੇ।

ਇਹ ਕਵਿਤਾ ਉਸ ਨੇ ਸ਼ਾਹਜਹਾਨ ਦੇ ਸਮੇਂ ਵਿਚ ਲਿਖੀ ਸੀ। ਸ਼ਾਹਜਹਾਨ ਮੁਗਲ ਰਾਜਿਆਂ ਵਿਚ ਉਦਾਰਚਿੱਤ ਬਾਦਸ਼ਾਹ ਮੰਨਿਆ ਜਾਂਦਾ ਹੈ। ਸਿਰਫ ਇਹ ਕਵਿਤਾ ਲਿਖਣ ਤੇ ਰੋਸ਼ਨ ਸਿੰਘ ਦੀ ਬਹੁਤ ਕੁੱਟ ਮਾਰ ਕੀਤੀ ਗਈ ਅਤੇ ਜਿਸ ਝੌਂਪੜੀ ਵਿਚ ਉਹ ਰਹਿੰਦਾ ਸੀ ਉਸ ਨੂੰ ਵੀ ਅੱਗ ਲਾ ਦਿਤੀ ਗਈ।ਦੁੱਖ ਸ਼ਾਹਜਹਾਨ ਦੇ ਸਮੇਂ ਕਵੀ ਰੋਸ਼ਨ ਸਿੰਘ ਤੇ ਅਤਿਅਚਾਰ ਦਾ ਨਹੀਂ, ਦੁੱਖ ਭਾਰਤ ਦੇ ਲੋਕਾਂ ਦੀ ਗੁਲਾਮ ਸੋਚ ਦਾ ਹੈ। ਭਾਰਤੀ ਲੋਕਾਂ ਨੇ ਇਸ ਜ਼ੁਲਮ ਤੇ ਕੋਈ ਰੋਸ ਦਾ ਪਰਗਟਾਵਾ ਨਹੀਂ ਕੀਤਾ। ਸਭ ਤੋਂ ਵੱਡਾ ਦੁੱਖ ਇਸ ਗੱਲ ਦਾ ਵੀ ਹੈ ਕਿ ਆਪਣੇ ਆਪ ਨੂੰ ਭਾਰਤ ਦੇ ਮੋਹਰਲੇ ਵਰਗ ਦੇ ਆਗੂ ਕਹਾਉਣ ਵਾਲੇ ਅਖਬਾਰ ਵਾਲਿਆਂ ਨੇ ਰੋਸ਼ਨ ਸਿੰਘ ਤੇ ਹੋਏ ਅਤਿਆਚਾਰ ਦੀ ਬਾਬਤ ਕੋਈ ਖਬਰ ਤੱਕ ਨਹੀਂ ਲਾਈ ਸੀ।



ਜਗਤਾਰ ਸਹੋਤਾ

ਭਾਰਤੀਆਂ ਦੀ ਸੋਚ ਅਗਰੇਜ਼ਾਂ ਦੇ ਰਾਜ ਸਮੇਂ ਵੀ ਐਸੀ ਹੀ ਰਹੀ।ਸੋਚ ਵਿਚ ਤਬਦੀਲੀ ਤੱਦ ਆਈ, ਜਦ ਭਾਰਤੀ ਅੰਗਰੇਜ਼ੀ ਪੜ੍ਹ ਕੇ ਬਾਹਰੋਂ ਭਾਰਤ ਆਏ ਕਿਉਂਕਿ ਉਨ੍ਹਾਂ ਨੂੰ ਭਾਰਤ ਦੇ ਧਾਰਮਕ ਵਿਦਿਅਕ ਢਾਂਚੇ ਅਤੇ ਗੁਲਾਮ ਸੋਚ ਤੋਂ ਬਾਹਰ ਰਹਿਣ ਦਾ ਮੌਕਾ ਮਿਲਿਆ ਸੀ। ਅੰਗਰੇਜ਼ ਭਾਰਤੀਆਂ ਨੂੰ ਅੰਗਰੇਜ਼ੀ ਨਹੀਂ ਪੜ੍ਹਾਉਣਾ ਚਾਹੁੰਦੇ ਸਨ ਕਿਉਂਕਿ ਉਹ ਜਾਣਦੇ ਸਨ ਅੰਗਰੇਜ਼ੀ ਵਿਚ ਭਾਰਤੀ ਜਬਾਨਾਂ ਨਾਲੋਂ ਕਿਤੇ ਜਿਆਦਾ ਗਿਆਨ ਹੈ। ਅੰਗਰੇਜ਼ੀ ਉਨ੍ਹਾਂ ਨੂੰ ਇਸ ਲਈ ਪੜ੍ਹਾਉਣੀ ਪਈ ਸੀ ਕਿਉਂਕਿ ਇੰਗਲੈਂਡ ਤੋਂ ਅੰਗਰੇਜ਼ ਆ ਕੇ ਕਲਰਕੀ ਦਾ ਕੰਮ ਨਹੀਂ ਕਰਨਾ ਚਾਹੁੰਦੇ ਸਨ। ਜਦ ਰਾਜਾ ਰਾਮ ਮੋਹਨ ਰਾਏ ਨੇ ਲਾਰਡ ਮੁਹਕਾਲੀ ਨੂੰ ਤਰਕ ਦੀ ਪੜ੍ਹਾਈ ਵਿਚ ਦਾਖਲ ਕਰਨ ਲਿਆ ਕਿਹਾ, ਤੱਦ ਲਾਰਡ ਮੁਹਕਾਲੀ ਦਾ ਜਵਾਬ ਸੀ ਕਿ ਉਹ ਭਾਰਤੀਆਂ ਨੂੰ ਤਰਕ ਕਿਉਂ ਪੜ੍ਹਾਵੇ ਜਦ ਭਾਰਤ ਦੀ ਕਿਸੇ ਕਿਤਾਬ ਵਿਚ ਨਹੀਂ ਹੈ।

ਭਾਰਤੀ, ਜਿਨ੍ਹਾਂ, ਵਿਚ ਬਹੁ-ਗਿਣਤੀ ਪੰਜਾਬੀਆਂ ਦੀ ਸੀ, ਨੇ ਭਾਰਤ ਵਿਚ ਅੰਗਰੇਜ਼ਾਂ ਦੇ ਨਸਲੀ ਵਿਤਕਰੇ ਵਿਰੁੱਧ ਕੋਈ ਖਾਸ ਮਹਿੰਮ ਨਹੀਂ ਛੇੜੀ ਸੀ। ਪਰ ਜਦ ਉਹੀ ਲੋਕ ਬਾਹਰ ਕੈਨੇਡਾ ਅਤੇ ਅਮਰੀਕਾ ਗਏ, ਤੱਦ ਉਨ੍ਹਾਂ ਨੂੰ ਨਸਲੀ ਵਿਤਕਰਾ ਬਹੁਤ ਚੁਭਣ ਲੱਗਾ ਜਦ ਉਨ੍ਹਾਂ ਨੇ ਦੇਖਿਆ ਕਿ ਅਜ਼ਾਦ ਦੇਸ਼ਾਂ ਦੇ ਆਵਾਸੀਆਂ ਸਾਥ ਉਹ ਵਿਤਕਰਾ ਨਹੀਂ ਹੁੰਦਾ ਸੀ ਜਿਹੜਾ ਉਨ੍ਹਾਂ ਨਾਲ ਹੁੰਦਾ ਸੀ। ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਭਾਰਤੀਆਂ ਦੀ ਕਦਰ ਤੱਦ ਹੀ ਹੋ ਸਕਦੀ ਹੈ ਜਦ ਭਾਰਤ ਅਜ਼ਾਦ ਹੋਵੇਗਾ। ਇਸ ਲਈ ਉਨ੍ਹਾਂ ਨੇ ਭਾਰਤੀਆਂ ਨੂੰ ਇਕ ਸੰਗਠਨ ਵਿਚ ਜਥੇਬੰਦ ਕੀਤਾ। ਉਨ੍ਹਾਂ ਨੇ ਅਜ਼ਾਦ ਭਾਰਤ ਦਾ ਖਾਕਾ ਉਲੀਕਿਆ। ਇਹ ਪਹਿਲੇ ਭਾਰਤੀ ਸਨ ਜਿਨ੍ਹਾਂ ਨੇ ਅਜ਼ਾਦ ਭਾਰਤ ਨੂੰ ਧਰਮ ਨਿਰਪੇਖ ਅਤੇ ਗਣਰਾਜ ਬਨਾਉਣ ਦਾ ਸੁਪਨਾ ਲਿਆ।ਭਾਰਤ ਦਾ ਤਿਰੰਗਾ ਝੰਡਾ ਵੀ ਉਨ੍ਹਾਂ ਦੀ ਦੇਣ ਹੈ। ਫਿਰ ਭਾਰਤ ਨੂੰ ਅਜ਼ਾਦ ਕਰਾਉਣ ਦੀ ਯੋਜਨਾ ਬਣਾਈ। ਹਾਲਾਂਕਿ ਇਹ ਲੋਕ ਇਤਨੇ ਪੜ੍ਹੇ ਲਿਖੇ ਵੀ ਨਹੀਂ ਸਨ। ਗ਼ਦਰੀ ਬਾਬਿਆਂ ਦੇ ਸੰਘਰਸ਼ ਨੂੰ ਭਾਰਤੀਆਂ ਨੇ ਹੁੰਗਾਰਾ ਨਹੀਂ ਦਿਤਾ ਕਿਉਂਕਿ ਭਾਰਤੀ ਲੋਕ ਗੁਲਾਮ ਸੋਚ ਦੇ ਪੱਕੇ ਆਦੀ ਹੋ ਚੁੱਕੇ ਸਨ। ਸਿੱਖ ਧਰਮ ਦੇ ਆਗੂਆਂ ਨੇ ਤਾਂ ਗ਼ਦਰੀ ਬਾਬਿਆਂ ਨੂੰ ਸਿੱਖ ਧਰਮ ਵਿਚੋਂ ਹੀ ਛੇਕ ਕਰ ਦਿਤਾ ਸੀ ਕਿਉਂਕਿ ਗ਼ਦਰੀਆਂ ਨੇ ਅੰਗਰੇਜ਼ੀ ਰਾਜ ਦੇ ਖਿਲਾਫ ਬਗਾਵਤ ਕੀਤੀ ਸੀ। ਸਿੱਖ ਲਹਿਰ ਬੰਦੇ ਬਹਾਦਰ ਤੋਂ ਬਾਦ ਹਿੰਦੂ ਧਰਮ ਦੀ ਤਰ੍ਹਾਂ ਗੁਲਾਮ ਸੋਚ ਅਤੇ ਲੋਟੂ ਧਾਰਮਕ ਰਸਮਾਂ ਦੀ ਆਦੀ ਹੋ ਗਈ ਹੈ। ਪਹਿਲਾਂ ਸਿੱਖ ਲਹਿਰ ਕੱਟੜ ਧਰਮ ਵਿਚਾਰਧਾਰਾ ਨੂੰ ਭੰਡਦੀ ਸੀ, ਇਨਸਾਨੀਅਤ ਦਾ ਪ੍ਰਚਾਰ ਕਰਦੀ ਸੀ ਅਤੇ ਲੋਕਾਂ ਨੂੰ ਆਪਣੇ ਨਾਲ ਜੋੜਦੀ ਸੀ ਨਾ ਕਿ ਹੁੱਣ ਦੀ ਤਰ੍ਹਾਂ ਲੋਕਾਂ ਨੂੰ ਵੰਡਦੀ ਹੈ। ਗ਼ਦਰੀ ਬਾਬਿਆਂ ਦੀਆਂ ਅਥਾਂਹ ਕੁਰਬਾਨੀਆਂ ਦੇ ਬਾਵਜੂਦ ਭਾਰਤੀ ਲੋਕ ਗੁਲਾਮ ਸੋਚ ਤੋਂ ਅੱਜ ਤਕ ਛੁਟਕਾਰਾ ਨਹੀਂ ਪਾ ਸਕੇ।

ਇਸੇ ਤਰ੍ਹਾਂ ਹੀ ਭਾਰਤੀ ਜਦ ਇੰਗਲੈਂਡ ਆਏ ਉਨ੍ਹਾਂ ਨੇ ਹਿੰਦੁਸਤਾਨ ਮਜ਼ਦੂਰ ਸਭਾਵਾਂ ਬਣਾ ਕੇ ਨਸਲੀ ਵਿਤਕਰੇ ਵਿਰੁਧ ਸੰਘਰਸ਼ ਕੀਤਾ ਅਤੇ ਇੰਗਲੈਂਡ ਦੀ ਸਰਕਾਰ ਨੂੰ ਨਸਲੀ ਵਿਤਕਰਿਆਂ ਵਿਰੁੱਧ ਕਾਨੂੰਨ ਬਨਾਉਣ ਲਈ ਮਜ਼ਬੂਰ ਕਰ ਦਿਤਾ। ਹਾਲਾਂਕਿ ਭਾਰਤ ਵਿਚ ਵਿਤਕਰਿਆਂ ਦੀ ਆਮ ਭਰਮਾਰ ਹੈ, ਪਰ ਭਾਰਤ ਵਿਚ ਅੱਜ ਤਕ ਇੰਗਲੈਂਡ ਵਰਗਾ ਕਾਨੂੰਨ ਨਹੀਂ ਬਣ ਸਕਿਆ। ਇੰਗਲੈਂਡ ਵਿਚ ਨਸਲੀ ਵਿਤਕਰੇ ਵਿਰੁੱਧ ਉਦੋਂ ਠੱਲ ਪਈ ਜਦ ਭਾਰਤ ਵਿਚੋਂ ਧਰਮਾਂ ਦੇ ਪੈਰੋਕਾਰ ਇਥੇ ਪਹੁੰਚੇ ਅਤੇ ਉਨ੍ਹਾਂ ਨੇ ਭਾਰਤੀਆਂ ਨੂੰ ਧਰਮਾਂ,ਫਿਰਕਿਆਂ ਅਤੇ ਜਾਤਾਂ ਵਿਚ, ਭਾਰਤ ਵਿਚ ਵਸਦੇ ਲੋਕਾਂ ਵਾਂਗ, ਬੁਰੀ ਤਰ੍ਹਾਂ ਵੰਡ ਦਿਤਾ। ਭਾਰਤ ਦੇ ਧਰਮਾਂ ਦਾ ਧੰਧਾਂ ਲੋਕਾਂ ਦੀ ਵੰਡ ਤੇ ਨਿਰਭਰ ਹੈ।

ਇੰਗਲੈਂਡ ਵਿਚ ਇਸਾਈ ਧਰਮ ਅਤੇ ਭਾਰਤ ਦੇ ਧਰਮਾਂ ਵਿਚ ਜਮੀਨ ਅਸਮਾਨ ਦਾ ਫਰਕ ਹੈ।ਇਸਾਈ ਧਰਮ ਆਪਣਾ ਗਿਆਨ ਦੇਣ ਲਈ ਅੱਜ ਦੇ ਪ੍ਰਸੰਗ ਵਿਚ ਗੱਲ ਕਰਦਾ ਹੈ ਅਤੇ ਚਰਚ ਅਤੇ ਬਾਈਬਲ ਨੂੰ ਮੱਥਾ ਟੇਕਣ ਅਤੇ ਭੁੰਜੇ ਬੈਠਣ ਨੂੰ ਨਹੀਂ ਕਹਿੰਦਾ। ਭਾਰਤੀ ਧਰਮ ਲੋਕਾਂ ਨੂੰ ਬਾਕੀ ਦੁਨੀਆਂ ਦੇ ਗਿਆਨ ਤੋਂ ਵਾਝਾਂ ਹੀ ਨਹੀਂ ਰਖਦੇ ਸਗੋਂ ਆਪਣੀਆਂ ਧਾਰਮਕ ਗ੍ਰੰਥਾਂ ਦੇ ਗਿਆਨ ਤੋਂ ਵੀ ਵਾਝਾਂ ਰਖਦੇ ਹਨ। ਉਹ ਗਿਆਨ ਸਿਖਣ ਦੀ ਥਾਂ ਮੱਥੇ ਟੇਕਣ, ਚੜ੍ਹਾਵਾ ਚੜ੍ਹਾਵਾਉਣ ਅਤੇ ਭੁੰਜੇ ਬੈਠਣ ਨਾਲ ਗਿਆਨ ਪ੍ਰਾਪਤੀ ਦੇ ਰਾਹ ਦਸਦੇ ਹਨ।ਉਹ ਮਿਥਿਆਸਕ ਕਥਾਵਾਂ ਨੂੰ ਸੱਚ ਬਣਾ ਕੇ ਦੱਸਦੇ ਹਨ। ਇਸਾਈ ਮੱਤ ਨੇ ਲੋਕਾਂ ਦੀ ਭਲਾਈ ਲਈ ਦੁਨੀਆਂ ਵਿਚ ਹਸਪਤਾਲ ਖੋਲ੍ਹੇ ਹੋਏ ਹਨ, ਭਾਰਤ ਦੇ ਧਰਮਾਂ ਨੇ ਦੁਨੀਆਂ ਵਿਚ ਤਾਂ ਕੀ ਉਨ੍ਹਾਂ ਨੇ ਤਾਂ ਭਾਰਤ ਵਿਚ ਵੀ ਨਾ ਮਾਤਰ ਹੀ ਹਸਪਤਾਲ ਖੋਲ੍ਹੇ ਹਨ। ਭਾਰਤ ਵਿਚ ਲੋਕਾਂ ਦੀ ਪਿਛਲ ਖਿਚੂ ਸੋਚ ਰੱਖਣ ਵਿਚ ਧਰਮਾਂ ਦਾ ਬਹੁਤ ਵੱਡਾ ਹੱਥ ਹੈ।ਇਹ ਧਰਮ ਹੀ ਸਨ ਜੋ ਗ਼ਦਰਿਆਂ ਦੇ ਸੋਚ ਦੇ ਵਿਰੁੱਧ ਅੰਗਰੇਜ਼ਾਂ ਦੇ ਰਾਜ ਦੇ ਹੱਕ ਵਿਚ ਖੜ੍ਹੇ ਹੋਏ ਸਨ।

ਇਸ ਲਈ ਜੇ ਅਸੀ ਗ਼ਦਰੀ ਬਾਬਿਆਂ ਨੂੰ ਸ਼ਰਧਾਂਜਲੀ ਦੇਣੀ ਚਾਹੁੰਦੇ ਹਾਂ, ਤੱਦ ਸਾਨੂੰ ਉਨ੍ਹਾਂ ਦੀ ਸੋਚ ਨੂੰ ਅਪਨਾਉਣਾ ਪਵੇਗਾ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਸੱਚ ਕਰਨਾ ਪਵੇਗਾ। ਉਨ੍ਹਾਂ ਦੀ ਤਰ੍ਹਾਂ ਧਰਮ ਨਿਰਪੇਖ ਸੋਚ ਨੂੰ ਆਪਣੀ ਜਿੰਦਗੀ ਦਾ ਹਿੱਸਾ ਬਣਾਉਣਾ ਪਵੇਗਾ ਅਤੇ ਭਾਰਤ ਨੂੰ ਸਹੀ ਅਰਥਾਂ ਵਿਚ ਗਣਰਾਜ (ਲੋਕਾਂ ਦਾ ਰਾਜ) ਬਣਾਉਣਾ ਪਵੇਗਾ। ਉਨ੍ਹਾਂ ਦਾ ਬਣਾਇਆ ਹੋਇਆ ਤਿਰੰਗਾ ਝੰਡਾ ਤੱਦ ਹੀ ਉਚਾ ਉਠੇਗਾ। ਬਰਨਾ ਮੂੰਹ ਰਖਣੀ ਸ਼ਰਧਾਂਜਲੀਆਂ ਅਤੇ ਮੱਥੇ ਟੇਕਣ ਨਾਲ ਕੋਈ ਫਰਕ ਨਹੀਂ ਪਵੇਗਾ।

ਅੰਤ ਵਿਚ ਮੈਂ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਤੇ ਢੁਕਵੀਆਂ ਚਾਰ ਲਾਇਨਾਂ ਪੇਸ਼ ਕਰਨੀਆਂ ਚਾਹੁੰਦਾਂ ਹਾਂ:-

ਕੁਝ ਉਂਜ ਵੀ ਰਾਹਾਂ ਔਖਿਆਂ ਸਨ,<br>
ਕੁਝ ਗਲ ਵਿਚ ਗਮਾਂ ਦਾ ਤੌਂਕ ਵੀ ਸੀ।<br>
ਕੁਝ ਸ਼ਹਿਰ ਦੇ ਲੋਕ ਵੀ ਜਾਲਮ ਸਨ,<br>
ਕੁਝ ਸਾਨੂੰ ਮਰਨ ਦਾ ਸ਼ੌਕ ਵੀ ਸੀ।

# ਵਿੱਦਿਅਕ ਸਾਹਿਤ ਦੀ ਲੋੜ



ਸਮਾਜਿਕ ਤਬਦੀਲੀਆਂ ਦੇ ਨਾਲ-ਨਾਲ ਅੱਜ ਵਿਦਿਆਰਥੀਆਂ ਲਈ ਵਿੱਦਿਆ ਦਾ ਮੰਤਵ ਵੀ ਤਬਦੀਲ ਹੋ ਰਿਹਾ ਹੈ। ਅੱਜ ਬਹੁ-ਗਿਣਤੀ ਮਾਪੇ ਆਪਣੇ ਬੱਚਿਆਂ ਨੂੰ ਲਿਖਤੀ ਪ੍ਰੀਖਿਆਵਾਂ ਦੇ ਸਖ਼ਤ ਮੁਕਾਬਲਿਆਂ ਲਈ ਤਿਆਰ ਕਰਨਾ ਚਾਹੁੰਦੇ ਹਨ। ਉਨ੍ਹਾਂ ਲਈ ਵਿੱਦਿਆ ਦਾ ਮੂਲ ਮੰਤਵ ਭਾਵ ਬੱਚੇ ਦਾ ਸਰਵ-ਪੱਖੀ ਵਿਕਾਸ ਜਿਆਦਾ ਮਹੱਤਵ ਪੂਰਨ ਨਹੀਂ ਰਿਹਾ। ਅਜਿਹੇ ਘਰਾਂ ਦੇ ਬੱਚੇ ਇਸ ਮੰਤਵ ਦੇ ਨੇੜੇ-ਤੇੜੇ ਨਹੀਂ ਅਪੜਦੇ। ਦੂਸਰੇ ਪਾਸੇ ਪਾਠਕ੍ਰਮ ਦੇ ਵਾਧੇ ਦੇ ਵਿਰੋਧ ਵਿੱਚ ਹਾਹਾਕਾਰ ਮਚੀ ਰਹਿੰਦੀ ਹੈ। ਵਿੱਦਿਅਕ ਪ੍ਰਬੰਧਕਾਂ ਅਤੇ ਅਧਿਆਪਕਾਂ ਨੂੰ ਲਿਖਤੀ ਸਿਲੇਬਸ ਅਧੀਨ ਕਿਤਾਬਾਂ ਦੇ ਅਧਿਐਨ ਅਤੇ ਕਿਰਿਆਵਾਂ ਰਾਹੀਂ ਮਿਥੇ ਟੀਚੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਪੈਂਦੀ ਹੈ। ਬਹੁਪੱਖੀ ਜਾਂ ਸਰਵ-ਪੱਖੀ ਵਿਕਾਸ ਨੂੰ ਬਹੁਤ ਜਿਆਦਾ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ ਕਿਉਂਕਿ ਬੱਚਿਆਂ, ਅਧਿਆਪਕਾਂ ਅਤੇ ਮਾਪਿਆਂ ਦੀਆਂ ਕੋਸ਼ਿਸ਼ਾਂ ਨੂੰ ਮਾਪਣ ਦੀ ਸਕੇਲ ਇਮਤਿਹਾਨ ਵਿੱਚੋਂ ਪ੍ਰਾਪਤ ਅੰਕਾਂ ਉੱਪਰ ਨਿਰਧਾਰਿਤ ਹੁੰਦੀ ਹੈ। ਨੰਬਰਾਂ ਦੇ ਗਰਾਫ਼ ਨੂੰ ਉੱਪਰ ਪਹੁੰਚਾਉਣ ਵਾਲੀ ਇਹ ਤਿਕੜੀ ਮੁਕਾਬਲਿਆਂ ਲਈ ਨਵੀਆਂ ਸਕੀਮਾਂ ਘੜਦੀ ਰਹਿੰਦੀ ਹੈ, ਨਵੇਂ ਉਪਾਅ ਖੋਜਦੀ ਰਹਿੰਦੀ ਹੈ ਅਤੇ ਨਵੀਂ-ਨਵੀਂ ਸਮੱਗਰੀ ਲੱਭਦੀ ਰਹਿੰਦੀ ਹੈ ਤਾਂ ਕਿ ਉਨ੍ਹਾਂ ਦੇ 'ਲਾਡਲੇ' ਆਪਦਾ ਡੂੰਘਾਈ ਵਿੱਚ ਮਾਨਸਿਕ ਵਿਕਾਸ ਕਰਕੇ ਸਹਿਪਾਠੀਆਂ ਦੇ 'ਜੀਨਸ' ਗਰੁੱਪ ਵਿੱਚ ਪਹੁੰਚ ਜਾਣ।

ਅੱਜ ਦੇ ਇਲੈਕਟ੍ਰੌਨਿਕ ਯੁੱਗ ਵਿੱਚ ਵਾਧੂ ਪ੍ਰਿੰਟ ਸਮੱਗਰੀ ਦੀ ਵਿੱਦਿਆਰਥੀਆਂ ਲਈ ਮਹੱਤਤਾ ਤੇ ਡੂੰਘਾਈ ਵਿੱਚ ਵਿਚਾਰਨ ਤੋਂ ਪਹਿਲਾਂ ਇਹ ਸੋਚਣਾ ਜ਼ਰੂਰੀ ਹੈ ਕਿ ਵਾਧੂ ਸਮੱਗਰੀ ਕੀ ਹੈ? ਇਹ ਕਿਹੜੇ ਸਿਲੇਬਸ ਦੀਆਂ ਹੱਦਾਂ ਅੰਦਰ ਬੰਨ੍ਹੀ ਹੋਈ ਹੈ? ਇਹ, ਹੱਦਾਂ ਮੁਕਤ ਸਮੱਗਰੀ ਹੈ, ਜਿਸ ਲਈ ਕੋਈ ਸਿਲੇਬਸ ਨਹੀਂ, ਜਿਸਦੀ ਕੋਈ ਸਮਾਂ ਸੀਮਾ ਨਹੀਂ, ਜਿਸਦਾ ਕੋਈ ਇਮਤਿਹਾਨ ਨਹੀਂ ਅਤੇ ਨਾ ਹੀ ਇਸਦੀ ਤਿਆਰੀ ਲਈ ਕੋਈ ਦਿਸ਼ਾ ਨਿਰਦੇਸ਼ ਹਨ। ਇਸ ਵਿੱਚ ਮੋਟੇ ਤੌਰ ਤੇ ਉਹ ਅਖ਼ਬਾਰ, ਰਸਾਲੇ ਅਤੇ ਕਿਤਾਬਾਂ ਸ਼ਾਮਲ ਹਨ, ਜਿਨ੍ਹਾਂ ਵਿੱਚ ਖੁੱਲ੍ਹੇ ਰੂਪ ਵਿੱਚ ਲਿਖਾਰੀਆਂ ਦੇ ਵਿਚਾਰ ਛਾਪੇ ਗਏ ਹੋ ਸਕਦੇ ਹਨ। ਅਜਿਹੀ ਸਮੱਗਰੀ ਵਿੱਚ ਛਪਿਆ ਲੱਚਰ, ਭੜਕਾਓ ਅਤੇ ਕਾਮ ਉਤੇਜਕ ਸਾਹਿਤ ਆਮ ਉਭਰਦੇ ਵਿਦਿਆਰਥੀਆਂ ਦੇ ਪੜ੍ਹਨ ਦੇ ਅਨੁਕੂਲ ਨਹੀਂ ਹੁੰਦਾ। ਜੋ ਸਮੱਗਰੀ ਸਿਖਾਂਦਰੂਆਂ ਦੇ ਆਲੇ-ਦੁਆਲੇ ਵਿੱਚ ਵਾਪਰ ਰਹੀਆਂ ਸਮਾਜਿਕ, ਆਰਥਿਕ ਅਤੇ ਵਿਗਿਆਨਕ ਘਟਨਾਵਾਂ ਦੇ ਉਤਰਾਓ-ਚੜ੍ਹਾਓ ਦੀ ਤਾਜ਼ਾ ਤਰੀਮ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ; ਜੋ ਨਵੇਂ-ਨਵੇਂ ਦਿਲਚਸਪੀ ਵਾਲੇ ਸਾਹਿਤ ਨੂੰ ਪੜ੍ਹਨ ਲਈ ਉਤਸ਼ਾਹਿਤ ਕਰਕੇ ਉਨ੍ਹਾਂ ਦਾ ਭਾਸ਼ਾ ਸੰਬੰਧੀ ਗਿਆਨ ਪ੍ਰਫੁੱਲਤ ਕਰਦੀ ਹੈ; ਜੋ ਸਮੱਗਰੀ ਉਨ੍ਹਾਂ ਨੂੰ ਨਵੀਆਂ-ਨਵੀਆਂ ਵਾਪਰਦੀਆਂ ਕੁਦਰਤੀ ਘਟਨਾਵਾਂ ਦੇ ਕਾਰਨ ਪੜਚੋਲਣ ਲਈ ਪ੍ਰੇਰਿਤ ਕਰਦੀ ਹੈ ਅਜਿਹੀ ਲਾਹੇਵੰਦ ਸਮੱਗਰੀ ਸਕੂਲੀ ਬੱਚਿਆਂ ਨੂੰ ਉਪਲੱਭਦ ਕਰਵਾਉਣ ਦੀ ਪ੍ਰੋੜਤਾ ਕਰਨੀ ਚਾਹੀਦੀ ਹੈ।

ਸਾਹਿਤਕ ਸਮੱਗਰੀ ਦੀ ਚੋਣ ਬੱਚੇ ਦੀਆਂ ਅੰਦਰੂਨੀ ਭਾਵਨਾਵਾਂ, ਪ੍ਰਾਵਿਰਤੀ, ਇੱਛਾ ਅਤੇ ਦਿਮਾਗੀ ਪਕੜ ਅਨੁਸਾਰ ਕਰਨੀ ਬਣਦੀ ਹੈ। ਇਸ ਲਈ ਮਾਪਿਆਂ ਅਤੇ ਅਧਿਆਪਕਾਂ ਦੁਆਰਾ ਚੁਣੀ ਸਮੱਗਰੀ ਨੂੰ ਰੋਅਬ ਨਾਲ ਬੱਚਿਆਂ ਤੇ ਠੋਸਿਆ ਨਾ ਜਾਵੇ। ਪਰ ਉਹ ਬੱਚੇ ਦੀ ਬੁੱਧੀ, ਵਿਸ਼ੇ ਵਿੱਚ ਪ੍ਰਵੀਨਤਾ ਅਤੇ ਭਵਿੱਖ ਨੂੰ ਵਿਚਾਰਦੇ ਹੋਏ ਚੁਸਤੀ ਨਾਲ ਲਾਹੇਵੰਦ ਸਾਹਿਤ ਪੜ੍ਹਨ ਵੱਲ ਉਨ੍ਹਾਂ ਦਾ ਝੁਕਾਓ ਵਧਾ ਸਕਦੇ ਹਨ। ਸਾਡੇ ਵਿੱਦਿਅਕ ਢਾਂਚੇ ਵਿੱਚ ਉਨੱਤੀ ਦੀ ਪੌੜੀ ਚੜ੍ਹਣ ਲਈ ਇਮਤਿਹਾਨ ਪਾਸ ਕਰਨਾ ਪੈਂਦਾ ਹੈ। ਇੱਥੇ 'ਯੂਨਿਟ ਸਿਸਟਮ' ਲਾਗੂ ਨਹੀਂ। ਹਰੇਕ ਬੱਚੇ ਦੀ ਯਾਦ ਕਰਨ ਦੀ ਸ਼ਕਤੀ, ਦਿਮਾਗੀ ਪਕੜ ਅਤੇ ਗਿਆਨ ਜਜਬ ਕਰਨ ਦਾ ਮਾਦਾ ਦੂਸਰੇ ਤੋਂ ਭਿੰਨ ਹੁੰਦਾ ਹੈ। ਇਮਤਿਹਾਨ ਦਾ ਸਿਲੇਬਸ ਬੱਚਿਆਂ ਦੀ ਔਸਤ ਪ੍ਰਾਪਤੀਆਂ ਗ੍ਰਹਿਣ ਕਰਨ ਦੀ ਸ਼ਕਤੀ ਤੇ ਨਿਰਧਾਰਿਤ ਹੁੰਦਾ ਹੈ। ਇਸ ਲਈ ਅਜਿਹੀ ਹਾਲਤ ਵਿੱਚ ਤੇਜ਼ ਬੁੱਧੀ ਬੱਚੇ ਲੋੜੀਂਦਾ ਗਿਆਨ ਸਮੇਂ ਤੋਂ ਪਹਿਲਾਂ ਹਾਸਲ ਕਰਨ ਦੀ ਸਮੱਰਥਾ ਰੱਖਦੇ ਹਨ। ਵਾਧੂ ਛਪੀ ਸਮੱਗਰੀ ਉਨ੍ਹਾਂ ਦੇ ਵਿਹਲੇ ਸਮੇਂ ਨੂੰ ਕੁਰੀਤੀਆਂ ਵੱਲ ਲਗਾਉਣ ਦੀ ਥਾਂ, ਮਾਨਸਿਕ ਵਿਕਾਸ ਦੀ ਕਿਰਿਆ ਵਿੱਚ ਖਰਚਣ ਦਾ ਵਧੀਆ ਮੌਕਾ ਦੇਵੇਗੀ। ਉਹ ਸਕੂਲੀ ਸਿਲੇਬਸ ਦੇ ਨਾਲ-ਨਾਲ ਭਵਿੱਖ ਦੀਆਂ ਸਕੀਮਾਂ ਅਧੀਨ ਅਜਿਹੇ ਸਮੇਂ ਵਿੱਚ ਲੋੜੀਂਦੇ ਪ੍ਰੋਜੈਕਟਾਂ ਦੇ ਲਈ ਮਜਬੂਤ ਨੀਂਹ ਤਿਆਰ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ।

ਸਕੂਲੀ ਪੜ੍ਹਾਈ, ਸਕੂਲ ਵਿੱਚੋਂ ਦਿੱਤਾ ਘਰੇਲੂ ਕੰਮ ਅਤੇ ਹੋਰ ਵਿੱਦਿਅਕ ਸਹਿ-ਕਿਰਿਆਵਾਂ ਦਾ ਮੂਲ ਮੰਤਵ ਇਮਤਿਹਾਨ ਵਿੱਚੋਂ ਨੰਬਰਾਂ ਦੀ ਵੱਧ ਪ੍ਰਾਪਤੀ (ਅੱਜ ਕੱਲ ਦਸਵੀਂ ਤੋਂ ਸ਼ੁਰੂ ਕਰਕੇ) ਹੈ। ਇਸ ਲਈ ਉਚੇ ਦਰਜੇ ਦੇ ਗਰੇਡ ਦੀ ਪ੍ਰਾਪਤੀ ਦੇ ਮੰਤਵ ਨਾਲ ਬਹੁਤੇ ਬੱਚੇ, ਖਾਸ ਕਰ 'ਸਕਾਲਰ ਵਿੱਦਿਆਰਥੀ', ਕੰਨਕਰੀਟ ਦੀਆਂ ਸਲੈਬਾਂ ਵਾਲੇ ਕਮਰਿਆਂ ਵਿੱਚ ਸਾਇੰਸ ਦੇ ਸਿਧਾਂਤਾ ਦੇ ਨੋਟਿਸ ਵਾਰ-ਵਾਰ ਪੜ੍ਹਕੇ, ਗਣਿਤ ਦੀਆਂ ਉਲਝਣਾਂ ਦੇ ਹੱਲ ਲਈ ਉਨ੍ਹਾਂ ਨਾਲ ਘੰਟਿਆਂ ਬਧੀ ਮਗਜ਼ ਖਪਾਈ ਕਰਕੇ, ਇਤਿਹਾਸਕ ਘਟਨਾਵਾਂ ਦੀਆਂ ਸਦੀਆਂ ਪੁਰਾਣੀਆਂ ਮਿਤੀਆਂ ਨੂੰ ਘੋਟਾ ਲਾਕੇ, ਜਾਂ ਫਿਰ ਭਾਸ਼ਾ ਦੀਆਂ ਕਿਤਾਬਾਂ ਵਿੱਚੋਂ ਹਵਾਲਾ ਦੇਣ ਲਈ ਕੁਝ ਲਾਈਨਾਂ ਨੂੰ ਹੂ-ਬ-ਹੂ ਯਾਦ ਕਰਨ ਵਿੱਚ ਦਿਨ ਰਾਤ ਰੁੱਝੇ ਰਹਿੰਦੇ ਹਨ। ਜੋ ਬਾਹਰ ਉਸਦੀ ਦੁਨੀਆਂ ਵਿੱਚ ਵਾਪਰ ਰਿਹਾ ਹੈ, ਉਸ ਸੰਬੰਧੀ ਜਾਣਕਾਰੀ ਕਿਤਾਬਾਂ ਵਿੱਚ ਨਾ ਮਾਤਰ ਹੀ ਹੁੰਦੀ ਹੈ। ਇਸ ਸੰਬੰਧੀ ਮਿਥਿਆ ਸਿਲੇਬਸ ਵੀ ਲਗਭਗ ਚੁੱਪ ਹੁੰਦਾ ਹੈ। ਅਜਿਹੀਆਂ ਟਾਮੀਆਂ-ਟੱਲੀਆਂ ਘਟਨਾਵਾਂ ਹੀ ਇਮਤਿਹਾਨੀ ਪ੍ਰਸ਼ਨਾਂ ਦਾ ਹਿਸਾ ਬਣਦੀਆਂ ਹਨ। ਇਸ ਲਈ ਆਮ ਤੌਰ ਤੇ 'ਤਿੱਕੜੀ' ਵੀ ਇਨ੍ਹਾਂ ਤੇ ਵੱਧ ਧਿਆਨ ਕੇਂਦਰਤ ਨਹੀਂ ਕਰਦੀ। ਪਰ ਬੱਚਿਆਂ ਨੇ

ਸਮਾਜ ਦੇ ਜ਼ਰੂਰੀ ਅੰਗ ਬਣਨਾ ਹੈ। ਉਨ੍ਹਾਂ ਨੂੰ ਚੰਗੇ ਮੰਦੇ ਦਾ ਗਿਆਨ ਗ੍ਰਹਿਣ ਦੀ ਸੋਝੀ ਆਉਣੀ ਚਾਹੀਦੀ ਹੈ। ਇਸ ਲਈ ਬੰਧਨਾਂ ਤੋਂ ਮੁਕਤ ਪਲ ਪਲ ਭੱਖਦੇ ਮਸਲਿਆਂ ਸੰਬੰਧੀ ਜਾਣਕਾਰੀ ਲਈ ਵਾਧੂ ਛਪੀ ਸਮੱਗਰੀ ਦੀ ਬੱਚਿਆਂ ਨੂੰ ਅਤਿਅੰਤ ਲੋੜ ਹੈ।

ਵਿੱਦਿਆਰਥੀਆਂ ਦੇ ਕੰਮ ਅਤੇ ਗਤੀਵਿਧੀਆਂ ਸਿਲੇਬਸ ਦੇ ਬੰਧਨਾਂ ਵਿੱਚ ਜਕੜੀਆਂ ਹੁੰਦੀਆਂ ਹਨ। ਪਰ ਹਰੇਕ ਬੱਚੇ ਦਾ ਘਰੇਲੂ ਮਾਹੌਲ ਅਤੇ ਜਮਾਂਦਰੂ ਇੱਛਾਵਾਂ ਇੱਕ ਦੂਜੇ ਤੋਂ ਬੇਹਤਾਸ਼ਾ ਭਿੰਨ ਹੁੰਦੇ ਹਨ। ਬੱਚਿਆਂ ਅੰਦਰ ਉਹੀ ਗਿਆਨ ਜਲਦੀ ਜਜ਼ਬ ਅਤੇ ਪਾਏਦਾਰ ਬਣਦਾ ਹੈ, ਜਿਹੜਾ ਉਨ੍ਹਾਂ ਦੀਆਂ ਅੰਦਰੂਨੀ ਭਾਵਨਾਵਾਂ ਦੇ ਅਨੁਕੂਲ ਹੋਵੇ। ਇਸ ਲਈ ਆਮ ਤੌਰ ਤੇ ਭਿੰਨ-ਭਿੰਨ ਬੱਚੇ ਇੱਕ ਦੂਸਰੇ ਤੋਂ ਬਦਲਵਾਂ ਸਾਹਿਤ ਪੜ੍ਹਣ ਦੀ ਚੇਸ਼ਠਾ ਰੱਖਦੇ ਹਨ। ਉਨ੍ਹਾਂ ਨੂੰ ਨਵਾਂ ਖਿਡੌਣਾ, ਨਵਾਂ ਖਾਣਾ, ਨਵੀਆਂ ਖੇਡਾਂ ਅਤੇ ਨਵਾਂ ਸਾਹਿਤ ਪੜ੍ਹਣ ਵਿਚੋਂ ਜਿਆਦਾ ਖੁਸ਼ੀ ਮਿਲਦੀ ਹੈ। ਆਪਣੀ ਤੀਬਰ ਇੱਛਾ ਦੇ ਅਨੁਕੂਲ ਕੰਮ ਕਰਦੇ ਸਮੇਂ ਕਈ ਵਾਰੀ ਉਨ੍ਹਾਂ ਨੂੰ ਖਾਣ ਪੀਣ ਦਾ ਧਿਆਨ ਵੀ ਨਹੀਂ ਰਹਿੰਦਾ। ਇਸ ਕਰਕੇ ਉਨ੍ਹਾਂ ਦੀ ਦਿਲਚਸਪੀ ਅਨੁਸਾਰ ਮੰਗੀ ਉਚਿਤ ਸਮੱਗਰੀ ਦੀ ਮੰਗ ਨੂੰ ਅਣਗੌਲਿਆ ਕਰਕੇ ਉਨ੍ਹਾਂ ਵਿੱਚ ਉਭਰਦੇ ਗੁਣਾਂ ਨੂੰ ਦਬਾਉਣ ਦੇ ਸਮਾਨ ਹੋਵੇਗਾ। ਵੰਨ-ਸੁਵੰਨਾਂ ਸਾਹਿਤ ਹੀ ਹੈ ਜੋ ਭਿੰਨਤਾ ਵਾਲੇ ਬੱਚਿਆਂ ਦੇ ਗੁਣਾਂ ਦੀ ਤ੍ਰਿਪਤੀ ਵੀ ਕਰ ਸਕਦਾ ਹੈ ਅਤੇ ਉਨ੍ਹਾਂ ਦੇ ਗੁਣਾਂ ਨੂੰ ਹੋਰ ਉਭਾਰਨ ਦੇ ਨਾਲ-ਨਾਲ ਉਨ੍ਹਾਂ ਦਾ ਘੇਰਾ ਵਿਸ਼ਾਲ ਅਤੇ ਪਾਏਦਾਰ ਵੀ ਕਰ ਸਕਦਾ ਹੈ। ਸਮਾਂ ਬਹੁਤ ਹੀ ਕੀਮਤੀ ਹੈ। ਸਮੇਂ ਦਾ ਅਜਾਈਂ ਗੁਆਇਆ ਇੱਕ ਪਲ ਵੀ ਮੁੜ ਹੱਥ ਨਹੀਂ ਆਉਂਦਾ। ਇਸ ਲਈ ਬੱਚਿਆਂ ਵਿੱਚ ਇਹ ਲਹਿਰ ਪੈਦਾ ਕੀਤੀ ਜਾਵੇ ਕਿ ਸਕੂਲ ਤੋਂ ਬਾਅਦ ਘਰੇ ਲੋੜੀਂਦਾ ਆਰਾਮ ਕਰਨ ਜਾਂ ਖੇਡਣ ਉਪਰੰਤ ਬਾਕੀ ਸਮੇਂ ਨੂੰ ਟਾਲ-ਮਟੋਲ ਵਿੱਚ ਨਾ ਲੰਘਾਇਆ ਜਾਵੇ ਬਲਕਿ ਅਜਿਹੇ ਵਿਹਲੇ ਸਮੇਂ ਦਿਲ-ਚਸਪੀ ਵਾਲਾ ਸਾਹਿਤ ਪੜ੍ਹਕੇ ਆਪਣੀ ਬੁੱਧੀ ਨੂੰ ਵੱਧ ਤੀਬਰ ਕੀਤਾ ਜਾਵੇ। ਆਪਣੀਆਂ ਰੁੱਚੀਆਂ ਅਨੁਸਾਰ ਵਿਹਲੇ ਸਮੇਂ ਨੂੰ ਗਿਆਨ ਵ੍ਰਿਧੀ ਲਈ ਇਸ ਤਰ੍ਹਾਂ ਵਰਤਣਾ, ਮਾਪਿਆਂ ਦੇ ਮਨ ਵਿੱਚ ਵੀ ਬੱਚੇ ਲਈ ਸ਼ਲਾਘਾਯੋਗ, ਖੁਸ਼ਗੁਵਾਰ ਅਤੇ ਇਜ਼ਤਦਾਰ ਬਲਬਲੇ ਪੈਦਾ ਕਰੇਗਾ।

ਅੱਜ ਕੱਲ ਮੁਕਾਬਲਿਆਂ ਭਰਪੂਰ ਸਮੇਂ ਵਿੱਚ ਹਰੇਕ ਪ੍ਰੀਖਿਆ ਦੇ 'ਜਰਨਲ ਨੌਲਿਜ' ਦੀ ਪਰਖ ਸਮੇਂ ਖਾਸ ਕਸੌਟੀ ਵਿਚੋਂ ਲੰਘਣਾ ਪੈਂਦਾ ਹੈ। 'ਖਾਸ' ਉਨ੍ਹਾਂ ਲਈ ਹੁੰਦੀ ਹੈ ਜੋ ਵਿੱਦਿਆਰਥੀ ਸਕੂਲੀ ਉਮਰ ਸਮੇਂ ਹਮੇਸ਼ਾਂ ਸਿਲੇਬਸ ਵਿੱਚ ਹੀ ਉਲਝੇ ਰਹਿੰਦੇ ਹਨ। ਜੀ. ਕੇ. ਦੀ ਪ੍ਰੀਖਿਆ ਬੀਤੇ ਸਮੇਂ ਦੀ ਵਿਸ਼ਾਲ ਜਾਣਕਾਰੀ ਅਤੇ ਤਾਜ਼ੇ ਭਖਦੇ ਮਸਲਿਆਂ ਸੰਬੰਧੀ ਪੂਰਾ ਗਿਆਨ ਮੰਗਦੀ ਹੈ। ਜੋ ਬੱਚੇ ਅਜਿਹੀ ਪ੍ਰੀਖਿਆ ਲਈ ਆਪਣੇ ਆਪ ਨੂੰ ਸੀਮਤ ਸਮੇਂ ਵਿੱਚ ਤਿਆਰ ਕਰਨ ਦੇ ਸੁਪਨੇ ਲੈਂਦੇ ਹਨ, ਉਨ੍ਹਾਂ ਨਾਲ ਧੋਬੀ ਦੇ ਕੁੱਤੇ ਵਾਲੀ ਬਣਦੀ ਹੈ। ਸੀਮਤ ਸਮੇਂ ਵਿੱਚ ਉਹ ਨਾਂ ਕਿਤਾਬੀ ਸਿਲੇਬਸ ਦੀ ਠੀਕ ਦੌਹਰਾਈ ਕਰ ਸਕਦੇ ਹਨ ਅਤੇ ਨਾ ਹੀ ਜੀ.ਕੇ ਦੀ ਪੂਰੀ ਤਿਆਰੀ। ਇਸ ਲਈ ਨੌਕਰੀਆਂ, ਖਾਸ ਕਰ ਉੱਚ ਕੋਟੀ ਦੀਆਂ ਨੌਕਰੀਆ ਦੇ ਜੀ. ਕੇ. ਪੇਪਰਾਂ ਦੀ ਤਿਆਰੀ ਲਈ ਆਪਣੇ ਆਪ ਨੂੰ ਸਕੂਲੀ ਸਮੇਂ ਤੋਂ ਹੀ ਵਾਧੂ ਸਮੱਗਰੀ ਨੂੰ ਪੜ੍ਹਣ ਦੇ ਮਾਹੌਲ ਵਿੱਚ ਢਾਲਣਾ ਹੋਵੇਗਾ। 'ਰੋਮ ਇੱਕ ਦਿਨ ਵਿੱਚ ਨਹੀਂ ਬਣਿਆ' ਦੇ ਅਨੁਸਾਰ ਜੀ. ਕੇ. ਦੀ ਪਾਏਦਾਰ ਦਿਮਾਗੀ ਪਕੜ ਲਈ ਰਚਨਾਤਮਿਕ ਸਾਹਿਤ ਨਾਲ ਮੁੱਢ ਤੋਂ ਸਾਂਝ ਪਾਉਣੀ ਹੀ ਵੱਧ ਲਾਹੇਵੰਦ ਰਹੇਗੀ। ਮੁੱਢ ਤੋਂ ਆਪਣੀਆਂ ਅੰਦਰੂਨੀ ਭਾਵਨਾਵਾਂ ਅਨੁਸਾਰ 'ਸੈਲਫ ਸਟੱਡੀ' ਦੀ ਆਦਤ ਦਾ ਪੈਦਾ ਹੋਣਾ ਸੋਨੇ ਤੇ ਸੁਹਾਗੇ ਦੀ ਤਰ੍ਹਾਂ ਕੰਮ ਕਰੇਗਾ। ਇੱਕ ਪਾਸੇ ਉਸਦੀ ਕਲਪਨਾ ਜਾਗਰਿਤ ਹੋਵੇਗੀ ਅਤੇ ਦੂਜੇ ਪਾਸੇ ਸਵੈ ਵਿਸਵਾਸ਼ ਅਤੇ ਉਤਸ਼ਾਹ ਨਾਲ ਨਵੇਂ ਵਿਚਾਰ ਪੈਦਾ ਹੋਣਗੇ। 'ਸੈਲਫ ਸਟੱਡੀ' ਭਵਿੱਖ ਦੀ ਡੂੰਘਾਈ ਵਾਲੀ ਉਚੇਰੀ ਪੜ੍ਹਾਈ ਲਈ ਸਭ ਤੋਂ ਉੱਤਮ ਤਰੀਕਾ ਹੈ। ਵਾਧੂ ਸਮੱਗਰੀ ਰਾਹੀਂ ਸੈਲਫ ਸਟੱਡੀ ਦੇ ਢਾਂਚੇ ਵਿੱਚ ਢਲੇ ਪੜ੍ਹਾਕੂ ਆਪਣੇ ਸਕੂਲੀ ਜੀਵਨ ਤੋਂ ਮਗਰੋਂ ਇਸਨੂੰ ਖੋਜ ਆਤਮਿਕ ਪੱਖ ਲਈ ਵਰਤਦੇ ਸਮੇਂ ਬਾਹਰੀ ਆਸਰੇ ਤੇ ਘੱਟ ਹੀ ਨਿਰਭਰ ਕਰਨਗੇ।

ਇਤਨੀ ਲਾਹੇਵੰਦ ਸਮੱਗਰੀ ਵਿੱਚ ਨਵੀਨਤਮ ਜਾਣਕਾਰੀ ਵਖੇਰਣ ਵਾਲੇ ਅਖ਼ਬਾਰ ਅਤੇ ਰਸਾਲੇ ਭਾਸ਼ਾ ਵਿਭਾਗ ਦੀਆਂ ਕਿਤਾਬਾਂ, ਵਿਆਖਿਆ ਕਰਕੇ ਵਹਿਮਾਂ ਭਰਮਾਂ ਨੂੰ ਦੂਰ ਕਰਦੀਆਂ ਵਾਤਾਵਰਣ ਤੇ ਆਧਾਰਿਤ ਕਿਤਾਬਾਂ, ਜਿੰਦਗੀ ਦੇ ਨਾਲ ਜੋੜਣ ਵਾਲੀਆਂ ਗਣਿਤਕ ਬੁਝਾਰਤਾਂ ਅਤੇ ਅੜੌਣੀਆਂ ਦੇ ਸੰਗ੍ਰਹਿ, ਗਿਆਨ ਭਰਪੂਰ ਲੇਖ, ਮਹਾਨ ਹਸਤੀਆਂ ਦੀਆਂ ਜੀਵਨੀਆਂ, ਸਮਾਜਿਕ ਅਤੇ ਵਿੱਦਿਅਕ ਨਾਵਲ ਸ਼ਾਮਲ ਕੀਤੇ ਜਾ ਸਕਦੇ ਹਨ। ਇਹ ਸਮੱਗਰੀ ਵਿਦਿਆਰਥੀਆਂ ਦੀ ਸੁਖਾਲੀ ਪਹੁੰਚ ਵਿੱਚ ਲਿਆਉਣ ਲਈ ਇਸ ਦੀ ਸਕੂਲ ਲਾਈਬ੍ਰੇਰੀਆਂ ਵਿੱਚ ਮੌਜੂਦਗੀ ਅਤਿ ਜ਼ਰੂਰੀ ਹੈ। ਪਰ ਇਸ ਸੰਬੰਧ ਵਿੱਚ ਸਥਿਤੀ ਨਿਰਾਸ਼ਾਜਨਕ ਹੀ ਹੈ। ਬਹੁਤ ਪ੍ਰਾਇਮਰੀ ਸਕੂਲਾਂ ਵਿੱਚ ਕੋਈ ਵੀ ਅਖ਼ਬਾਰ ਨਹੀਂ ਆਉਂਦਾ। ਇਨ੍ਹਾਂ ਦੀ ਖਰੀਦ ਲਈ ਕੋਈ ਫੰਡ ਨਹੀਂ। ਰਸਾਲੇ ਵੀ (ਦੋ ਜਾਂ ਤਿੰਨ) ਮਹਿਕਮੇਂ ਵੱਲੋਂ ਭੇਜੇ ਜਾਂਦੇ ਹਨ। ਵਾਧੂ ਕਿਤਾਬਾਂ ਲਈ ਫੰਡਾਂ ਦੀ ਘਾਟ ਰਹਿੰਦੀ ਹੀ ਹੈ। ਕਿਤਾਬਾਂ ਦੀ ਚੋਣ ਵੀ ਆਸਾਨ ਨਹੀਂ। ਪਿੱਛੇ ਜਿਹੇ ਅਜਿਹੀ ਖਰੀਦ ਦੇ ਸੰਬੰਧ ਵਿੱਚ ਪੰਜਾਬ ਵਿੱਚ ਪਏ ਰੌਲੇ ਰੱਪੇ ਨੂੰ ਦੇਖ ਕੇ ਇਹ ਖਰੀਦਦਾਰੀ ਦਾ ਕੰਮ ਛਡਿਆ ਨਹੀਂ ਜਾ ਸਕਦਾ। ਇਸ ਦੇ ਲਈ ਵਿਸ਼ਾ ਮਾਹਿਰ, ਵਿਸ਼ੇ ਦੇ ਲੈਕਚਰਾਰ, ਵਿਸ਼ੇ ਨਾਲ ਸੰਬੰਧਤ ਅਵਾਰਡੀ ਅਧਿਆਪਕ ਅਤੇ ਐਸ.ਸੀ. ਈ. ਆਰ. ਟੀ ਦੇ ਲੈਕਚਰਾਰਾਂ ਤੇ ਆਧਾਰਿਤ ਕਮੇਟੀ ਬਣਾਈ ਜਾ ਸਕਦੀ ਹੈ। ਇਹ ਇੱਕ ਅਟੱਲ ਅਤੇ ਕੌੜੀ ਸੱਚਾਈ ਹੈ ਕਿ ਬਹੁਤ ਸਕੂਲਾਂ 'ਚ ਐਨ. ਸੀ. ਈ. ਆਰ. ਟੀ ਨਵੀਂ ਦਿੱਲੀ ਦੁਆਰਾ ਛਾਪੇ ਜਾਂਦੇ ਰਸਾਲੇ ਨਾ ਮਾਤਰ ਹੀ ਮੰਗਵਾਏ ਜਾਂਦੇ ਹਨ। ਫਿਰ ਉਨ੍ਹਾਂ ਦੇ ਵਿੱਦਿਆਰਥੀਆਂ ਤੋਂ ਇਹ ਸਮੱਗਰੀ ਪੜ੍ਹਣ ਦੀ ਕਿਤਨੀ ਉਮੀਦ ਰੱਖੀ ਜਾ ਸਕਦੀ ਹੈ। ਅਧਿਆਪਕਾਂ ਤੇ ਸਿਲੇਬਸ ਅਤੇ ਡਾਕ ਦਾ ਬੋਝ ਬਹੁਤ ਵੱਧ ਹੈ। ਇਸ ਲਈ ਜੇ ਸਮਾਜ ਉਮੀਂਦ ਕਰਦਾ ਹੈ ਕਿ ਸਾਡੇ ਬੱਚਿਆਂ ਦੇ 'ਵਿੱਦਿਅਕ ਗਾਈਡ' ਉਚ ਦਰਜੇ ਦੇ ਹੋਣ ਅਤੇ ਨਵੀਨਤਮ ਗਿਆਨ ਵਿੱਚ ਨਿਪੁੰਨ ਹੋਣ ਤਾਂ ਸਸਤੀ ਸਮੱਗਰੀ ਛਾਪਣੀ ਹੋਵੇਗੀ, ਲਾਈਬ੍ਰੇਰੀਆਂ ਦਾ ਘੇਰਾ ਵਿਸ਼ਾਲ ਕਰਨਾ ਹੋਵੇਗਾ, ਅਧਿਆਪਕਾ ਨੂੰ ਪੜ੍ਹਣ ਅਤੇ ਨਵਾਂ ਲਿਖਣ ਸੰਬੰਧੀ ਵੱਧ ਉਤਸ਼ਾਹਿਤ ਕਰਨਾ ਹੋਵੇਗਾ।

ਵਾਧੂ ਸਮੱਗਰੀ ਦਾ ਇਹ ਮੰਤਵ ਕਦਾਚਿਤ ਨਹੀਂ ਕਿ ਬੱਚੇ ਸਿਲੇਬਸ ਦੀ ਪੂਰਤੀ ਛੱਡ ਦੇਣ। ਇਹ ਸਾਹਿਤ ਤਾਂ ਸਕੂਲੀ ਕਿਤਾਬਾਂ, ਵਿਸ਼ਾ, ਸਮਾਂ ਅਤੇ ਕਲਾਸ ਦੇ ਬੰਧਨਾਂ ਤੋਂ ਮੁਕਤ ਹੈ। ਕਲੱਬ, ਸਵੈ-ਸੇਵੀ ਸੰਸਥਾਵਾਂ ਅਤੇ ਗਿਆਨ ਵਿਗਿਆਨ ਵਰਗੀਆਂ ਹੋਰ ਸਮਿਤੀਆਂ ਇਸ ਲਹਿਰ ਨੂੰ ਫੈਲਾਉਣ ਦੇ ਉਪਰਾਲੇ ਕਰ ਸਕਦੀਆਂ ਹਨ। ਜਨਮ ਦਿਵਸ ਅਤੇ ਹੋਰ ਖੁਸ਼ੀ ਦੇ ਉਤਸਵਾਂ ਤੇ ਨਵੀਆਂ ਕਿਤਾਬਾਂ ਗਿਫ਼ਟ/ਇਨਾਮ ਦੇ ਰੂਪ ਵਿੱਚ ਦੇਣ ਦੀ ਪ੍ਰਥਾ ਚਾਲੂ ਕੀਤੀ ਜਾਵੇ। ਸਕੂਲਾਂ ਵਿੱਚ ਖ਼ਬਰਾਂ ਲਿਖਣ ਅਤੇ ਅਖ਼ਬਾਰ ਪੜ੍ਹਣ ਨੂੰ ਪ੍ਰੈਕਟੀਕਲ ਤੌਰ ਤੇ ਹੋਰ ਵਧਾਇਆ ਜਾਵੇ। ਬੱਚਿਆਂ ਦੀਆਂ ਅੰਦਰੂਨੀ ਭਾਵਨਾਵਾਂ ਉਜਾਗਰ ਕਰਨ ਲਈ ਉਨ੍ਹਾਂ ਦੇ ਕੁਇਜ਼, ਮੌਲਿਕ ਲਿਖਤਾਂ, ਨਵੀਨਤਮ ਵਿਸ਼ਿਆਂ ਤੇ ਲੇਖ ਲਿਖਣ ਦੇ ਮੁਕਾਬਲੇ ਕਰਵਾਏ ਜਾਣ। ਚੰਗੀਆਂ ਕਿਤਾਬਾਂ ਦੀ ਚੋਣ ਕਰਕੇ, ਉਨ੍ਹਾਂ ਨੂੰ ਉਤਸ਼ਾਹਿਤ ਕਰਕੇ ਉਨ੍ਹਾਂ ਦਾ ਅਨੁਵਾਦ ਦੂਜੀਆਂ ਭਾਸ਼ਾਵਾਂ ਵਿੱਚ ਕਰਵਾਉਣਾ ਵੀ ਅਤੀਅੰਤ ਲਾਹੇਵੰਦ ਰਹੇਗਾ। ਸਿਆਸਤ ਨੂੰ ਸਮਰਪਿਤ ਰਸਾਲਿਆਂ ਤੋਂ ਪਹਿਲਾਂ ਆਉਣ ਵਾਲੇ ਸਮਾਜ ਨੂੰ ਸਿਰਜਣ ਵਾਲਿਆਂ ਲਈ ਮਾਨਸਿਕ ਵਿਕਾਸ ਕਰਨ ਯੋਗ ਸਮੱਗਰੀ ਛਾਪੀ ਜਾਵੇ। ਫਿਰ ਹੀ ਕਈ ਕੰਮਾਂ ਵਿੱਚ ਮੁਹਰੀ ਪੰਜਾਬ ਦੇਸ਼ ਦੇ ਕੇਰਲਾ ਵਰਗੇ ਦੂਜੇ ਸੂਬਿਆਂ ਨਾਲ ਦਿਮਾਗੀ ਮੁਕਾਬਲਿਆਂ ਅਤੇ ਸਾਖਰਤਾ ਵਿੱਚ ਵਰਨਣਯੋਗ ਮੁਕਾਬਲਾ ਕਰ ਸਕੇਗਾ।

**- ਹੇਮ ਰਾਜ ਗਰਗ (ਨੈਸ਼ਨਲ ਅਵਾਰਡੀ)**

# ਬੱਚਿਆਂ ਦੇ ਵਾਸਤੇ ਵਿਗਿਆਨ ਲੇਖਣ

## * ਲੇਖਕ : ਰਾਜੇਸ਼ ਉਤਸ਼ਾਹੀ * ਅਨੁਵਾਦਕ : ਸਰਜੀਤ ਤਲਵਾਰ



ਅਖਬਾਰਾਂ ਦੇ ਪੰਨਿਆਂ ਵਿਚ ਵਿਗਿਆਨ ਖਬਰਾਂ ਦਾ ਘਾਟਾ ਹੈ, ਇਸ ਗੱਲ ਨਾਲ ਸ਼ਾਇਦ ਸਾਰੇ ਸਹਿਮਤ ਹੋਣਗੇ। ਅਜਿਹੀ ਸਥਿਤੀ ਵਿਚ ਬੱਚਿਆਂ ਲਈ ਵਿਗਿਆਨ ਸਮਾਚਾਰ ਤਾਂ ਹੋਰ ਵੀ ਦੂਰ ਦੀ ਚੀਜ਼ ਹੈ। ਜਿਸ ਤਰ੍ਹਾਂ ਸਮਾਚਾਰ ਦੀ ਆਪਣੀ ਇਕ ਪਰਿਭਾਸ਼ਾ ਹੈ, ਵੈਸੇ ਹੀ ਇਹ ਵੀ ਵਿਚਾਰਨਯੋਗ ਹੈ ਕਿ ਵਿਗਿਆਨ ਸਮਾਚਾਰ ਆਖਾਂਗੇ ਕਿਸਨੂੰ ? ਕੀ ਸਿਰਫ਼ ਵਿਗਿਆਨ ਦੀ ਖੋਜ, ਕਾਢ, ਪੁਲਾੜ ਵਿਚ ਜਾਣ ਵਾਲੇ ਉਪਗ੍ਰਹਿ, ਰਾਕਟ ਆਦਿ ਦੇ ਹੀ ਵਿਗਿਆਨ ਸਮਾਚਾਰ ਹੋ ਸਕਦਾ ਹੈ ? ਮੇਰੇ ਵਿਚਾਰ ਵਿਚ ਨਹੀਂ। ਜੇਕਰ ਤੁਸੀਂ ਧਿਆਨ ਨਾਲ ਵੇਖੋਗੇ ਤਾਂ ਪਤਾ ਲੱਗ ਜਾਏਗਾ ਕਿ ਵਿਗਿਆਨਕ ਸਮਾਚਾਰਾਂ ਦੀ ਕੋਈ ਕਮੀ ਨਹੀਂ ਹੈ, ਕਮੀ ਹੈ ਤਾਂ ਸਿਰਫ਼ ਨਜ਼ਰੀਏ ਦੀ।

"ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ" ਇਹ ਕਥਨ ਸਾਡੇ ਦੇਸ਼ ਦੇ ਸੰਦਰਭ ਵਿਚ ਲਗਭਗ ਪੰਝੀ ਤੀਹ ਸਾਲ ਪੁਰਾਣਾ ਹੋ ਚੁੱਕਿਆ ਹੈ, ਇਕ ਸਮੇਂ ਸਕੂਲ ਦੇ ਪ੍ਰਸ਼ਨ ਪੱਤਰਾਂ ਵਿਚ ਲੇਖ ਦੇ ਵਾਸਤੇ ਇਹ ਇਕ ਤਹਿਸ਼ੁਦਾ ਵਿਸ਼ਾ ਹੁੰਦਾ ਸੀ। ਅਸੀਂ ਸਭ ਨੇ ਇਸ ਬਾਰੇ ਖੂਬ ਜੰਮਕੇ ਲਿਖਿਆ ਸੀ। ਪਰੰਤੂ ਵਿੰਡਬਨਾ ਇਹ ਹੈ ਕਿ ਅਸੀਂ ਸਿਰਫ਼ ਲੇਖ ਲਿਖਦੇ ਰਹੇ, ਵਿ-ਵਹਾਰਕ ਤੌਰ ਤੇ ਇਸ ਗੱਲ ਨੂੰ ਨਹੀਂ ਸਮਝਿਆ, ਅੰਗੀਕਾਰ ਨਹੀਂ ਕੀਤਾ ਅਤੇ ਜੇ ਸਮਝਿਆ ਵੀ ਤਾਂ ਸਿਰਫ਼ ਤਕਨੋਲੋਜੀ ਦੇ ਰੂਪ ਵਿਚ। ਅਸੀਂ ਉਸਦੀ ਚਕਾਚੌਂਧ ਵਿਚ ਗੁਵਾਚ ਗਏ। ਰਹਿਣ ਸਹਿਣ ਤਾਂ ਬਦਲਿਆ ਪਰੰਤੂ ਆਚਾਰ ਵਿਹਾਰ ਅਧਿਕ ਪ੍ਰਭਾਵਤ ਨਹੀਂ ਹੋਏ। ਜਦੋਂ ਕਿ ਸਭ ਤੋਂ ਵੱਧ ਲੋੜ ਇਸ ਗੱਲ ਦੀ ਸੀ ਕਿ ਅਸੀਂ ਆਪਣੇ ਨਜ਼ਰੀਏ ਨੂੰ ਵਿਗਿਆਨਕ ਬਣਾਈਏ। ਹਾਲਾਂਕਿ ਇਹ ਆਖਿਆ ਜਾ ਸਕਦਾ ਹੈ ਕਿ ਮਨੁੱਖ ਸ਼ੁਰੂ ਤੋਂ ਹੀ ਪ੍ਰਗਤੀਸ਼ੀਲ ਰਿਹਾ ਹੈ। ਪਰੰਤੂ ਜਦੋਂ ਉਸਦੇ ਦ੍ਰਿਸ਼ਟੀਕੋਣ ਵਿਚ, ਆਚਾਰ-ਵਿਚਾਰ ਵਿਚ ਸਮੇਂ ਅਤੇ ਪਰਸਥਿਤੀ ਦੇ ਅਨੁਕੂਲ ਪਰਿਵਰਤਨ ਨਹੀਂ ਹੁੰਦਾ, ਤਾਂ ਉਹ ਰੂੜੀਵਾਦੀ ਬਣਨ ਲੱਗਦਾ ਹੈ।

ਪ੍ਰਸਿੱਧ ਵਿਗਿਆਨ ਲੇਖਕ ਗੁਣਾਕਰ ਮੂਲੇ ਨੇ ਆਪਣੀ ਕਿਤਾਬ 'ਪ੍ਰਾਚੀਨ ਭਾਰਤ ਦੇ ਮਹਾਨ ਵਿਗਿਆਨ' ਵਿਚ ਵਾਰ ਵਾਰ ਇਹ ਆਖਿਆ ਹੈ ਕਿ ਸਾਡਾ ਪ੍ਰਾਚੀਨ ਵਿਗਿਆਨ ਬਹੁਤ ਉੱਨਤ ਸੀ ਪਰੰਤੂ ਇਕ ਅਜਿਹਾ ਸਮਾਂ ਆਇਆ ਜਦੋਂ ਉਸ ਵਿਚ ਖੜੋਤ ਆ ਗਈ। ਉਸ ਵਿਚ ਨਵੇਂ ਵਿਚਾਰਾਂ ਦਾ ਸਮਾਵੇਸ਼ ਹੋਣਾ ਰੁਕ ਗਿਆ। ਅਤੇ ਏਥੋਂ ਹੀ ਇਕ ਤਰ੍ਹਾਂ ਦਾ ਰੂੜੀਵਾਦ ਜੰਮਿਆ। ਵਿਗਿਆਨਕ ਦ੍ਰਿਸ਼ਟੀਕੋਣ ਦੇ ਸੱਭ ਤੋਂ ਪਹਿਲੇ ਗਾਹਕ ਉਹ ਬੱਚੇ ਹੋਣੇ ਚਾਹੀਦੇ ਹਨ ਜਿਹੜੇ ਅਜੇ ਸਿੱਖਿਆ ਪ੍ਰਾਪਤ ਕਰ ਰਹੇ ਹਨ ਅਤੇ ਅੱਗੇ ਚੱਲਕੇ ਜਿਹਨਾਂ ਨੇ ਜੀਵਨ ਸੰਘਰਸ਼ ਵਿਚ ਕੁੱਦਣਾ ਹੈ। ਬੱਚਿਆਂ ਵਿਚ ਵਿਗਿਆਨਕ ਦ੍ਰਿਸ਼ਟੀਕੋਣ ਵਿਕਸਤ ਕਰਨ ਦਾ ਕੰਮ ਦੋ ਢੰਗਾਂ ਨਾਲ ਹੋ ਸਕਦਾ ਹੈ। ਇਕ ਸਕੂਲੀ ਔਪਚਾਰਿਕ ਸਿੱਖਿਆ ਦੇ ਰਾਹੀਂ ਅਤੇ ਦੂਜਾ ਗੈਰ ਔਪਚਾਰਿਕ ਸਿੱਖਿਆ ਦੇ ਰਾਹੀਂ।

ਜਦੋਂ ਅਸੀਂ ਜ਼ਿੰਦਗੀ ਵਿਚ ਸਿੱਖਿਆ ਦੀ ਉਪਯੋਗਤਾ ਦੀ ਗੱਲ ਕਰਦੇ ਹਾਂ ਤੇ ਵੇਖਦੇ ਹਾਂ ਕਿ ਸਾਡੀ ਸਕੂਲੀ ਸਿੱਖਿਆ ਵਿਚ ਭਾਸ਼ਾ (ਉਹ ਵੀ ਕੱਚ ਘਰੜ) ਅਤੇ ਕੁਝ ਹੱਦ ਤੱਕ ਸਾਧਾਰਣ ਗਣਿਤ ਦੇ ਇਲਾਵਾ ਅਜਿਹਾ ਕੁਝ ਨਹੀਂ ਜੋ ਉਹਨਾਂ ਦੇ ਕਦੇ ਕੰਮ ਆਵੇ। ਏਕਲਵਯ ਜੋ ਇਕ ਸਵੈ ਸੇਵੀ ਸੰਸਥਾ ਹੈ, ਨੇ ਆਪਣੇ ਕੰਮ ਦੇ ਦੌਰਾਨ ਇਹ ਗੱਲ ਮਹਿਸੂਸ ਕੀਤੀ ਹੈ। ਸੰਸਥਾ ਰਾਹੀਂ ਸਰਕਾਰੀ ਸਕੂਲ ਵਿਚ ਚਲਾਏ ਜਾ ਰਹੇ ਹੋਸ਼ੰਗਾਬਾਦ ਵਿਗਿਆਨ ਪ੍ਰੋਗਰਾਮ, ਜਿਹੜੀ ਪੂਰੇ ਜਿਲ੍ਹੇ ਦੇ ਇਲਾਵਾ ਤੇਰਾਂ ਹੋਰ ਜਿਲ੍ਹਿਆਂ ਵਿਚ ਕੁਝ ਸਕੂਲਾਂ ਵਿਚ ਚੱਲ ਰਿਹਾ ਹੈ, ਵਿਚ ਵੀ ਇਸ ਗੱਲ ਉਤੇ ਜੋਰ ਦਿੱਤਾ ਗਿਆ ਹੈ ਕਿ ਅੱਠਵੀਂ ਜਮਾਤ ਤੱਕ ਆਉਂਦੇ ਆਉਂਦੇ ਵਿਦਿਆਰਥੀ ਵਿਚ ਘੱਟੋ ਘੱਟ ਇਕ ਅਜਿਹੀ ਵਿਗਿਆਨਕ ਸੋਚ ਵਿਕਸਤ ਹੋ ਜਾਵੇ, ਜਿਸਦਾ ਉਪਯੋਗ ਉਹ ਆਪਣੇ ਜੀਵਨ ਸੰਘਰਸ਼ ਵਿਚ ਸਮੱਸਿਆਵਾਂ ਨਾਲ ਜੂਝਣ ਵਿਚ ਕਰ ਸਕੇ। ਵਿਗਿਆਨ ਦੇ ਇਲਾਵਾ ਹੋਰ ਵਿਸ਼ਿਆਂ ਵਿਚ ਵੀ ਅਜਿਹੇ ਪ੍ਰਯੋਗ ਕੀਤੇ ਗਏ ਹਨ।

ਉਪਰੋਕਤ ਪ੍ਰੋਗਰਾਮ ਦੇ ਦੌਰਾਨ ਹੀ ਇਹ ਮਹਿਸੂਸ ਕੀਤਾ ਗਿਆ ਕਿ ਸਕੂਲੀ ਸਿਲੇਬਸ ਦੇ ਇਲਾਵਾ ਵੀ ਗੈਰ ਔਪਚਾਰਿਕ ਤੌਰ ਤੇ ਅਜਿਹੇ ਸਾਹਿਤ ਦੀ ਜ਼ਰੂ-ਰਤ ਹੈ ਜਿਸਦੇ ਰਾਹੀਂ ਬੱਚਿਆਂ ਵਿਚ ਵਿਗਿਆਨਕ ਮਾਨਸਿਕਤਾ ਦਾ ਵਿਕਾਸ ਹੋਵੇ। ਇਹ ਵੀ ਵੇਖਿਆ ਗਿਆ ਕਿ ਜਿਹੜਾ ਸਾਹਿਤ ਅਤੇ ਬਾਲ ਪੱਤਰਕਾਵਾਂ ਉਪਲਬਧ ਹਨ, ਉਹਨਾਂ ਦਾ ਧਿਆਨ ਇਸ ਪਾਸੇ ਨਹੀਂ ਹੈ ਜਾਂ ਉਹਨਾਂ ਦੀ ਰੁਚੀ ਵੀ ਇਸ ਵਿਚ ਨਹੀਂ ਹੈ। ਅਜਿਹੀਆਂ ਪਰਸਥਿਤੀਆਂ ਦੇ ਹੁੰਦਿਆਂ ਹੀ ਚਕਮਕ ਦਾ ਜਨਮ ਹੋਇਆ। ਵਾਸਤਵ ਵਿਚ ਚਕਮਕ ਕੋਰੀ ਵਿਗਿਆਨ ਪੱਤਰਿਕਾ ਨਹੀਂ ਹੈ। ਬਲਕਿ ਵਿਗਿਆਨਕ ਦ੍ਰਿਸ਼ਟੀਕੋਣ ਵਾਲੀ ਇਕ ਸੰਪੂਰਣ ਬਾਲ ਪੱਤਰਿਕਾ ਹੈ। ਚਕਮਕ ਆਪਣੀ ਤਰਫੋਂ ਬੱਚਿਆਂ ਵਿਚ ਵਿਗਿਆਨਕ ਦ੍ਰਿਸ਼ਟੀਕੋਣ ਵਿਕਸਤ ਕਰਨ ਦੀ ਭਰਪੂਰ ਕੋਸ਼ਿਸ਼ ਕਰ ਰਹੀ ਹੈ। ਇਹ ਇਕ ਸਵੈ ਸੇਵੀ ਸੰਸਥਾ ਵਲੋਂ ਪ੍ਰਕਾਸ਼ਿਤ ਕੀਤੀ ਜਾ ਰਹੀ ਮਾਸਿਕ ਪੱਤਰਿਕਾ ਹੈ, ਉਸਦੀ ਇਕ ਸੀਮਾ ਹੈ।

ਲੇਕਿਨ ਅਖਬਾਰਾਂ ਦੇ ਸਾਹਮਣੇ ਅਜਿਹੀ ਕੋਈ ਸੀਮਾ ਨਹੀਂ ਹੈ। ਕੁਝ ਨਹੀਂ ਤਾਂ ਘੱਟ ਤੋਂ ਘੱਟ ਮਹੀਨੇ ਵਿਚ ਚਾਰ ਦਿਨ ਉਹਨਾਂ ਦੇ ਕੋਲੇ ਬੱਚਿਆਂ ਨਾਲ ਸੰਵਾਦ ਕਰਨ ਦਾ ਇਕ ਅਵਸਰ ਹੁੰਦਾ ਹੈ। ਲੋੜ ਇਸ ਗੱਲ ਦੀ ਹੈ ਕਿ ਇਸ ਮੌਕੇ ਨੂੰ ਸੰਭਾਲਿਆ ਜਾਵੇ। ਲਗਭਗ ਅਖਬਾਰ ਹਫ਼ਤੇ ਵਿਚ ਇਕ ਦਿਨ ਬੱਚਿਆਂ ਦੇ ਵਾਸਤੇ ਇਕ ਪੰਨਾ ਪ੍ਰਕਾਸ਼ਿਤ ਕਰਦਾ ਹੈ। ਇਸ ਪੰਨੇ ਦੇ ਮਾਧਿਅਮ ਰਾਹੀਂ ਅਖ਼ਬਾਰ ਬੱਚਿਆਂ ਵਿਚ ਵਿਗਿਆਨਕ ਮਾਨਸਿਕਤਾ ਵਿਕਸਤ ਕਰਨ ਵਿਚ ਕਾਰਗਰ ਭੂਮਿਕਾ ਨਿਭਾ ਸਕਦੇ ਹਨ। ਵਿਗਿਆਨ ਪੱਤਰਕਾਰੀ ਦੇ ਸਬੰਧ ਵਿਚ ਬੱਚਿਆਂ ਅੰਦਰ, ਵਿਗਿਆਨਕ ਦ੍ਰਿਸ਼ਟੀਕੋਣ ਵਿਕਸਤ ਕਰਨਾ ਪਹਿਲੀ ਜ਼ਰੂਰਤ ਹੈ।

ਭੂਤ-ਪ੍ਰੇਤ, ਰਾਜਾ-ਰਾਣੀ, ਰਾਜ ਕੁਮਾਰ ਰਾਖਸ਼ ਆਦਿ ਨਾਲ ਭਰਪੂਰ ਕਥਾਵਾਂ ਅਤੇ ਝੂਠ ਮਤ ਬੋਲੋ, ਚੋਰੀ ਮਤ ਕਰੋ ਆਦਿ ਉਪਦੇਸ਼ਕ ਰਚਨਾਵਾਂ ਨਾਲ ਬੱਚਿਆਂ ਦਾ ਕੋਈ ਭਲਾ ਨਹੀਂ ਹੋਣ ਵਾਲਾ। ਉਹ ਦਰਅਸਲ ਉਹਨਾਂ ਘਟਨਾਵਾਂ ਤੋਂ ਸਿੱਖਦੇ ਹਨ ਜਿਹੜੀਆਂ ਉਹਨਾਂ ਦੇ ਆਸ-ਪਾਸ ਨੇੜੇ ਤੇੜੇ ਵਾਪਰਦੀਆਂ ਹਨ। ਜੇਕਰ ਉਹਨਾਂ ਦੇ ਕੋਲੇ ਕੋਈ ਤਰਕਸੰਗਤ ਵਿਗਿਆਨਕ ਨਜ਼ਰੀਆ ਹੋਵੇ ਤਾਂ ਖੁਦ ਉਹ ਵਿਸ਼ਲੇਸ਼ਣ ਕਰ ਸਕਦੇ ਹਨ ਕਿ ਕੀ ਉਚਿਤ ਹੈ ਅਤੇ ਕੀ ਅਣਉਚਿਤ ਹੈ। ਬੱਚੇ ਜਗਿਆਸੂ ਹੁੰਦੇ ਹਨ। ਜੇ ਉਹਨਾਂ ਦੀ ਜਗਿਆਸਾ ਸ਼ਾਂਤ ਕਰਦੇ ਰਹੀਏ, ਤਾਂ ਉਹ ਹੋਰ ਜਗਿਆਸੂ ਬਣਦੇ ਜਾਣਗੇ। ਜੇ ਦਬਾ ਦੇਈਏ ਤਾਂ ਨਿਸ਼ਚੇ ਹੀ ਰੂੜੀਵਾਦੀ ਬਣ ਜਾਣਗੇ। ਤਾਂ ਜ਼ਰੂਰਤ ਹੈ ਉਹਨਾਂ ਦੀ ਜਗਿਆਸਾ ਉਭਾਰਨ ਅਤੇ ਵਿਆਪਕਤਾ ਪ੍ਰਦਾਨ ਕਰਨ ਦੀ।ਬੱਚਿਆਂ ਦੇ ਹਫ਼ਤਾਵਾਰੀ ਪੰਨੇ ਉਪਰ ਵਿਗਿਆਨ ਸਮਾਚਾਰਾਂ ਦਾ ਇਕ ਕਾਲਮ ਹੋਵੇ। ਇਸ ਵਿਚ ਬੱਚਿਆਂ ਨਾਲ ਸਬੰਧਿਤ ਅਤੇ ਬੱਚਿਆਂ ਦੀ ਰੁਚੀ ਦੇ ਵਿਗਿਆਨ ਸਮਾਚਾਰ ਹੋ ਸਕਦੇ ਹਨ। ਵਿਗਿਆਨ ਦੀਆਂ ਅਜਿਹੀਆਂ ਖ਼ਬਰਾਂ ਨੂੰ ਵੀ ਇਸ ਪੰਨੇ ਲਈ ਬਚਾ ਕੇ ਰੱਖਿਆ ਜਾ ਸਕਦਾ ਹੈ, ਜਿਹੜੀਆਂ ਵੱਡਿਆਂ ਦੇ ਇਲਾਵਾ $

# ਆਓ ਟੂਣੇ ਟਾਮਣਾਂ ਵਿਰੋਧੀ ਬਿਲ ਨੂੰ ਪਾਸ ਕਰਵਾਉਣ ਦਾ ਯਤਨ ਕਰੀਏ

ਤਰਕਸ਼ੀਲ ਸੁਸਾਇਟੀ ਭਾਰਤ ਪਿਛਲੇ 29 ਵਰ੍ਹਿਆਂ ਤੋਂ ਲੋਕਾਂ ਨੂੰ ਅੰਧ ਵਿਸ਼ਵਾਸ਼ ਵਿਚੋਂ ਕੱਢਕੇ ਵਿਗਿਆਨਕ ਸੋਚ ਦੇ ਧਾਰਨੀ ਬਣਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਇਹ ਅੰਧ ਵਿਸ਼ਵਾਸ਼ ਸਾਡੀ ਤਰੱਕੀ ਦੇ ਰਾਹ ਵਿੱਚ ਰੋੜਾ ਹਨ। ਇਸ ਲਈ ਜੇ ਅਸੀਂ ਆਪਣੇ ਦੇਸ਼ ਨੂੰ ਦੂਸਰੇ ਦੇਸ਼ਾਂ ਦੇ ਹਾਣ ਦੇ ਬਣਾਉਣਾ ਚਾਹੁੰਦੇ ਹਾਂ ਤਾਂ ਲਾਜਮੀ ਤੌਰ ਤੇ ਸਾਡੇ ਲੋਕਾਂ ਨੂੰ ਅੰਧ ਵਿਸ਼ਵਾਸ਼ਾਂ ਤੋਂ ਮੁਕਤ ਕਰਨਾ ਹੀ ਪਵੇਗਾ। ਅੰਧ ਸ਼ਰਧਾ ਨਿਰਮੂਲਣ ਸੰਮਤੀ ਮਹਾਰਾਸ਼ਟਰ ਦੇ ਯਤਨਾਂ ਨਾਲ ਮਹਾਰਾਸ਼ਟਰ ਸਰਕਾਰ ਨੇ ਅੰਧ ਵਿਸ਼ਵਾਸ਼ਾਂ ਵਿਰੋਧੀ ਕਾਨੂੰਨ ਨੂੰ ਅਸੈਂਬਲੀ ਵਿੱਚ ਪਾਸ ਕਰ ਦਿੱਤਾ ਹੈ। ਜੇ ਦਿਲੋਂ ਚਾਹੁਣ ਤਾਂ ਸਰਕਾਰਾਂ ਇਸ ਸਬੰਧੀ ਵੱਡਾ ਰੋਲ ਅਦਾ ਕਰ ਸਕਦੀਆਂ ਹਨ।

ਪੰਜਾਬ ਸਰਕਾਰ ਤੋਂ ਅਜਿਹਾ ਬਿਲ ਪਾਸ ਕਰਵਾਉਣ ਲਈ ਮਹਾਰਾਸ਼ਟਰ ਦੀ ਤਰਜ ਤੇ ਪੰਜਾਬ ਦੀਆਂ ਹਾਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਇਸ ਬਿਲ ਦਾ ਇੱਕ ਮਸੌਦਾ ਤਿਆਰ ਕੀਤਾ ਹੈ। ਬਿਲ ਦਾ ਡ੍ਰਾਫਟ ਅਸੀਂ ਦੇ ਰਹੇ ਹਾਂ, ਅਸੀਂ ਇਹ ਮੰਗ ਕਰਦੇ ਹਾਂ ਡ੍ਰਾਫਟ ਬਿਲ ਵਿਚਲੀਆਂ ਗੱਲਾਂ ਅਨਸਾਰ ਅੰਧਵਿਸ਼ਵਾਸ ਫਲਾਉਣ ਵਾਲੇ ਵਿਅਕਤੀਆਂ ਤੇ ਪਾਬੰਦੀ ਲੱਗੇ ਅਤੇ ਅਜਿਹੇ ਵਿਅਕਤੀਆਂ ਖਿਲਾਫ਼ ਬਣਦੀ ਸਜ਼ਾ ਕਾਨੂੰਨ ਬਣਾਕੇ ਨਿਰਧਾਰਤ ਕੀਤੀ ਜਾਵੇ। ਅਸੀਂ ਇਹ ਮਸੌਦਾ ਪੰਜਾਬ ਵਿਧਾਨ ਸਭਾ ਦੇ ਪ੍ਰਤੀਨਿਧਾਂ ਨੂੰ ਭੇਜ ਰਹੇ ਹਾਂ ਅਤੇ ਉਹਨਾਂ ਨੂੰ ਬੇਨਤੀ ਕਰਦੇ ਹਾਂ ਕਿ ਇਸ ਮਸੌਦੇ ਨੂੰ ਪੰਜਾਬ ਵਿਧਾਨ ਸਭਾ ਵਿੱਚੋਂ ਪਾਸ ਕਰਵਾਉਣ ਲਈ ਤਰਕਸ਼ੀਲ ਸੁਸਾਇਟੀ ਭਾਰਤ ਦੀ ਮਦਦ ਕੀਤੀ ਜਾਵੇ, ਤਾਂ ਜੋ ਟੂਣੇ-ਟਾਮਣਾਂ ਵਿਰੋਧੀ ਇਹ ਮਸੌਦਾ ਬਿਲ ਦਾ ਰੂਪ ਅਖ਼ਤਿਆਰ ਕਰ ਸਕੇ ਤੇ ਆਮ ਲੋਕ ਅੰਧ-ਵਿਸਵਾਸ਼ਾਂ ਦੀ ਜਕੜ ਵਿੱਚੋਂ ਬਾਹਰ ਆ ਸਕਣ।

**ਡ੍ਰਾਫਟ ਬਿਲ**

1. ਭੂਤ ਭਜਾਉਣੇ ਜਾਂ ਕੱਢਣੇ।
2. ਚਮਤਕਾਰੀ ਸ਼ਕਤੀਆਂ ਦੇ ਡਰਾਵੇ ਨਾਲ ਟੂਣੇ ਟਾਮਣ ਕਰਨਾ।
3. ਭੂਤਾਂ ਨੂੰ ਕੱਢਣ ਲਈ ਸੁਆਹ ਦੀਆਂ ਪੁੜੀਆਂ, ਤਾਵੀਜ਼ ਦੇਣਾ, ਮੇਖਾਂ ਗਡਵਾਉਣਾ।
4. ਚਮਤਕਾਰੀ ਸ਼ਕਤੀਆਂ ਹੋਣ ਦਾ ਦਾਅਵਾ ਕਰਨਾ ਤੇ ਇਸ ਸਬੰਧੀ ਇਸ਼ਤਿਹਾਰ ਬਾਜੀ ਕਰਨਾ।
5. ਪਿਛਲੇ ਸਮੇਂ ਵਿੱਚ ਹੋਏ ਦੇਵੀ ਦੇਵਤਿਆਂ, ਸਾਧੂ ਸੰਤਾਂ ਦੇ ਅਵਤਾਰ ਹੋਣ ਦਾ ਦਾਅਵਾ ਕਰਕੇ ਉਹਨਾਂ ਨੂੰ ਬਦਨਾਮ ਕਰਨਾ ਤੇ ਲੋਕਾਂ ਨੂੰ ਇਸ ਬਹਾਨੇ ਠੱਗਣਾ।
6. ਬੁਰੀਆਂ ਜਾਂ ਚੰਗੀਆਂ ਰੂਹਾਂ ਵਾਲੀਆਂ ਚਮਤਕਾਰੀ ਸ਼ਕਤੀਆਂ ਹੋਣ ਦਾ ਦਾਅਵਾ ਕਰਨਾ।
7. ਭੂਤ ਕੱਢਣ ਦੇ ਬਹਾਨੇ ਮਾਨਸਿਕ ਰੋਗੀਆਂ ਨੂੰ ਤਸੀਹੇ ਤੇ ਸਜਾਵਾਂ ਦੇਣੀਆਂ।
8. ਕਾਲੇ ਇਲਮ ਦੇ ਪ੍ਰਚਾਰ ਨਾਲ ਆਮ ਲੋਕਾਂ ਵਿੱਚ ਡਰ ਪੈਦਾ ਕਰਨਾ।
9. ਮੁੰਡਾ ਪੈਦਾ ਕਰਨ ਲਈ ਸ਼ਰਤੀਆ ਦਵਾਈ ਦੇਣਾ, ਧਾਗੇ ਤਾਵੀਜ, ਸੇਬ, ਪਤਾਸੇ ਤੇ ਸੁਆਹ ਦੀਆਂ ਪੁੜੀਆਂ ਆਦਿ ਦੇਣਾ।
10. ਡਾਕਟਰੀ ਇਲਾਜ ਦਾ ਵਿਰੋਧ ਕਰਨਾ, ਲਾਈਲੱਗਾਂ ਨੂੰ ਸਾਧਾਂ ਸੰਤਾਂ ਕੋਲ ਭੇਜਣ ਲਈ ਉਤਸ਼ਾਹਤ ਕਰਨਾ।
11. ਮੁੰਗੇ, ਤਾਵੀਜ਼, ਰਾਖ, ਗੈਬੀ ਸ਼ਕਤੀ ਚੱਕਰ ਆਦਿ ਵੇਚਣਾ।
12. ਗੈਬੀ ਸ਼ਕਤੀਆਂ ਦੇ ਪ੍ਰਵੇਸ਼ ਕਰਨ ਦਾ ਦਾਅਵਾ ਕਰਕੇ ਲੋਕਾਂ ਨੂੰ ਇਸ ਹਾਲਤ ਵਿੱਚ ਦੱਸ ਪੁੱਛ ਕਰਨਾ।
13. ਦੇਵਤਿਆਂ ਤੇ ਪੀਰਾਂ ਨੂੰ ਖੁਸ਼ ਕਰਨ ਦੇ ਬਹਾਨੇ ਬੇਚਾਰੇ ਜਾਨਵਰਾਂ ਦੀ ਬਲੀ ਦੇਣਾ।
14. ਸੱਪ ਦੇ ਕੱਟੇ ਤੇ ਹਲਕੇ ਕੁੱਤੇ ਦਾ ਇਲਾਜ, ਟੂਣੇ ਟਾਮਣ ਤੇ ਮੰਤਰਾਂ ਦੇ ਉਚਾਰਣ ਨਾਲ ਕਰਨਾ।
15. ਸ਼ਰਤੀਆਂ ਬਾਂਝਪਣ ਨੂੰ ਦੂਰ ਕਰਨ ਲਈ ਤਾਵੀਜ ਤੇ ਰਾਖ ਆਦਿ ਦੇਣੇ।
16. ਇਸਤਰੀ ਪੁਰਸ਼ਾਂ ਦੇ ਮੁਠੀਕਰਨ ਤੇ ਵਸ਼ੀਕਰਨ ਦਾ ਦਾਅਵਾ ਕਰਨਾ।
17. ਮੁਠੀਕਰ, ਵਸ਼ੀਕਰਨ ਦੀ ਕਾਟ ਦਾ ਦਾਅਵਾ ਕਰਨਾ।
18. ਕਾਲੇ ਇਲਮ ਰਾਹੀਂ ਕਿਸੇ ਨੂੰ ਮੌਤ ਦੇ ਘਾਟ ਉਤਾਰਨ ਦਾ, ਸੌਂਕਣ ਤੇ ਦੁਸ਼ਮਣਾਂ ਨੂੰ ਤੜਫਾਉਣ ਦਾ, ਦੱਬਿਆ ਧਨ ਕਢਵਾਉਣ, ਪੱਥਰ ਦਿਲ ਮਹਿਬੂਬਾ ਨੂੰ ਪਿਘਲਾਉਣ ਦਾ ਅਤੇ ਮਨਚਾਹੀ ਸੰਤਾਨ ਪ੍ਰਾਪਤੀ ਦਾ ਦਾਅਵਾ ਕਰਨਾ।
19. ਆਪਣੇ ਸਰੀਰਾਂ ਨੂੰ ਦੁੱਖ ਪੁਚਾਉਣ ਵਾਲੀਆਂ, ਧੂੰਈਆਂ ਤਾਪਣਾ, ਸਰਦੀ ਦੇ ਮੌਸਮ ਵਿੱਚ 101 ਘੜੇ ਪਾਣੀ ਦੇ ਪਵਾਉਣੇ, ਇੱਕ ਟੰਗ ਤੇ ਸਾਲਾਂ ਬੱਧੀ ਖੜ੍ਹਾ ਹੋਣਾ।
20. ਬਲਦਾਂ, ਤੋਤਿਆਂ ਤੇ ਹੋਰ ਜਾਨਵਰਾਂ ਰਾਹੀਂ ਦੱਸ ਪੁੱਛ ਕਰਨ ਦਾ ਧੰਦਾ ਕਰਨਾ।

**ਵੱਲੋਂ: ਸੂਬਾ ਕਮੇਟੀ, ਤਰਕਸ਼ੀਲ ਸੁਸਾਇਟੀ ਭਾਰਤ (ਰਜਿ.)**
**ਸੰਪਰਕ ਪਤਾ: ਤਰਕਸ਼ੀਲ ਨਿਵਾਸ, ਗਲੀ ਨੰ: 8,**
**ਕੱਚਾ ਕਾਲਜ ਰੋਡ, ਬਰਨਾਲਾ, ਪੰਜਾਬ,**
**ਮਿਤੀ - 06-09-2013** **ਮੋਬਾ: 98887-87440**

ਬੱਚਿਆਂ ਦੀ ਦਿਲਚਸਪੀ ਦੀਆਂ ਵੀ ਹੋਣ।

ਅਜਿਹੇ ਕਾਲਮ ਵੀ ਹੋ ਸਕਦੇ ਹਨ, ਜਿਹਨਾਂ ਵਿਚ ਉਹਨਾਂ ਦੀ ਜਗਿਆਸਾ ਦੇ ਸਵਾਲ-ਜਵਾਬ ਹੋਣ। ਉਹਨਾਂ ਦੇ ਮੁਹੱਲੇ ਜਾਂ ਸਕੂਲ ਦੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਸਮਾਧਾਨ ਵਾਸਤੇ ਸੁਝਾਅ ਵੀ ਹੋਣ। ਸਮੱਸਿਆਵਾਂ ਵੀ ਬੱਚੇ ਲੱਭਣ ਅਤੇ ਸਮਾਧਾਨ ਦੇ ਸੁਝਾਅ ਵੀ ਦੇਣ। ਉਹਨਾਂ ਦੀ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਮਾਨਤਾਵਾਂ ਨੂੰ ਵਿਸ਼ਲੇਸ਼ਤ ਕਰਨ ਦੇ ਵਾਸਤੇ “ਕਿਉਂ... ਕਿਉਂ ?” (ਚਕਮਕ ਦਾ ਇਕ ਕਾਲਮ) ਵਰਗੇ ਕਾਲਮ ਹੋ ਸਕਦੇ ਹਨ। ਜਗਿਆਸੂ ਸਵਾਲਾਂ ਦੇ ਵਾਸਤੇ ‘ਸਵਾਲੀ ਰਾਮ’ (ਚਕਮਕ ਕਾਲਮ) ਵਰਗੇ ਕਾਲਮ ਹੋ ਸਕਦੇ ਹਨ।

ਅਸਲ ਵਿਚ ਪਹਿਲ ਕਰਨ ਦੀ ਦੇਰ ਹੈ, ਫੇਰ ਤਾਂ ਰਸਤਾ ਖੁੱਲਦਾ ਚਲਿਆ ਜਾਵੇਗਾ।

**ਬੱਚਿਆਂ ਦੇ ਵਾਸਤੇ ਵਿਗਿਆਨ ਲੇਖਨ**

ਬੱਚਿਆਂ ਦੇ ਵਾਸਤੇ ਲਿਖਣਾ, ਚਾਹੇ ਉਹ ਖ਼ਬਰ ਹੀ ਕਿਉਂ ਨਾ ਹੋਵੇ, ਬਹੁਤ ਔਖਾ ਕੰਮ ਹੈ। ਪਰੰਤੂ ਕੁਝ ਗੱਲਾਂ ਦਾ ਧਿਆਨ ਰੱਖੀਏ ਤਾਂ ਸਫਲਤਾ ਮਿਲ ਸਕਦੀ ਹੈ।

1. ਬੱਚਿਆਂ ਨੂੰ ਦੋਸਤ ਦਾ ਦਰਜਾ ਦੇਵੋ ਅਤੇ ਦੋਸਤ ਦੀ ਤਰ੍ਹਾਂ ਹੀ ਸੰਬੋਧਨ ਕਰੋ। ਆਪਣੀ ਸਿਆਣਪ ਪਾਸੇ ਰੱਖ ਦੇਵੋ।
2. ਬੱਚਿਆਂ ਦੇ ਮਾਹੌਲ ਦਾ ਧਿਆਨ ਰੱਖੋ। ਜਦੋਂ ਪਾਠਕ ਕਈ ਵਰਗਾਂ ਵਿਚੋਂ ਹੋਣ ਤਾਂ ਇਕ ਔਸਤ ਵਰਗ ਦਾ ਧਿਆਨ ਰੱਖੋ।
3. ਬੱਚਿਆਂ ਦੇ ਪੂਰਵ ਗਿਆਨ ਦਾ ਧਿਆਨ ਰੱਖਿਆ ਜਾਣਾ ਵੀ ਉਨ੍ਹਾਂ ਹੀ ਜ਼ਰੂਰੀ ਹੈ। ਬੱਚਿਆਂ ਨੂੰ ਅਗਿਆਨੀ ਨਾ ਸਮਝੋ।
4. ਘੱਟ ਤੋਂ ਘੱਟ ਪਰਿਭਾਸ਼ਕ ਸ਼ਬਦਾਂ ਦੀ ਵਰਤੋਂ ਕਰੋ ਅਤੇ ਸਰਲ ਸੌਖੀ ਭਾਸ਼ਾ ਦੀ ਵਰਤੋਂ ਕਰੋ।
5. ਉਹਨਾਂ ਵਿਚ ਨਕਲ ਦੀ ਪ੍ਰਵਿਰਤੀ ਨੂੰ ਹੌਂਸਲਾ ਨਾ ਦੇਵੋ, ਹਰ ਵਾਰ ਕੁੱਝ ਨਵਾਂ ਕਰਨ ਲਈ ਪ੍ਰੇਰਿਤ ਕਰੋ।
6. ਵਿਗਿਆਨ ਅੰਤਿਮ ਸੱਚ ਨਹੀਂ ਹੈ, ਪਰੰਤੂ ਉਹ ਸੱਚ ਦੀ ਨਿਰੰਤਰ ਖੋਜ ਹੈ। ਵਿਗਿਆਨ ਨੂੰ ਅੰਧਵਿਸ਼ਵਾਸ਼ ਨਾ ਬਣਾਵੋ।

ਅਜਿਹੀਆਂ ਹੋਰ ਤਮਾਮ ਵਿਵਹਾਰਕ ਗੱਲਾਂ ਹਨ ਜੋ ਕੰਮ ਕਰਦਿਆਂ ਹੀ ਸਮਝ ਆਉਣਗੀਆਂ। ਬਸ਼ਰਤੇ ਤੁਸੀਂ ਵੀ ਆਪਣਾ ਸਫ਼ਰ ਵਿਗਿਆਨਕ ਦ੍ਰਿਸ਼ਟੀਕੋਣ ਦੇ ਨਾਲ ਸ਼ੁਰੂ ਕਰੋ।

## ਬਾਲ ਮਨੋਵਿਗਿਆਨ

# ਭੌਤਿਕ ਸੁੱਖਾਂ ਦੀ ਭੁੱਖ ਵਿਚ ਬੇਚੈਨ ਹੈ ਬਚਪਨ

– ਸੁਖਮੰਦਰ ਸਿੰਘ ਤੂਰ

ਹਰ ਮਾਂ-ਪਿਓ ਆਪਣੇ ਬੱਚਿਆਂ ਦੀ ਹਰ ਲੋੜ ਨੂੰ ਪੂਰਾ ਕਰਨਾ ਆਪਣਾ ਫਰਜ਼ ਸਮਝਦਾ ਹੈ ਅਤੇ ਜਿੰਨੀ ਉਸ ਦੀ ਗੁੰਜਾਇਸ਼ ਹੁੰਦੀ ਹੈ, ਉਹ ਕਰਦਾ ਵੀ ਹੈ, ਪਰ ਕੁੱਝ ਸਮੇਂ ਤੋਂ ਮਾਂ-ਬਾਪ ਇਹ ਵੀ ਮਹਿਸੂਸ ਕਰ ਰਿਹਾ ਹੈ ਕਿ ਬੱਚੇ ਪਰਿਵਾਰ ਤੋਂ ਵੱਖ ਜਿਹੇ ਹੁੰਦੇ ਜਾ ਰਹੇ ਹਨ। ਘਰੇਲੂ ਗੱਲਾਂ-ਬਾਤਾਂ ਅਤੇ ਪੁਰਾਣੇ ਸੰਸਕਾਰਾਂ ਨਾਲ ਉਨ੍ਹਾਂ ਦਾ ਕੋਈ ਲੈਣ-ਦੇਣ ਨਹੀਂ ਰਹਿ ਗਿਆ। ਇਸ ਦੀ ਜਗ੍ਹਾ 'ਤੇ ਉਹ ਮੌਕਾ ਮਿਲਦੇ ਹੀ ਟੈਲੀਵਿਜ਼ਨ, ਕੰਪਿਊਟਰ ਇੰਟਰਨੈੱਟ, ਮੋਬਾਈਲ ਫੋਨ, ਵੀਡੀਓ ਗੇਮਜ਼ ਆਦਿ ਵਿੱਚ ਰੁੱਝ ਜਾਂਦੇ ਹਨ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮੀਡੀਆ, ਕੰਪਿਊਟਰ ਅਤੇ ਇੰਟਰਨੈੱਟ ਦੇ ਜ਼ਰੀਏ ਬੱਚੇ ਬਹੁਤ ਕੁੱਝ ਸਿੱਖ ਰਹੇ ਹਨ। ਇਸ ਵਿੱਚ ਕੋਈ ਬੁਰਾਈ ਵੀ ਨਹੀਂ ਹੈ, ਪਰ ਇਨ੍ਹਾਂ ਮਾਧਿਅਮਾਂ ਨਾਲ ਅਣਜਾਣੇ ਵਿੱਚ ਹੀ ਇੱਕ ਵੱਖਰੀ ਜੀਵਨ-ਸ਼ੈਲੀ ਦਾ ਪ੍ਰਕੋਪ ਹੋ ਰਿਹਾ ਹੈ ਅਤੇ ਬੱਚਿਆਂ ਵਿੱਚ ਮਾਨਸਿਕ ਬਦਲਾਅ ਆ ਰਹੇ ਹਨ। ਚਿੰਤਾ ਦੀ ਗੱਲ ਤਾਂ ਇਹ ਹੈ ਕਿ ਮਾਂ-ਪਿਓ ਸਭ ਕੁੱਝ ਸਮਝਦੇ ਹੋਏ ਵੀ ਇਸ ਤਰ੍ਹਾਂ ਹੋਣ ਤੋਂ ਬੱਚਿਆਂ ਨੂੰ ਰੋਕ ਨਹੀਂ ਪਾ ਰਹੇ।

ਮੀਡੀਆ ਤੇ ਮਨੋਰੰਜਨ ਦੇ ਨਵੇਂ ਸਾਧਨਾਂ ਤੋਂ ਸਿੱਖਣਾ ਅੱਜ ਦੀ ਲੋੜ ਹੈ। ਪਰ ਬਾਕੀ ਸਮਾਂ ਵੀ ਇੱਥੇ ਗੁਜ਼ਾਰਨ ਨਾਲ ਗਲਤ ਆਦਤਾਂ ਪਾ ਲੈਣਾ ਬੱਚਿਆਂ ਦੀ ਨਿਰਾਸ਼ਾ ਤੇ ਇਕੱਲੇਪਾਣ ਦਾ ਨਤੀਜਾ ਹੈ। ਹਾਲਾਂਕਿ ਇਹ ਸਹੀ ਹੈ ਕਿ ਬੱਚਿਆਂ ਦੀ ਹਰ ਹਸਰਤ ਪੂਰੀ ਕਰਨ ਤੇ ਬਿਹਤਰ ਸੰਸਕਾਰ ਦੇਣ ਦੀ ਕੋਸ਼ਿਸ਼ ਮਾਂ-ਬਾਪ ਕਰਦੇ ਹਨ, ਪਰ ਕੁੱਝ ਸਮਾਂ ਕੱਢ ਕੇ ਉਨ੍ਹਾਂ ਦੇ ਮਨ ਦੇ ਭਾਵਾਂ ਨੂੰ ਸਮਝਣ ਦੀ ਲੋੜ ਵੀ ਹੈ। ਪੜ੍ਹਾਈ-ਲਿਖਾਈ ਦੇ ਨਾਲ-ਨਾਲ ਬੱਚੇ ਦੀਆਂ ਕੁੱਝ ਜਾਣਨ/ਸਮਝਣ ਦੀਆਂ ਇੱਛਾਵਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਮਾਂ-ਪਿਓ ਹੀ ਦੱਸ ਕੇ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਕਰ ਸਕਦੇ ਹਨ, ਇਸ ਤਰ੍ਹਾਂ ਨਾ ਹੋਣ ਕਾਰਨ ਬੱਚੇ ਮਾਨਸਿਕ ਤੌਰ 'ਤੇ ਡਾਵਾਂਡੋਲ ਹੋ ਜਾਂਦੇ ਹਨ ਤੇ ਕਦੀ-ਕਦੀ ਮਾੜੀ ਸੰਗਤ ਵਿੱਚ ਵੀ ਪੈ ਜਾਂਦੇ ਹਨ। ਸਮਾਜ ਵਿੱਚ ਅੱਜ ਜਿਹੜੇ ਬੱਚਿਆਂ ਵੱਲੋਂ ਕੀਤੇ ਜਾ ਰਹੇ ਜੁਰਮ ਵੱਧ ਰਹੇ ਹਨ ਤੇ ਬਾਲ-ਵੇਸਵਾ-ਵਿਰਤੀ ਦੇ ਮਾਮਲੇ ਸਾਹਮਣੇ ਆ ਰਹੇ ਹਨ ਅਤੇ ਪਰਿਵਾਰਕ ਸੰਸਕਾਰ ਪਿੱਛੇ ਛੁੱਟਦੇ ਜਾ ਰਹੇ ਹਨ, ਇਨ੍ਹਾਂ ਦੀ ਪਿੱਠ ਭੂਮੀ ਇੱਥੋਂ ਹੀ ਤਿਆਰ ਹੁੰਦੀ ਹੈ।

ਬਦਲਾਅ ਦੇ ਇਸ ਯੁੱਗ ਵਿੱਚ ਨਵੀਆਂ ਚੁਣੌਤੀਆਂ ਵੀ ਸਾਹਮਣੇ ਆਈਆਂ ਹਨ, ਪਰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਥਾਂ ਸਮੱਸਿਆ ਮੰਨ ਬੈਠਣਾ ਹੀ ਸਾਡੇ ਸਮਾਜ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਮਾਂ-ਬਾਪ ਆਪਣੇ ਰੁਝੇਵੇਂ ਕਾਰਨ ਜਦੋਂ ਪੂਰਾ ਸਮਾਂ ਆਪਣੇ ਬੱਚਿਆਂ ਨੂੰ ਨਹੀਂ ਦੇ ਪਾਉਂਦੇ ਤਾਂ ਆਪਣੀ ਜਗਿਆਸਾ ਅਤੇ ਮਨ ਦੇ ਭਾਵਾਂ ਨੂੰ ਸ਼ਾਂਤ ਕਰਨ ਲਈ ਉਹ ਕੋਈ ਨਾ ਕੋਈ ਰਾਹ ਅਪਣਾਉਂਦੇ ਹਨ। ਇਸ ਤਰ੍ਹਾਂ ਕੁਦਰਤੀ ਤੌਰ 'ਤੇ ਬੱਚਿਆਂ ਦੇ ਕਦਮ ਲੜਖੜਾ ਸਕਦੇ ਹਨ। ਬਾਲ-ਮਨੋਵਿਗਿਆਨੀਆਂ ਦਾ ਕਹਿਣਾ ਹੈ ਕਿ ਜਿਹੜੇ ਮਾਂ-ਪਿਓ ਆਪਣੀ ਸੰਤਾਨ ਨੂੰ ਬਚਪਨ ਵਿੱਚ ਪੂਰਾ ਸਮਾਂ ਨਹੀਂ ਦੇ ਪਾਉਂਦੇ, ਉਨ੍ਹਾਂ ਨੂੰ ਨੌਕਰਾਂ ਆਦਿ, ਭਰੋਸੇ ਪਾਲਦੇ ਹਨ, ਉਹ ਬੱਚੇ ਅੱਗੇ ਚੱਲ ਕੇ ਕਈ ਮਾਨਸਿਕ ਵਿਕਾਰਾਂ ਦਾ ਸ਼ਿਕਾਰ ਹੋ ਜਾਂਦੇ ਹਨ।



ਬੱਚਿਆਂ 'ਤੇ ਘਰ ਤੋਂ ਵੱਧ ਅਸਰ ਬਾਹਰ ਦਾ ਹੁੰਦਾ ਹੈ ਤੇ ਇੱਥੋਂ ਹੀ ਸ਼ੁਰੂ ਹੁੰਦੀਆਂ ਹਨ ਮਾਂ-ਪਿਓ ਲਈ ਸਮੱਸਿਆਵਾਂ। ਜਿਨ੍ਹਾਂ ਮਾਪਿਆਂ ਕੋਲ ਸਮੇਂ ਆਦਿ ਦੀ ਘਾਟ ਹੈ, ਉਨ੍ਹਾਂ ਲਈ ਤਾਂ ਬੱਚੇ ਇੱਕ ਵੱਡੀ ਦਿੱਕਤ ਹੀ ਬਣ ਜਾਂਦੇ ਹਨ ਤੇ ਉਨ੍ਹਾਂ ਦੇ ਪਰਿਵਾਰ ਤੇ ਰਿਸ਼ਤਿਆਂ ਆਦਿ ਦੀਆਂ ਜਿਵੇਂ ਚੂਲਾਂ ਹੀ ਹਿੱਲ ਜਾਂਦੀਆਂ ਹਨ। ਉਹ ਝੂਠੀ ਸ਼ਾਨ ਤੇ ਮਾਣ ਦੇ ਸਾਜ਼ੋ-ਸਮਾਨ ਨੂੰ ਇਕੱਠਾ ਕਰਨ ਦੇ ਨਾਲ ਆਧੁਨਿਕ ਦਿਸਣ ਤੇ ਆਪਣੇ-ਆਪ ਨੂੰ ਕਰੋੜਪਤੀ ਦਿਖਾਉਣ ਅਤੇ ਬਗੈਰ ਲੋੜ ਦੇ ਖਰੀਦਦਾਰੀ ਕਰਕੇ ਸਾਰਿਆਂ ਦੀਆਂ ਨਜ਼ਰਾਂ ਵਿੱਚ ਚੜ੍ਹਨ ਦੀ ਕੋਸ਼ਿਸ਼ ਵਿੱਚ ਰਹਿੰਦੇ ਹਨ, ਨਾ ਸਿਰਫ਼ ਇਨ੍ਹਾਂ ਦੇ ਸੁਪਨੇ ਮੀਡੀਆ ਤੈਅ ਕਰਦਾ ਹੈ, ਬਲਕਿ ਜੀਵਨ ਸ਼ੈਲੀ ਦੀ ਉਹੀ ਰਫ਼ਤਾਰ ਜਿਸ ਨੂੰ ਮੀਡੀਆ ਪ੍ਰਚਾਰਤ ਕਰਦਾ ਹੈ; ਇਨ੍ਹਾਂ ਨੂੰ ਦੀਵਾਨਾ ਬਣਾਈ ਰੱਖਦਾ ਹੈ, ਕਿਉਂਕਿ ਸਮਾਜ ਵਿੱਚ ਇਹ ਸਭ ਕਰਨ ਲਈ ਇੱਕ ਤਰ੍ਹਾਂ ਦਾ ਸੰਘਰਸ਼ ਕਰਨਾ ਪੈਂਦਾ ਹੈ। ਇਸ ਲਈ ਬੱਚਿਆਂ 'ਤੇ ਇਸ ਦਾ ਜ਼ਬਰਦਸਤ ਦਬਾਅ ਰਹਿੰਦਾ ਹੈ। ਅਸਲ ਵਿੱਚ ਇਹ ਸਾਰੀਆਂ ਵਸਤਾਂ ਬਗੈਰ ਰੋਕ-ਟੋਕ ਦੇ ਬੱਚਿਆਂ ਕੋਲ ਪਹੁੰਚਦੀਆਂ ਰਹਿੰਦੀਆਂ ਹਨ। ਉਤਪਾਦਾਂ ਦੇ ਸੁਪਨੇ ਵਾਂਗ ਕੀਤੀਆਂ ਮਾਰਕੀਟਿੰਗ ਸ਼ੈਲੀਆਂ ਬੱਚੇ ਨੂੰ ਇਸ ਤਰ੍ਹਾਂ ਮੋਹ ਲੈਂਦੀਆਂ ਹਨ ਕਿ ਮਾਪਿਆਂ ਦਾ ਕੁੱਝ ਵੀ ਕਿਹਾ ਉਸ ਨੂੰ ਨਹੀਂ ਸੁਣਦਾ। ਇਸ ਲਈ ਅੱਜ ਦੇ ਚੱਲ ਰਹੇ ਇਸ ਦੌਰ ਵਿੱਚ ਕਿਸੇ ਵੀ ਮਾਂ-ਪਿਓ ਲਈ ਆਪਣੇ ਬੱਚੇ ਨੂੰ ਸਮਝ ਪਾਉਣਾ ਔਖਾ ਹੈ। ਖਾਸ ਕਰਕੇ ਉਨ੍ਹਾਂ ਲਈ ਜਿਨ੍ਹਾਂ ਦੇ ਬੱਚੇ ਇੰਟਰਨੈੱਟ ਦੀ ਦੁਨੀਆਂ ਵਿੱਚ ਰਾਤ ਲੰਘਾਉਂਦੇ ਤੇ ਵਿਗਿਆਪਨਾਂ ਦੀ ਦੁਨੀਆਂ ਵਿੱਚ ਦਿਨ ਬਿਤਾਉਂਦੇ ਹਨ ਅਤੇ ਇਸ ਲਈ ਇਸ ਹਾਲ ਵਿੱਚ ਬੱਚੇ ਵੀ ਸੱਚ ਨਹੀਂ ਸਮਝ ਪਾਉਂਦੇ ਕਿਉਂਕਿ ਉਨ੍ਹਾਂ ਨੇ ਜਨਮ ਹੀ ਅਜਿਹੀ ਦੁਨੀਆਂ ਵਿੱਚ ਲਿਆ ਹੈ। ਮਸਲਨ, ਇਮਾਨਦਾਰੀ ਚੰਗੀ ਚੀਜ਼ ਹੈ। ਇਹ ਪਾਠ ਬੱਚੇ ਨੂੰ ਸਮਝ ਹੀ ਨਹੀਂ ਆ ਸਕਦਾ, ਕਿਉਂਕ ਉਸ ਦੇ ਆਸ-ਪਾਸ ਬੋਲਚਾਲ ਹੀ ਝੂਠ-ਫਰੇਬ ਦਾ ਹੈ ਤੇ ਇਸੇ ਨੂੰ ਉਹ ਸੱਚ ਸਮਝ ਰਿਹਾ ਹੈ। ਉਸ ਨੂੰ ਪਤਾ ਹੀ ਨਹੀਂ ਕਿ ਸੱਚ ਕੀ ਹੈ ? ਉਸ ਲਈ ਇਹੀ ਸੱਚ ਹੈ। ਮੀਡੀਆ ਦੀ ਹਰ ਘੜੀ ਦੀ ਮੌਜੂਦਗੀ ਤੇ ਉਸ ਦੇ ਆਸਰੇ ਮਲਟੀਨੈਸ਼ਨਲ ਕੰਪਨੀਆਂ ਵੱਲੋਂ ਪਰੋਸੇ ਗਏ ਭੌਤਿਕ ਸੁੱਖਾਂ ਦੀ ਨਾ ਮਿਲਣ ਵਾਲੀ ਭੁੱਖ ਵਿੱਚ ਬੱਚਾ ਬੇਚੈਨ ਹੈ।

ਸੱਚ ਤਾਂ ਇਹ ਹੈ ਕਿ ਬੱਚੇ ਨੂੰ ਸਿਰਫ਼ ਸਕੂਲ ਦੀ ਰਾਹ ਦੇਣਾ ਤੇ ਲੋੜੀਂਦੀਆਂ ਚੀਜ਼ਾ ਖਰੀਦ ਕੇ ਅੰਬਾਰ ਲਾ ਦੇਣਾ ਹੀ ਕਾਫ਼ੀ ਨਹੀਂ ਹੈ ਉਸ ਨੂੰ ਇਸ ਤੋਂ ਵੀ ਵੱਧ ਕਿਤੇ ਲੋੜ ਹੈ ਮਾਂ-ਪਿਓ ਅਤੇ ਪਰਿਵਾਰ ਦੇ ਦੂਸਰੇ ਮੈਂਬਰਾਂ ਦੇ ਪਿਆਰ ਭਰੇ ਦੋ ਲਫ਼ਜ਼ਾਂ ਤੇ ਅਸੀਸਾਂ ਦੀ। ਇਸ ਭੱਜ-ਦੌੜ ਤੇ ਰੁਝੇਵਿਆਂ ਕਾਰਨ ਮਾਂ-ਪਿਓ ਆਪਣੇ ਬੱਚਿਆਂ ਦੇ ਨਾਲ ਮਿਲ ਬੈਠ ਕੇ ਦੋ ਪਲ ਵੀ ਗੁਜ਼ਾਰ ਨਹੀਂ ਪਾਉਂਦੇ। ਉਨ੍ਹਾਂ ਕੋਲ ਇਨਾ ਸਮਾਂ ਹੀ ਨਹੀਂ ਹੈ ਕਿ ਉਹ ਪਿਆਰ ਭਰੀ ਛੋਹ ਤੇ ਲਾਡ ਨਾਲ ਬੱਚਿਆਂ ਨੂੰ ਆਪਣੇਪਣ ਨਾਲ ਨਿਹਾਲ ਕਰ ਸਕਦਾ। ਇਸ ਹਾਲਤ ਵਿੱਚ ਬੱਚੇ ਮਾਨਸਿਕ ਤੌਰ 'ਤੇ ਲਗਾਅ ਤੋਂ ਵਾਂਝੇ ਰਹਿ ਜਾਂਦੇ ਹਨ। ਤੇ ਇਕੱਲਾ ਜਿਹਾ ਮਹਿਸੂਸ ਕਰਦੇ ਹਨ। ਚੰਗਾ ਤਾਂ ਇਹੀ ਹੈ ਕਿ ਬੱਚੇ ਨੂੰ ਪ੍ਰੇਰਣਾ ਮਈ ਤੇ ਅਨੁਕੂਲ ਮਾਹੌਲ ਦਿਓ। ਉਸ ਦੇ ਸਾਹਮਣੇ ਜ਼ਿੰਦਗੀ ਦੀ ਸਹੀ ਤਸਵੀਰ ਰੱਖੋ। ਉਸ ਦੇ ਸਹੀ ਭਵਿੱਖ ਤੇ ਉਸ ਨੂੰ ਕੁੱਝ ਬਣਾਉਣ ਲਈ ਸਹੀ ਆਦਰਸ਼ਾਂ 'ਤੇ ਚੱਲਣਾ ਸਿਖਾਓ। ਇਸ ਤਰ੍ਹਾਂ ਹੀ ਬੱਚੇ ਦਾ ਕੱਲ੍ਹ ਰੌਸ਼ਨ ਤੇ ਜ਼ਿੰਦਗੀ ਖ਼ੁਸ਼ਹਾਲ ਹੋਵੇਗੀ।

**ਪਤਾ : ਪਿੰਡ ਤੇ ਡਾਕ ਖੋਸਾ ਪਾਂਡੋ, (ਮੋਗਾ) – 142048**